ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 1 (ਅਰਥ ਵਿਗਿਆਨ) ਸਮੈਸਟਰ ਪਹਿਲਾ

ਪੇਪਰ : ਮਾਈਕਰੋ ਇਕਨਾਮਿਕਸ ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.

2.1 : ਪੂਰਣ ਮੁਕਾਬਲੇ ਵਿੱਚ ਕੀਮਤ ਨਿਰਧਾਰਣ

2.2 : ਏਕਾਧਿਕਾਰੀ ਦੀ ਸਥਿਤੀ ਵਿੱਚ ਕੀਮਤ ਨਿਰਧਾਰਣ

2.3 : ਵੰਡ ਅਤੇ ਵੰਡ ਦਾ ਸੀਮਾਂਤ ਉਤਪਾਦਕਤਾ ਸਿਧਾਂਤ

2.4 : ਲਗਾਨ ਦੇ ਸਿਧਾਂਤ

2.5 : ਵਿਆਜ ਦੇ ਸਿਧਾਂਤ

2.6 : ਲਾਭ ਦੇ ਸਿਧਾਂਤ

Website : www.pbidde.org

ਪਾਠ ਨੰ : 2.1 ਲੇਖਿਕਾ : ਡਾ. ਹਰਵਿੰਦਰ ਕੌਰ

ਪੂਰਣ ਮੁਕਾਬਲੇ ਦੀ ਸਥਿਤੀ ਵਿੱਚ ਕੀਮਤ ਨਿਰਧਾਰਣ
(Price Determination under Perfect Competition)

2.1.1 ਉਦੇਸ਼
2.1.2 ਭੂਮਿਕਾ
2.1.3 ਪੂਰਣ ਮੁਕਾਬਲੇ ਦੀ ਸਥਿਤੀ ਵਿੱਚ ਕੀਮਤ ਨਿਰਧਾਰਣ
2.1.3.1 ਪੂਰਣ ਮੁਕਾਬਲੇ ਦਾ ਅਰਥ
2.1.3.2 ਪੂਰਣ ਮੁਕਾਬਲੇ ਦੀਆਂ ਵਿਸ਼ੇਸ਼ਤਾਵਾਂ
2.1.3.3 ਪੂਰਣ ਮੁਕਾਬਲੇ ਅਤੇ ਸ਼ੁਧ ਮੁਕਾਬਲੇ ਵਿੱਚ ਅੰਤਰ
2.1.3.4 ਫ਼ਰਮ ਦਾ ਸੰਤੁਲਨ/ਸਮਤੋਲ
2.1.3.4.1 ਫ਼ਰਮ ਦਾ ਥੋੜ੍ਹੇ ਸਮੇਂ ਦਾ ਸੰਤੁਲਨ
2.1.3.4.2 ਫ਼ਰਮ ਦਾ ਲੰਬੇ ਸਮੇਂ ਦਾ ਸੰਤੁਲਨ
2.1.3.5 ਉਦਯੋਗ ਦਾ ਸੰਤੁਲਨ –
2.1.3.5.1 ਉਦਯੋਗ ਦਾ ਥੋੜ੍ਹੇ ਸਮੇਂ ਦਾ ਸੰਤੁਲਨ
2.1.3.5.2 ਉਦਯੋਗ ਦਾ ਲੰਬੇ ਸਮੇਂ ਦਾ ਸੰਤੁਲਨ
2.1.3.5.3 ਵੱਖ ਵੱਖ ਲਾਗਤਾਂ ਦੀ ਹਾਲਤ ਵਿੱਚ ਉਦਯੋਗ ਦਾ ਸੰਤੁਲਨ
2.1.4 ਸਾਰਾਂਸ਼
2.1.5 ਤਕਨੀਕੀ ਸ਼ਬਦਾਵਲੀ
2.1.6 ਸੁਝਾਏ ਪ੍ਰਸ਼ਨ
2.1.7 ਸੁਝਾਈਆਂ ਪੁਸਤਕਾਂ

2.1.1 ਉਦੇਸ਼

ਇਸ ਪਾਠ ਦੇ ਉਦੇਸ਼ ਹਨ :

1. ਪੂਰਣ ਮੁਕਾਬਲੇ ਦੇ ਅਰਥ ਅਤੇ ਇਸ ਦੀ ਸਥਾਪਨਾ ਲਈ ਲੋੜੀਂਦੀਆਂ ਸ਼ਰਤਾਂ ਦੀ ਜਾਣਕਾਰੀ ਦੇਣਾ।
2. ਪੂਰਣ ਮੁਕਾਬਲੇ ਅਧੀਨ ਫ਼ਰਮ ਥੋੜ੍ਹੇ ਸਮੇਂ ਵਿੱਚ ਅਤੇ ਲੰਬੇ ਸਮੇਂ ਵਿੱਚ ਸੰਤੁਲਨ ਕਿਸ ਤਰ੍ਹਾਂ ਪ੍ਰਾਪਤ ਕਰਦੀ ਹੈ, ਕੀਮਤ ਅਤੇ ਉਤਪਾਦਨ ਕਿਸ ਤਰ੍ਹਾਂ ਨਿਰਧਾਰਤ ਹੁੰਦੇ ਹਨ-ਬਾਰੇ ਤੁਹਾਨੂੰ ਜਾਣੂ ਕਰਵਾਉਣਾ।
3. ਇਸ ਮੰਡੀ ਹਾਲਤ ਵਿੱਚ ਉਦਯੋਗ ਦੇ ਸੰਤੁਲਨ ਅਤੇ ਵੱਖ ਵੱਖ ਲਾਗਤ ਹਾਲਤਾਂ ਅਧੀਨ ਉਦਯੋਗ ਦੇ ਸੰਤੁਲਨ ਬਾਰੇ ਵਿਆਖਿਆ ਕਰਨਾ।

2.1.2 ਭੂਮਿਕਾ

ਅਰਥ ਸ਼ਾਸਤਰ ਵਿੱਚ ਬਾਜ਼ਾਰ ਜਾਂ ਮੰਡੀ ਸ਼ਬਦ ਦੀ ਵਰਤੋਂ ਉਹਨਾਂ ਵਪਾਰਕ ਹਾਲਤਾਂ ਲਈ ਕੀਤੀ ਜਾਂਦੀ ਹੈ ਜਿਨ੍ਹਾਂ ਦੇ ਅਧੀਨ ਕਿਸੇ ਵਸਤੂ ਦੀ ਖਰੀਦ-ਵੇਚ ਹੁੰਦੀ ਹੈ। ਜਦੋਂ ਵੀ ਤੁਸੀਂ ਕੋਈ ਵਸਤੂ ਖਰੀਦਦੇ ਹੋ ਤਾਂ ਕੀ ਤੁਸੀਂ ਕਦੇ ਧਿਆਨ ਦਿੱਤਾ ਹੈ ਕਿ ਉਸ ਵਸਤੂ ਦੀ ਮੰਡੀ ਪੂਰਣ ਮੁਕਾਬਲੇ ਵਾਲੀ ਹੈ ਜਾਂ ਅਪੂਰਣ ਮੁਕਾਬਲੇ ਵਾਲੀ। ਇਹਨਾਂ ਮੰਡੀਆਂ ਵਿੱਚ ਕੀਮਤ ਨਿਰਧਾਰਣ ਦਾ ਢੰਗ ਵੱਖੋ-ਵੱਖਰਾ ਹੁੰਦਾ ਹੈ। ਇਸ ਪਾਠ ਵਿੱਚ ਤੁਸੀਂ ਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਕੀਮਤ ਨਿਰਧਾਰਣ ਕਿਸ ਤਰ੍ਹਾਂ ਹੁੰਦਾ ਹੈ – ਬਾਰੇ ਅਧਿਐਨ ਕਰੋਗੇ। ਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਖ਼ਰੀਦਾਰਾਂ ਵਿੱਚ ਖਰੀਦਣ ਲਈ ਅਤੇ ਵਿਕਰੇਤਾਵਾਂ ਵਿੱਚ ਵਸਤੂ ਨੂੰ ਵੇਚਣ ਲਈ ਆਪਸੀ ਮੁਕਾਬਲਾ ਹੁੰਦਾ ਹੈ। ਮੰਡੀ ਦੀ ਅਜਿਹੀ ਹਾਲਤ ਵਿੱਚ ਖ਼ਰੀਦਾਰਾਂ ਦੀ ਗਿਣਤੀ ਤਾਂ ਵਧੇਰੇ ਹੁੰਦੀ ਹੈ ਪ੍ਰੰਤੂ ਵਿਕਰੇਤਾਵਾਂ ਦੀ ਗਿਣਤੀ ਵੀ ਵਧੇਰੇ ਹੁੰਦੀ ਹੈ। ਜਿਥੇ ਵਸਤੂ ਇੱਕ

ਸਮਾਨ ਹੁੰਦੀ ਹੈ ਉਥੇ ਵਸਤੂ ਦੀ ਕੀਮਤ ਵੀ ਇੱਕ ਹੀ ਹੁੰਦੀ ਹੈ। ਸੋ ਨਾਂ ਤਾਂ ਕੋਈ ਇੱਕਲੀ ਫ਼ਰਮ ਵਸਤੂ ਦੀ ਕੀਮਤ ਨੂੰ ਪ੍ਰਭਾਵਿਤ ਕਰ ਸਕਦੀ ਹੈ ਤੇ ਨਾਂ ਹੀ ਕੋਈ ਉਪਭੋਗੀ ਵਸਤੂ ਦੀ ਕੀਮਤ ਨੂੰ ਪ੍ਰਭਾਵਿਤ ਕਰ ਸਕਦਾ ਹੈ। ਸੋ ਇਸ ਪਾਠ ਵਿੱਚ ਤੁਸੀਂ ਪੜ੍ਹੋਗੇ ਕਿ ਪੂਰਣ ਮੁਕਾਬਲੇ ਅਧੀਨ ਫ਼ਰਮ ਜਾਂ ਸਮੁੱਚਾ ਉਦਯੋਗ ਸੰਤੁਲਨ ਦੀ ਹਾਲਤ (equilibrium position) ਕਿਸ ਤਰ੍ਹਾਂ ਪ੍ਰਾਪਤ ਕਰ ਸਕਦਾ ਹੈ ਅਤੇ ਵਸਤੂ ਦੀ ਕੀਮਤ ਕਿਸ ਤਰ੍ਹਾਂ ਨਿਰਧਾਰਿਤ ਹੁੰਦੀ ਹੈ।

2.1.3 ਪੂਰਣ ਮੁਕਾਬਲੇ ਦੀ ਸਥਿਤੀ ਵਿਚ ਕੀਮਤ ਨਿਰਧਾਰਨ (Price Determination under Perfect Competition)

ਪੂਰਣ ਮੁਕਾਬਲੇ ਦੀ ਸਥਿਤੀ ਵਿੱਚ ਕੀਮਤ ਨਿਰਧਾਰਣ ਬਾਰੇ ਵਿਸਤਾਰ ਵਿੱਚ ਦੱਸਣ ਤੋਂ ਪਹਿਲਾਂ ਆਓ ਤੁਹਾਨੂੰ ਪੂਰਣ ਮੁਕਾਬਲੇ ਦੇ ਅਰਥ ਤੋਂ ਜਾਣੂ ਕਰਵਾਈਏ।

2.1.3.1 ਪੂਰਣ ਮੁਕਾਬਲੇ ਦਾ ਅਰਥ (Meaning of Perfect Competition) :

ਜਦੋਂ ਕਿਸੇ ਇਕ ਸਮਾਨ ਵਸਤੂ ਦੀ ਮੰਡੀ ਲਈ ਵੱਡੀ ਗਿਣਤੀ ਵਿੱਚ ਗੈਰ ਸੰਗਠਿਤ ਖ਼ਰੀਦਾਰ ਅਤੇ ਵਿਕਰੇਤਾ ਵਸਤੂ ਦੀ ਖਰੀਦ ਅਤੇ ਵੇਚ ਲਈ ਆਪਸ ਵਿੱਚ ਮੁਕਾਬਲਾ ਕਰਦੇ ਹਨ ਅਤੇ ਵਸਤੂ ਦੀ ਮੰਡੀ ਕੀਮਤ ਨੂੰ ਵਿਅਕਤੀਗਤ ਤੌਰ ਤੇ ਪ੍ਰਭਾਵਿਤ ਨਹੀਂ ਕਰ ਸਕਦੇ ਤਾਂ ਅਜਿਹੀ ਮੰਡੀ ਨੂੰ ਪੂਰਣ ਮੁਕਾਬਲੇ ਵਾਲੀ ਮੰਡੀ ਆਖ ਸਕਦੇ ਹਾਂ। ਪੂਰਣ ਮੁਕਾਬਲੇ ਦੀ ਸਥਿਤੀ ਵਿੱਚ ਬਾਜ਼ਾਰ ਸ਼ਕਤੀਆਂ (market forces) ਭਾਵ ਵਸਤੂ ਦੀ ਮੰਗ ਅਤੇ ਪੂਰਤੀ ਉਸ ਵਸਤੂ ਦੀ ਕੀਮਤ ਨੂੰ ਨਿਰਧਾਰਤ ਕਰਦੀਆਂ ਹਨ। ਪੂਰਣ ਮੁਕਾਬਲਾ ਅਜਿਹੀ ਮੰਡੀ ਹਾਲਤ ਹੈ ਜਿਸ ਵਿੱਚ ਨਾ ਕੋਈ ਵਿਕਰੇਤਾ ਅਤੇ ਨਾ ਹੀ ਕੋਈ ਖ਼ਰੀਦਾਰ ਆਪਣੇ ਵਿਕਰੀ ਜਾਂ ਖਰੀਦ ਦੇ ਵਰਤਾਓ ਨਾਲ ਵਸਤੂ ਦੀ ਕੀਮਤ ਨੂੰ ਪ੍ਰਭਾਵਿਤ ਕਰ ਸਕਦਾ ਹੈ ਸੋ ਹਰੇਕ ਖ਼ਰੀਦਾਰ ਨੂੰ ਪੂਰਣ ਲਚਕਦਾਰ ਪੂਰਤੀ ਅਤੇ ਹਰੇਕ ਵਿਕਰੇਤਾ ਨੂੰ ਪੂਰਣ ਲਚਕਦਾਰ ਮੰਗ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜਾਨ ਰਾਬਿਨਸਨ ਦੇ ਸ਼ਬਦਾਂ ਵਿੱਚ ''ਪੂਰਣ ਮੁਕਾਬਲਾ ਉਦੋਂ ਹੁੰਦਾ ਹੈ ਜਦੋਂ ਹਰੇਕ ਉਤਪਾਦਕ ਦੀ ਪੈਦਾਵਾਰ ਲਈ ਮੰਗ ਪੂਰਣ ਲਚਕਦਾਰ ਹੋਵੇ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਵਿਕਰੇਤਾਵਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ ਅਤੇ ਉਸ ਵਸਤੂ ਦੀ ਕੁਲ ਪੈਦਾਵਾਰ ਵਿੱਚ ਇੱਕ ਵਿਕਰੇਤਾ ਦੀ ਪੈਦਾਵਾਰ ਦਾ ਹਿੱਸਾ ਨਾਂ-ਮਾਤਰ ਹੁੰਦਾ ਹੈ ਅਤੇ ਦੂਜਾ ਖ਼ਰੀਦਾਰ ਵੀ ਆਪਣੀ ਚੋਣ ਦੇ ਪੱਖੋ ਇੱਕੋ ਜਿਹੇ ਹੁੰਦੇ ਹਨ।''

ਭਾਵੇਂ ਜਾਨ ਰੋਬਿਨਸਨ ਦੀ ਪ੍ਰੀਭਾਸ਼ਾ ਪੂਰਣ ਮੁਕਾਬਲੇ ਦੀਆਂ ਸਾਰੀਆਂ ਵਿਸ਼ੇਸ਼ਤਾਈਆਂ ਨੂੰ ਉਜਾਗਰ ਨਹੀਂ ਕਰਦੀ, ਫਿਰ ਵੀ ਇਸ ਸਪਸ਼ਟਤਾ ਕਾਰਣ ਇਸ ਨੂੰ ਵਧੀਆ ਮੰਨਿਆ ਜਾਂਦਾ ਹੈ। ਆਓ ਹੁਣ ਤੁਹਾਨੂੰ ਦੱਸੀਏ ਕਿ ਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਕਿਹੋ ਜਿਹੀਆਂ ਹਾਲਤਾਂ ਪਾਈਆਂ ਜਾਂਦੀਆਂ ਹਨ।

2.1.3.2 ਪੂਰਣ ਮੁਕਾਬਲੇ ਦੀਆਂ ਵਿਸ਼ੇਸ਼ਤਾਵਾਂ (Characteristics of Perfect Competition) :

ਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ :

(1) ਖ਼ਰੀਦਾਰ ਅਤੇ ਵਿਕਰੇਤਾਵਾਂ ਦੀ ਭਾਰੀ ਗਿਣਤੀ (Large number of buyers and sellers)

(2) ਇੱਕ ਸਮਾਨ/ਸਮਰੂਪ ਵਸਤੂ (Homogeneous Product)

(3) ਮੰਡੀ ਵਿੱਚ ਪ੍ਰਚਲਿਤ ਕੀਮਤ ਦੀ ਪੂਰੀ ਜਾਣਕਾਰੀ (Perfect knowledge about the prevailing market price)

(4) ਉਦਯੋਗ ਵਿੱਚ ਫ਼ਰਮਾਂ ਦੇ ਪ੍ਰਵੇਸ਼ ਅਤੇ ਛੱਡਣ ਦੀ ਖੁੱਲ (Freedom of entry and exit of firms from the industry)

(5) ਉਤਪਾਦਨ ਦੇ ਸਾਧਨਾਂ ਵਿੱਚ ਪੂਰਨ ਗਤੀਸ਼ੀਲਤਾ (Perfect mobility of factors of production)

(6) ਆਵਾਜਾਈ ਲਾਗਤਾਂ ਅਤੇ ਵਿਕਰੀ ਲਾਗਤਾਂ ਦੀ ਅਣਹੋਂਦ (Absence of transport costs and selling costs).

ਆਉ ਹੁਣ ਇਹਨਾਂ ਵਿਸ਼ੇਸ਼ਤਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕਰੀਏ :

(1) ਖ਼ਰੀਦਾਰਾਂ ਅਤੇ ਵਿਕਰੇਤਾਵਾਂ ਦੀ ਬੇਸੁਮਾਰ (ਜ਼ਿਆਦਾ) :

ਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਖ਼ਰੀਦਾਰਾਂ ਅਤੇ ਵਿਕਰੇਤਾਵਾਂ ਦੀ ਬਹੁਤ ਵੱਡੀ ਗਿਣਤੀ ਹੁੰਦੀ ਹੈ।ਹਰੇਕ ਵਿਕਰੇਤਾ ਦਾ ਕੁੱਲ ਵਿਕਰੀ ਦੇ ਵਿੱਚ ਬਹੁਤ ਥੋੜ੍ਹਾ ਹਿੱਸਾ ਹੁੰਦਾ ਹੈ। ਇਸ ਕਾਰਣ ਇਹਨਾਂ ਵਿੱਚੋਂ ਕੋਈ ਵੀ ਮੰਡੀ ਵਿੱਚ

ਕੀਮਤ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ। ਪੂਰਣ ਮੁਕਾਬਲੇ ਅਧੀਨ ਫ਼ਰਮ ਦੀ ਸਥਿਤੀ ਕੀਮਤ ਅਪਨਾਉਣ ਵਾਲੀ ਅਤੇ ਮਾਤਰਾ ਵਿਵਸਥਿਤ ਕਰਨ (price taker and quantity adjuster) ਵਾਲੀ ਹੁੰਦੀ ਹੈ। ਫ਼ਰਮ ਦੀਆਂ ਕ੍ਰਿਆਵਾਂ ਉਦਯੋਗ ਦੇ ਨਿਯੰਤਰਣ ਅਧੀਨ ਹੁੰਦੀਆਂ ਹਨ। ਬਾਜ਼ਾਰ ਸ਼ਕਤੀਆਂ ਵੱਲੋਂ ਜਿਹੜੀ ਵੀ ਕੀਮਤ ਨਿਰਧਾਰਤ ਹੁੰਦੀ ਹੈ ਫਰਮ ਨੂੰ ਉਸੇ ਨੂੰ ਹੀ ਅਪਨਾਉਣਾ ਪੈਂਦਾ ਹੈ। ਦੂਜੇ ਪਾਸੇ ਖ਼ਰੀਦਾਰ ਵੀ ਵਿਕਰੇਤਾ ਨਾਲ ਕੀਮਤ ਬਾਰੇ ਸੌਦੇ ਬਾਜ਼ੀ ਨਹੀਂ ਕਰ ਸਕਦੇ। ਉਹ ਵੀ ਕੀਮਤ ਅਪਨਾਉਣ ਵਾਲੇ ਹੀ ਹੁੰਦੇ ਹਨ।

(2) ਸਮਰੂਪ ਵਸਤੂ :

ਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਸਾਰੀਆਂ ਫ਼ਰਮਾਂ ਵੱਲੋਂ ਇੱਕੋ ਜਿਹੀ ਵਸਤੂ ਦੀ ਵਿਕਰੀ ਕੀਤੀ ਜਾਂਦੀ ਹੈ। ਵਸਤੂ ਦੇ ਬ੍ਰਾਂਡ ਨਾਮ, ਰੰਗ, ਡਿਜ਼ਾਇਨ, ਕੀਮਤ, ਆਕਾਰ, ਸਵਾਦ ਆਦਿ ਵਿੱਚ ਕਿਸੇ ਤਰ੍ਹਾਂ ਦਾ ਅੰਤਰ ਨਹੀਂ ਹੁੰਦਾ। ਭਾਵ ਵਸਤੂ ਦੀਆਂ ਸਾਰੀਆਂ ਇਕਾਈਆਂ ਹਰ ਪੱਖ ਤੋਂ ਇੱਕ ਸਮਾਨ ਹੁੰਦੀਆਂ ਹਨ। ਵਸਤੂ ਵਿੱਚ ਸਮਰੂਪਤਾ ਹੋਣ ਕਾਰਣ ਇੱਕ ਵਿਕਰੇਤਾ ਦੀ ਵਸਤੂ ਦੂਜੇ ਵਿਕਰੇਤਾ ਦੀ ਵਸਤੂ ਦਾ ਪੂਰਣ ਪ੍ਰਤੀਸਥਾਪਕ (perfect substitute) ਹੁੰਦੀ ਹੈ। ਵਸਤੂ ਦੀ ਸਮਰੂਪਤਾ ਦੇ ਕਾਰਣ ਵੀ ਮੰਡੀ ਵਿੱਚ ਵਸਤੂ ਦੀ ਇੱਕੋ ਕੀਮਤ ਪ੍ਰਚਲਤ ਹੋਵੇਗੀ। ਇਸ ਵਿਸ਼ੇਸ਼ਤਾਈ ਕਾਰਣ ਕਿਸੇ ਵੀ ਵਿਕਰੇਤਾ ਦੀ ਵਸਤੂ ਲਈ ਮੰਗ ਦੀ ਲਚਕ ਅਸੀਮ ਲਚਕਦਾਰ (infinitely elastic) ਹੋਵੇਗੀ। ਨਤੀਜੇ ਵਜੋਂ ਇੱਕ ਵਿਕਰੇਤਾ ਦੀ ਸਥਿਤੀ ਕੇਵਲ ਕੀਮਤ ਅਪਨਾਉਣ ਵਾਲੀ ਹੋਵੇਗੀ।

(3) ਮੰਡੀ ਵਿੱਚ ਪ੍ਰਚਲਤ ਕੀਮਤ ਦੀ ਪੂਰੀ ਜਾਣਕਾਰੀ :

ਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਵਿਕਰੇਤਾਵਾਂ ਤੇ ਖ਼ਰੀਦਾਰਾਂ ਨੂੰ ਮੰਡੀ ਬਾਰੇ ਪੂਰੀ ਜਾਣਕਾਰੀ ਹੋਣਾ ਲਾਜ਼ਮੀ ਹੈ। ਭਾਵ ਜੇ ਵੇਚਣ ਵਾਲਿਆਂ ਅਤੇ ਖ਼ਰੀਦਾਰਾਂ ਨੂੰ ਮੰਡੀ ਵਿੱਚ ਵਸਤੂ ਦੀ ਕੀਮਤ ਬਾਰੇ ਪੂਰੀ ਜਾਣਕਾਰੀ ਨਹੀਂ ਤਾਂ ਇੱਕ ਥਾਂ ਤੇ ਵਿਕਰੇਤਾ ਉਸੇ ਵਸਤੂ ਦੀ ਵਧੇਰੇ ਕੀਮਤ ਹਾਸਲ ਕਰ ਸਕਦਾ ਹੈ ਜਦੋਂ ਕਿ ਬਾਕੀ ਥਾਵਾਂ ਤੇ ਵਸਤੂ ਦੀ ਅਸਲ ਵਿੱਚ ਕੀਮਤ ਘੱਟ ਹੋਵੇਗੀ। ਇਸ ਤਰ੍ਹਾਂ ਮੰਡੀ ਵਿੱਚ ਇੱਕ ਤੋਂ ਵਧੇਰੇ ਕੀਮਤਾਂ ਪ੍ਰਚਲਿਤ ਹੋ ਜਾਣਗੀਆਂ। ਉਦਾਹਰਣ ਵਜੋਂ ਜੇ ਮੰਡੀ ਦੇ ਇੱਕ ਭਾਗ ਵਿੱਚ ਬੇਕਮੈਨਸ ਬਰੈਡ ਦੀ ਕੀਮਤ 12 ਰੁਪਏ ਉਗਰਾਹੀ ਜਾ ਰਹੀ ਹੋਵੇ ਅਤੇ ਹੋਰ ਭਾਗਾਂ ਵਿੱਚ 10 ਰੁਪਏ। ਅਜਿਹਾ ਉਸ ਸਮੇਂ ਤੱਕ ਚੱਲੇਗਾ ਜਦੋਂ ਤੱਕ ਖਰੀਦਣ ਵਾਲੇ ਨੂੰ ਮੰਡੀ ਕੀਮਤ ਦਾ ਗਿਆਨ ਨਹੀਂ ਹੁੰਦਾ।

(4) ਉਦਯੋਗ ਵਿੱਚ ਫ਼ਰਮਾਂ ਦੇ ਪ੍ਰਵੇਸ਼ ਅਤੇ ਛੱਡਣ ਦੀ ਖੁੱਲ੍ਹ :

ਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਲੰਬੇ ਸਮੇਂ ਵਿੱਚ ਨਵੀਆਂ ਫ਼ਰਮਾਂ ਉਦਯੋਗ ਵਿੱਚ ਦਾਖਲ ਹੋ ਸਕਦੀਆਂ ਹਨ ਅਤੇ ਪੁਰਾਣੀਆਂ ਫ਼ਰਮਾਂ ਉਦਯੋਗ ਨੂੰ ਛੱਡ ਕੇ ਵੀ ਜਾ ਸਕਦੀਆਂ ਹਨ। ਭਾਵ ਜੇਕਰ ਥੋੜ੍ਹੇ ਸਮੇਂ ਵਿੱਚ ਮੌਜੂਦਾ ਫ਼ਰਮਾਂ ਅਸਾਧਾਰਨ ਲਾਭ/ਮੁਨਾਫ਼ਾ (Super Normal Profit) ਕਮਾ ਰਹੀਆਂ ਹੋਣ ਤਾਂ ਨਵੀਆਂ ਫ਼ਰਮਾਂ ਉਦਯੋਗ ਵਿੱਚ ਸ਼ਾਮਲ ਹੋ ਸਕਦੀਆਂ ਹਨ ਜਿਸ ਨਾਲ ਲੰਬੇ ਸਮੇਂ ਵਿੱਚ ਅਸਾਧਾਰਨ ਮੁਨਾਫ਼ਾ ਖਤਮ ਹੋ ਜਾਵੇਗਾ। ਇਸ ਦੇ ਉਲਟ ਜੇ ਕਰ ਥੋੜ੍ਹੇ ਸਮੇਂ ਵਿੱਚ ਮੌਜੂਦਾ ਫਰਮਾਂ ਨੂੰ ਹਾਨੀ (Losses) ਹੋ ਰਹੀ ਹੋਵੇ ਤਾਂ ਲੰਬੇ ਸਮੇਂ ਵਿੱਚ ਕੁਝ ਫਰਮਾਂ ਉਦਯੋਗ ਨੂੰ ਛੱਡ ਕੇ ਚਲੀਆਂ ਜਾਣਗੀਆਂ। ਇਸ ਤਰ੍ਹਾਂ ਲੰਬੇ ਸਮੇਂ ਵਿੱਚ ਹਰੇਕ ਫਰਮ ਸਾਧਾਰਨ ਲਾਭ (Normal Profit) ਹੀ ਕਮਾ ਸਕੇਗੀ।

(5) ਉਤਪਾਦਨ ਦੇ ਸਾਧਨਾਂ ਵਿੱਚ ਪੂਰਣ ਗਤੀਸ਼ੀਲਤਾ :

ਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਉਤਪਾਦਨ ਦੇ ਸਾਧਨਾਂ ਭਾਵ ਭੂਮੀ, ਕਿਰਤ, ਪੂੰਜੀ, ਅਤੇ ਉੱਦਮੀ ਸਾਰੀ ਅਰਥ ਵਿਵਸਥਾ ਵਿੱਚ ਇੱਕ ਫ਼ਰਮ ਤੋਂ ਦੂਜੀ ਫ਼ਰਮ ਵੱਲ ਬੇ-ਰੋਕਟੋਕ ਜਾ ਸਕਦੇ ਹਨ। ਇਸ ਸੁਤੰਤਰ ਗਤੀਸ਼ੀਲਤਾ ਕਾਰਨ ਲੰਬੇ ਸਮੇਂ/ਦੀਰਘਕਾਲ ਵਿੱਚ ਮੰਗ ਅਤੇ ਪੂਰਤੀ ਦਾ ਸੰਤੁਲਨ ਬਣਿਆ ਰਹਿੰਦਾ ਹੈ।

(6) ਆਵਾਜਾਈ ਲਾਗਤਾਂ/ਢੁਆਈ ਖਰਚੇ ਅਤੇ ਵਿਕਰੀ ਲਾਗਤਾਂ ਦੀ ਅਣਹੋਂਦ :

ਪੂਰਣ ਮੁਕਾਬਲੇ ਦੀ ਹੋਂਦ ਵਿੱਚ ਢੋਆ-ਢੁਆਈ ਖਰਚ ਕੋਈ ਭੂਮਿਕਾ ਨਹੀਂ ਰੱਖਦਾ। ਵਸਤੂ ਦੀ ਕੀਮਤ ਸਾਰੀ ਮੰਡੀ ਵਿੱਚ ਇੱਕ ਤਾਂ ਹੀ ਹੋ ਸਕਦੀ ਹੈ ਜੇਕਰ ਉਸ ਵਿੱਚ ਢੁਆਈ ਲਾਗਤ ਨੂੰ ਸ਼ਾਮਲ ਨਾ ਕੀਤਾ ਜਾਵੇ। ਮੰਨ ਲਓ ਵਸਤੂ ਇਕ ਥਾਂ ਤੋਂ ਵਿਕਰੀ ਲਈ ਦੂਜੀ ਥਾਂ ਤੇ ਲਿਜਾਈ ਜਾਂਦੀ ਹੈ ਤਾਂ ਇਸ ਲਈ ਢੁਆਈ ਦਾ ਖਰਚਾ ਪੈਂਦਾ ਹੈ। ਜੇਕਰ ਇਸ ਖਰਚ ਨੂੰ ਕੀਮਤ ਵਿੱਚ ਸ਼ਾਮਲ ਕੀਤਾ ਜਾਵੇਗਾ ਤਾਂ ਇੱਕ ਹਿੱਸੇ ਵਿੱਚ ਵਸਤੂ ਦੀ ਕੀਮਤ ਵਧ ਜਾਵੇਗੀ।

ਇਸ ਤੋਂ ਇਲਾਵਾ ਇਸ ਮੰਡੀ ਵਿੱਚ ਵਸਤੂ ਤੇ ਕੋਈ ਵੀ ਵਿਕਰੀ ਲਾਗਤਾਂ ਨਹੀਂ ਕੀਤੀਆਂ ਜਾਂਦੀਆਂ ਭਾਵ ਇਸ਼ਤਿਹਾਰਬਾਜ਼ੀ ਤੇ ਕੋਈ ਖਰਚਾ ਨਹੀਂ ਕੀਤਾ ਜਾਂਦਾ।

ਹੁਣ ਤੱਕ ਤੁਸੀਂ ਪੂਰਣ ਮੁਕਾਬਲੇ ਦਾ ਅਰਥ ਅਤੇ ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਬਾਰੇ ਪੜ੍ਹ ਆਏ ਹੋ ਅਤੇ ਤੁਹਾਨੂੰ ਇਹ ਸਪੱਸ਼ਟ ਹੋ ਗਿਆ ਹੋਵੇਗਾ ਕਿ ਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਖ਼ਰੀਦਾਰ ਅਤੇ ਵਿਕਰੇਤਾ ਵੱਡੀ ਗਿਣਤੀ ਵਿੱਚ ਹੁੰਦੇ ਹਨ। ਇੱਕ ਸਮਾਨ ਵਸਤਾਂ ਦੀ ਕੀਮਤ ਮੰਡੀ ਤਾਕਤਾਂ ਅਨੁਸਾਰ ਉਦਯੋਗ ਵੱਲੋਂ ਨਿਰਧਾਰਿਤ ਕੀਤੀ ਜਾਂਦੀ ਹੈ ਅਤੇ ਫ਼ਰਮ ਨੂੰ ਉਸੇ ਕੀਮਤ ਨੂੰ ਸਵੀਕਾਰ ਕਰਨਾ ਪੈਂਦਾ ਹੈ। ਜੇਕਰ ਫ਼ਰਮਾਂ ਨੂੰ ਅਸਾਧਾਰਨ ਮੁਨਾਫਾ ਹੋ ਰਿਹਾ ਹੋਵੇ ਤਾਂ ਨਵੀਆਂ ਫਰਮਾਂ ਆਕਰਸ਼ਿਤ ਹੋ ਕੇ ਉਦਯੋਗ ਵਿੱਚ ਬੇ-ਰੋਕਟੋਕ ਸ਼ਾਮਿਲ ਹੋ ਸਕਦੀਆਂ ਹਨ ਅਤੇ ਇਸ ਦੇ ਉਲਟ ਜੇ ਨੁਕਸਾਨ ਹੋ ਰਹੇ ਹੋਣ ਤਾਂ ਮੌਜੂਦਾ ਫ਼ਰਮਾਂ ਉਦਯੋਗ ਨੂੰ ਛੱਡ ਕੇ ਵੀ ਜਾ ਸਕਦੀਆਂ ਹਨ। ਵਸਤੂ ਦੀ ਇੱਕੋ ਕੀਮਤ ਤਾਂ ਹੀ ਨਿਸ਼ਚਿਤ ਰਹਿ ਸਕਦੀ ਹੈ ਜੇਕਰ ਢੋ-ਢੁਆਈ ਲਾਗਤਾਂ ਅਤੇ ਵਿਕਰੀ ਲਾਗਤਾਂ ਕੀਮਤ ਵਿੱਚ ਸ਼ਾਮਿਲ ਨਾਂ ਕੀਤੀਆਂ ਜਾਣ।

ਸਵੈ-ਮੁਲਾਂਕਣ ਅਭਿਆਸ-1

ਕੀ ਤੁਸੀਂ ਕਿਸੇ ਵਸਤੂ ਦੀ ਪੂਰਣ ਮੁਕਾਬਲੇ ਵਾਲੀ ਮੰਡੀ ਅਸਲ ਵਿੱਚ ਦੇਖੀ ਹੈ? ਜੇ ਹਾਂ, ਤਾਂ ਸੋਚ ਕੇ ਲਿਖੋ ਕਿ ਕਿਹੜੀਆਂ ਵਸਤੂਆਂ ਦੀ ਖਰੀਦੋ ਫਰੋਖਤ ਪੂਰਣ ਮੁਕਾਬਲੇ ਦੀ ਮੰਡੀ ਅਨੁਸਾਰ ਹੁੰਦੀ ਹੈ।

ਪੂਰਣ ਮੁਕਾਬਲੇ ਵਾਲੀ ਮੰਡੀ ਹਾਲਤ ਨੂੰ ਕਈ ਵਾਰੀ ਅਵਾਸਤਵਿਕ ਹਾਲਤ ਵੀ ਕਿਹਾ ਜਾਂਦਾ ਹੈ। ਪ੍ਰੰਤੂ ਕਣਕ/ਦਾਣਾ ਮੰਡੀਆਂ ਵਿੱਚ ਪੂਰਣ ਮੁਕਾਬਲੇ ਦੀ ਹਾਲਤ ਦੇਖਣ ਨੂੰ ਮਿਲ ਜਾਂਦੀ ਹੈ। ਭਾਵ ਖੇਤੀਬਾੜੀ ਵਸਤਾਂ ਜਿਵੇਂ ਕਣਕ, ਚਾਵਲ, ਗੰਨੇ ਇਤਿਆਦਿ ਦੀਆਂ ਨਿਸ਼ਚਿਤ ਕਿਸਮਾਂ ਲਈ ਅਲੱਗ-ਅਲੱਗ ਮੰਡੀਆਂ ਹੁੰਦੀਆਂ ਹਨ।

ਆਓ ਹੁਣ ਤੁਹਾਨੂੰ ਪੂਰਣ ਮੁਕਾਬਲਾ ਅਤੇ ਸ਼ੁੱਧ ਮੁਕਾਬਲਾ ਦੀਆਂ ਧਾਰਨਾਵਾਂ ਵਿੱਚ ਭੇਦ ਕਰਨਾ ਦੱਸੀਏ

2.1.3.3 ਪੂਰਣ ਮੁਕਾਬਲੇ ਅਤੇ ਸ਼ੁੱਧ ਮੁਕਾਬਲੇ ਵਿੱਚ ਅੰਤਰ (Distinction between Perfect and Pure Competition) :

ਇਹਨਾਂ ਦੋਵਾਂ ਵਿੱਚ ਅੰਤਰ ਸਿਰਫ਼ ਡਿਗਰੀ ਦਾ ਹੈ। ਕਿਸੇ ਵਸਤੂ ਦੀ ਮੰਡੀ ਉਦੋਂ ਸ਼ੁੱਧ ਮੁਕਾਬਲੇ ਵਾਲੀ ਹੋਵੇ ਗੀ ਜਦੋਂ ਉਸ ਵਸਤੂ ਦੇ ਖ਼ਰੀਦਾਰਾਂ ਅਤੇ ਵਿਕਰੇਤਾਵਾਂ ਦੀ ਵੱਡੀ ਗਿਣਤੀ ਹੋਵੇ, ਹਰੇਕ ਵਿਕਰੇਤਾ ਦਾ ਉਤਪਾਦ ਇੱਕ ਸਮਾਨ ਹੋਵੇ ਅਤੇ ਫ਼ਰਮਾਂ ਦੇ ਉਦਯੋਗ ਵਿੱਚ ਆਉਣ ਅਤੇ ਬਾਹਰ ਜਾਣ ਦੀ ਖੁੱਲ੍ਹ ਹੋਵੇ। ਸ਼ੁੱਧ ਮੁਕਾਬਲਾ ਪੂਰਣ ਮੁਕਾਬਲੇ ਦਾ ਇੱਕ ਹਿੱਸਾ ਹੀ ਹੈ। ਕਿਉਂਕਿ ਸ਼ੁੱਧ ਮੁਕਾਬਲੇ ਦੀਆਂ ਤਿੰਨ ਸ਼ਰਤਾਂ ਸਮੇਤ ਪੂਰਣ ਮੁਕਾਬਲੇ ਨੂੰ ਤਿੰਨ ਹੋਰ ਸ਼ਰਤਾਂ ਵੀ ਪੂਰੀਆਂ ਕਰਨੀਆਂ ਪੈਂਦੀਆਂ ਹਨ ਜਿਵੇਂ ਖ਼ਰੀਦਾਰਾਂ ਅਤੇ ਵਿਕਰੇਤਾਵਾਂ ਨੂੰ ਮੰਡੀ ਹਾਲਤਾਂ ਬਾਰੇ ਪੂਰੀ ਜਾਣਕਾਰੀ, ਉਤਪਾਦਨ ਸਾਧਨਾਂ ਦੀ ਪੂਰਣ ਗਤੀਸ਼ੀਲਤਾ, ਅਤੇ ਢੋ-ਢੁਆਈ ਲਾਗਤਾਂ ਦੀ ਅਣਹੋਂਦ।

ਹੁਣ ਤੁਹਾਨੂੰ ਪੂਰਣ ਮੁਕਾਬਲੇ ਵਾਲੀ ਮੰਡੀ ਬਾਰੇ ਕਾਫ਼ੀ ਜਾਣਕਾਰੀ ਹੋ ਗਈ ਹੋਵੇਗੀ, ਸੋ ਨਿਮਨ ਪ੍ਰਸ਼ਨਾਂ ਦੇ ਉੱਤਰ ਲਿਖਣ ਦੀ ਕੋਸ਼ਿਸ਼ ਕਰੋ :

ਸਵੈ-ਮੁਲਾਂਕਣ ਅਭਿਆਸ-2

1. ਪੂਰਣ ਮੁਕਾਬਲੇ ਤੋਂ ਕੀ ਭਾਵ ਹੈ?
2. ਪੂਰਣ ਮੁਕਾਬਲੇ ਦੀਆਂ ਵਿਸ਼ੇਸ਼ਤਾਈਆਂ ਲਿਖੋ?
3. ਪੂਰਣ ਮੁਕਾਬਲੇ ਅਤੇ ਸ਼ੁੱਧ ਮੁਕਾਬਲੇ ਵਿੱਚ ਅੰਤਰ ਕਰੋ।

2.1.3.4 ਫ਼ਰਮ ਦਾ ਸੰਤੁਲਨ ਅਤੇ ਫ਼ਰਮ ਦੀ ਕੀਮਤ ਅਤੇ ਉਤਪਾਦਨ ਦਾ ਨਿਰਧਾਰਣ (Equilibrium of the Firm) :

ਪੂਰਣ ਮੁਕਾਬਲੇ ਵਿੱਚ ਕੋਈ ਵੀ ਫ਼ਰਮ ਆਪ ਕੀਮਤ ਨਿਰਧਾਰਨ ਨਹੀਂ ਕਰ ਸਕਦੀ। ਉਹ ਤਾਂ ਬਾਜ਼ਾਰ ਵਿੱਚ ਚਾਲੂ ਕੀਮਤ ਨੂੰ ਸਵੀਕਾਰ ਕਰਕੇ ਉਸ ਦੇ ਅਨੁਸਾਰ ਆਪਣੇ ਉਤਪਾਦਨ ਦਾ ਫ਼ੈਸਲਾ ਲੈਂਦੀ ਹੈ। ਕੀਮਤ ਸਮੁੱਚੇ ਉਦਯੋਗ ਦੀ ਮੰਗ ਅਤੇ ਪੂਰਤੀ ਨਾਲ ਨਿਰਧਾਰਿਤ ਹੁੰਦੀ ਹੈ। ਫ਼ਰਮ ਕੀਮਤ ਸਵੀਕਾਰ ਕਰਨ (Price Taker) ਵਾਲੀ ਹੁੰਦੀ

ਹੈ। ਕੀਮਤ ਨਿਰਧਾਰਤ (Price Determiner) ਕਰਨ ਵਾਲੀ ਨਹੀਂ ਇਸ ਨੂੰ ਅੱਗੇ ਦਿੱਤੇ ਚਿੱਤਰ 9.1 ਰਾਹੀਂ ਦਿਖਾਇਆ ਜਾ ਸਕਦਾ ਹੈ :



ਚਿੱਤਰ ਨੰ: 1.1

ਇਸ ਚਿੱਤਰ ਨੰ: 1.1 ਦੇ ੳ ਭਾਗ ਵਿੱਚ ਉਦਯੋਗ ਦਾ ਮੰਗ ਵਕਰ ਅਤੇ ਪੂਰਤੀ ਵਕਰ ਇੱਕ ਦੂਜੇ ਨੂੰ E ਬਿੰਦੂ ਤੇ ਕੱਟਦੇ ਹਨ ਅਤੇ ਇਹ ਸੰਤੁਲਨ ਬਿੰਦੂ ਹੈ ਅਤੇ ਇਥੇ ਵਸਤੂ ਦੀ ਕੀਮਤ OP ਨਿਰਧਾਰਤ ਹੋ ਗਈ ਹੈ। ਇਸ ਉਦਯੋਗ ਵਿੱਚ ਹਰੇਕ ਫ਼ਰਮ ਇਸ ਕੀਮਤ ਦੇ ਅਨੁਸਾਰ ਆਪਣੇ ਉਤਪਾਦਨ ਦਾ ਨਿਰਧਾਰਣ ਕਰੇਗੀ। ਇਸ ਚਿੱਤਰ ਦੇ ਅ ਭਾਗ ਵਿੱਚ ਦਿਖਾਇਆ ਗਿਆ ਹੈ ਕਿ OP ਕੀਮਤ ਹੀ ਫ਼ਰਮ ਵੱਲੋਂ ਸਵੀਕਾਰ ਕਰ ਲਈ ਜਾਂਦੀ ਹੈ ਅਤੇ ਜਦੋਂ ਪ੍ਰਤੀ ਇਕਾਈ ਕੀਮਤ ਉਹੀ ਰਹੇ ਤਾਂ ਔਸਤ ਆਮਦਨ ਵਕਰ ਇੱਕ ਸਿੱਧੀ ਲੇਟਵੀਂ ਰੇਖਾ ਹੁੰਦੀ ਹੈ। ਪਾਠ ਨੰ: 8 ਵਿੱਚ ਤੁਸੀਂ ਆਮਦਨ ਵਕਰਾਂ ਬਾਰੇ ਪੜ੍ਹਿਆ ਹੋਇਆ ਹੈ ਉਸ ਨੂੰ ਦੁਹਰਾ ਲਓ। ਤੁਹਾਨੂੰ ਸਮਝ ਆ ਜਾਵੇਗੀ ਕਿ ਜਦੋਂ ਔਸਤ ਆਮਦਨ (average revenue) ਸਥਿਰ ਹੋਵੇ ਤਾਂ ਸੀਮਾਂਤ ਆਮਦਨ (marginal revenue) (ਵਸਤੂ ਦੀ ਇੱਕ ਹੋਰ ਇਕਾਈ ਵੇਚਣ ਤੋਂ ਪ੍ਰਾਪਤ ਹੋਣ ਵਾਲੀ ਆਮਦਨ) ਵੀ ਸਥਿਰ ਰਹਿੰਦੀ ਹੈ ਅਤੇ ਦੋਵੇਂ ਬਰਾਬਰ ਹੁੰਦੀਆਂ ਹਨ। ਇਸ ਲਈ ਇੱਕੋ ਵਕਰ AR=MR ਔਸਤ ਆਮਦਨ ਅਤੇ ਸੀਮਾਂਤ ਆਮਦਨ ਨੂੰ ਦਰਸਾਉਂਦਾ ਹੈ।

ਹੁਣ ਅਸੀਂ ਦੇਖਣਾ ਹੈ ਕਿ ਫ਼ਰਮ ਦਾ ਸੰਤੁਲਨ ਕਿਸ ਤਰ੍ਹਾਂ ਹੁੰਦਾ ਹੈ। ਸੰਤੁਲਨ ਤੋਂ ਭਾਵ ਹੈ - ਵਿਸ਼ਰਾਮ ਦੀ ਦਸ਼ਾ ਜਾਂ ਪਰਿਵਰਤਨ ਦੀ ਅਣਹੋਂਦ। ਇਹ ਸੰਤੁਲਨ ਥੋੜ੍ਹ - ਚਿਰਾ (short lived) ਜਾਂ ਕਾਫ਼ੀ ਲੰਬੇ ਸਮੇਂ ਲਈ ਵੀ ਹੋ ਸਕਦਾ ਹੈ। ਸੰਤੁਲਨ ਲਈ ਦੋ ਸ਼ਰਤਾਂ ਜ਼ਰੂਰੀ ਹਨ। ਪਹਿਲੀ ਇਹ ਕਿ ਉਤਪਾਦਨ ਦੀ ਸੀਮਾਂਤ ਲਾਗਤ (MC) ਸੀਮਾਂਤ ਆਮਦਨ (MR) ਦੇ ਬਰਾਬਰ ਹੋਵੇ। ਦੂਜੀ ਇਹ ਕਿ ਫ਼ਰਮ ਦੇ ਵੱਧ ਤੋਂ ਵੱਧ ਮੁਨਾਫ਼ੇ ਦੀ ਦ੍ਰਿਸ਼ਟੀ ਤੋਂ ਜਿਥੇ ਸੀਮਾਂਤ ਲਾਗਤ ਵਕਰ ਸੀਮਾਂਤ ਆਮਦਨ ਵਕਰ ਨੂੰ ਹੇਠੋਂ ਕੱਟੇ ਉਤਨਾ ਉਤਪਾਦਨ ਕੀਤਾ ਜਾਵੇ।ਚਿੱਤਰ ਦੇ ਅ ਭਾਗ ਵਿੱਚ ਇਹ ਸ਼ਰਤਾਂ E_1 ਤੇ ਪੂਰੀਆਂ ਹੁੰਦੀਆਂ ਹਨ ਇਸ ਅਨੁਸਾਰ ਫ਼ਰਮ OM ਮਾਤਰਾ ਦਾ ਉਤਪਾਦਨ ਕਰਦੀ ਹੈ।

ਆਓ ਹੁਣ ਦੇਖੀਏ ਕਿ ਫ਼ਰਮ ਥੋੜ੍ਹੇ ਸਮੇਂ ਅਤੇ ਲੰਬੇ ਸਮੇਂ ਵਿੱਚ ਸੰਤੁਲਨ ਕਿਸ ਤਰ੍ਹਾਂ ਪ੍ਰਾਪਤ ਕਰਦੀ ਹੈ। ਫ਼ਰਮ ਦਾ ਅਲਪ ਕਾਲ/ਥੋੜ੍ਹੇ ਸਮੇਂ ਦਾ ਸੰਤੁਲਨ ਦੱਸਣ ਤੋਂ ਪਹਿਲਾਂ ਤੁਹਾਨੂੰ ਮਾਰਸ਼ਲ ਦੇ ਸਮਾਂ ਤੱਤ ਬਾਰੇ ਵੀ ਦੱਸਦੇ ਹਾਂ। ਮਾਰਸ਼ਲ ਨੇ ਸਮੇਂ ਦੀ ਮਿਆਦ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਹੈ :

1. **ਬਾਜ਼ਾਰ ਕਾਲ ਜਾਂ ਅਤੀ ਅਲਪ ਕਾਲ (Market Period or very short period):** ਇਹ ਅਵਧੀ ਇੰਨੀ ਘੱਟ ਹੁੰਦੀ ਹੈ ਕਿ ਇਸ ਦੌਰਾਨ ਕਿਸੇ ਵਸਤੂ ਦੀ ਪੂਰਤੀ ਪੂਰਨ ਤੌਰ ਤੇ ਬੇਲਚਕ ਹੁੰਦੀ ਹੈ। ਭਾਵ ਨਾਸ਼ਵਾਨ ਵਸਤਾਂ ਜਿਵੇਂ ਸਬਜ਼ੀਆਂ, ਫ਼ਲ, ਦੁੱਧ, ਪਨੀਰ, ਫੁੱਲ ਆਦਿ ਦੀ

ਪੂਰਤੀ ਨੂੰ ਵਰਤਮਾਨ ਸਟਾਕ ਤੋਂ ਵਧੇਰੇ ਨਹੀਂ ਵਧਾਇਆ ਜਾ ਸਕਦਾ। ਇਹਨਾਂ ਵਸਤਾਂ ਦੀ ਮੰਗ ਵਿੱਚ ਤਬਦੀਲੀ ਬਾਜ਼ਾਰ ਕੀਮਤ ਨੂੰ ਬਦਲ ਦਿੰਦੀ ਹੈ। ਭਾਵ ਉਚੇਰੀ ਮੰਗ ਵਕਰ ਤੇ ਕੀਮਤ ਵਧ ਜਾਏਗੀ ਅਤੇ ਨੀਵੀਂ ਮੰਗ ਵਕਰ ਤੇ ਕੀਮਤ ਘਟ ਜਾਏਗੀ। (ਦੇਖੋ ਚਿੱਤਰ ਨੰ: 1.2 ਦਾ ੳ ਭਾਗ)

ਚਿੱਤਰ 1.2 ਦੇ ੳ ਭਾਗ ਵਿੱਚ DD ਮੰਗ ਵਕਰ ਅਤੇ SS ਪੂਰਤੀ ਵਕਰ ਹਨ। ਬਾਜ਼ਾਰ ਵਿੱਚ ਵਸਤੂ ਦੀ ਪੂਰਤੀ OQ ਹੋ ਗਈ ਹੈ। ਸੰਤੁਲਨ E ਬਿੰਦੂ ਤੇ ਹੈ ਅਤੇ ਕੀਮਤ OP ਨਿਰਧਾਰਤ ਹੋ ਗਈ ਹੈ। ਮੰਗ ਵਧਣ ਕਾਰਣ ਜੇਕਰ ਮੰਗ ਵਕਰ ਉਪਰ ਖਿਸਕ ਕੇ D_1D_1 ਤੇ ਚਲਾ ਜਾਂਦਾ ਹੈ ਪਰ ਪੂਰਤੀ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ। ਨਵੇਂ ਸੰਤੁਲਨ ਬਿੰਦੂ E_1 ਤੇ ਉੱਚੀ ਕੀਮਤ OP_1 ਨਿਰਧਾਰਤ ਹੋ ਜਾਂਦੀ ਹੈ। ਇਸੇ ਤਰ੍ਹਾਂ ਮੰਗ ਘਟਣ ਤੇ ਮੰਗ ਵਕਰ ਹੇਠਾਂ D_2D_2 ਦੀ ਸਥਿਤੀ ਤੇ ਆ ਜਾਂਦਾ ਹੈ ਤਾਂ ਕੀਮਤ ਘਟਕੇ OP_2 ਹੋ ਜਾਂਦੀ ਹੈ ਕਿਉਂਕਿ ਬਾਜ਼ਾਰ ਕਾਲ ਵਿੱਚ ਪੂਰਤੀ ਬੇਲਚਕ ਹੈ।



ਚਿੱਤਰ ਨੰ: 1.2

ਤਰ੍ਹਾਂ ਬੇਲਚਕ ਤਾਂ ਨਹੀਂ ਪਰੰਤੂ ਘੱਟ ਲਚਕਾਰ ਹੁੰਦੀ ਹੈ। ਸਥਿਰ ਸਾਧਨਾਂ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ ਪ੍ਰੰਤੂ ਬਦਲਣਸ਼ੀਲ ਸਾਧਨਾਂ ਵਿੱਚ ਵਾਧਾ ਕਰਕੇ ਪੂਰਤੀ ਨੂੰ ਇੱਕ ਸੀਮਾ ਤੱਕ ਵਧਾਇਆ ਜਾ ਸਕਦਾ ਹੈ। (ਦੇਖੋ ਚਿੱਤਰ ਨੰ: 9.2 ਦਾ ਅ ਭਾਗ)

ਇਸ ਚਿੱਤਰ ਵਿੱਚ ਮੰਗ ਵਕਰ DD ਪੂਰਤੀ ਵਕਰ SS ਦੋਵੇਂ E ਬਿੰਦੂ ਤੇ ਮਿਲਦੀਆਂ ਹਨ ਸੋ ਇਸ ਸੰਤੁਲਨ ਤੇ OQ ਪੈਦਾਵਾਰ ਅਤੇ OP ਕੀਮਤ ਨਿਰਧਾਰਤ ਹੁੰਦੀ ਹੈ। ਪ੍ਰੰਤੂ ਮੰਗ ਦੇ ਵਧਕੇ D_1D_1 ਹੋ ਜਾਣ ਨਾਲ ਭਾਵੇਂ ਕੀਮਤ ਵਧਕੇ OP_1 ਹੋ ਗਈ ਹੈ ਪ੍ਰੰਤੂ ਪੂਰਤੀ ਵੀ ਵਧਕੇ ON ਹੋ ਗਈ ਹੈ ਇਸੇ ਤਰ੍ਹਾਂ ਮੰਗ ਘਟਕੇ D_2D_2 ਹੋ ਜਾਣ ਨਾਲ ਕੀਮਤ ਘਟਕੇ OP_2 ਅਤੇ ਪੂਰਤੀ ਘਟਕੇ OM ਹੋ ਗਈ ਹੈ। ਮੰਗ ਵਿੱਚ ਪਰਿਵਰਤਨ ਆਉਣ ਨਾਲ ਕੀਮਤ ਵਿੱਚ ਘਾਟਾ ਜਾਂ ਵਾਧਾ ਪੂਰਤੀ ਦੇ ਘੱਟ ਲਚਕਦਾਰ ਹੋਣ ਕਾਰਣ ਆਉਂਦਾ ਹੈ।

3. **ਦੀਰਘਕਾਲ (Long Period) :** ਇਸ ਸਮਾਂ ਅਵਧੀ ਵਿੱਚ ਉਤਪਾਦਨ ਦੇ ਸਾਰੇ ਸਾਧਨ ਪਰਿਵਰਤਨਸ਼ੀਲ ਹੋ ਸਕਦੇ ਹਨ। ਭਾਵ ਪੂਰਤੀ ਨੂੰ ਮੰਗ ਅਨੁਸਾਰ ਵਧਾਇਆ ਜਾ ਸਕਦਾ ਹੈ। ਨਵੀਂ ਮਸ਼ੀਨਰੀ, ਸੁਧਰੀਆਂ ਉਤਪਾਦਨ ਦੀਆਂ ਤਕਨੀਕਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ (ਦੇਖੋ ਚਿੱਤਰ ਨੰ: 9.2 ਦਾ ੲ ਭਾਗ)

ਚਿੱਤਰ ਵਿੱਚ ਤੁਸੀਂ ਵੇਖ ਸਕਦੇ ਹੋ ਕਿ ਸ਼ੁਰੂ ਵਿੱਚ E ਤੇ ਸੰਤੁਲਨ ਦੀ ਹਾਲਤ ਵਿੱਚ ਉਤਪਾਦਨ OQ ਅਤੇ ਕੀਮਤ OP ਹੈ। ਮੰਗ ਵਕਰ DD ਤੋਂ ਤਬਦੀਲ ਹੋ ਕੇ D_1D_1 ਹੋ ਜਾਂਦੀ ਹੈ ਤਾਂ ਪੂਰਤੀ ਵਕਰ ਵੀ ਤਬਦੀਲ ਹੋ ਕੇ S_1S_1 ਹੋ ਜਾਂਦੀ ਹੈ ਤਾਂ ਪੂਰਤੀ OQ ਤੋਂ ਵਧ ਕੇ ON ਹੋ ਗਈ ਹੈ। ਮੰਗ ਵਕਰ D_2D_2 ਹੋ ਜਾਣ ਤੇ ਪੂਰਤੀ ਵਕਰ ਵੀ ਘਟਕੇ OM ਹੋ ਗਈ ਹੈ। ਕੀਮਤ ਵਿੱਚ ਕੋਈ ਤਬਦੀਲੀ ਨਹੀਂ ਆਈ ਕਿਉਂਕਿ ਇਥੇ ਅਸੀਂ ਸਥਿਰ ਲਾਗਤ ਉਦਯੋਗ ਦੀ ਗੱਲ ਕਰ ਰਹੇ ਹਾਂ। (ਇਸੇ ਪਾਠ ਵਿੱਚ ਤੁਸੀਂ ਵੱਖ ਵੱਖ ਲਾਗਤਾਂ ਦੀ ਹਾਲਤ ਵਿੱਚ ਉਦਯੋਗ ਦਾ ਸੰਤੁਲਨ ਵੀ ਪੜ੍ਹੋਗੇ)

2.1.3.4.1 ਫ਼ਰਮ ਦਾ ਥੋੜ੍ਹੇ ਸਮੇਂ ਦਾ ਸੰਤੁਲਨ (Short Period Equilibrium of the Firm)

ਇੱਕ ਉਤਪਾਦਕ ਦੀ ਦ੍ਰਿਸ਼ਟੀ ਤੋਂ ਥੋੜ੍ਹਾ ਸਮਾਂ ਉਹ ਹੁੰਦਾ ਹੈ ਜਿਸ ਸਮੇਂ ਵਿੱਚ ਉਸ ਲਈ ਸਥਾਈ ਸਾਧਨਾਂ ਜਿਵੇਂ ਕਿ ਭੂਮੀ ਤੇ ਪੂੰਜੀ (ਮਸ਼ੀਨਰੀ) ਆਦਿ ਵਿੱਚ ਵਾਧਾ ਕਰ ਸਕਣਾ ਅਸੰਭਵ ਹੋਵੇ ਪਰ ਉਤਪਾਦਕ ਨਿਰਸੰਦੇਹ ਕਿਰਤ ਅਤੇ ਕੱਚੇ ਮਾਲ ਵਰਗੇ ਅਸਥਾਈ ਸਾਧਨਾਂ ਵਿੱਚ ਘਾਟਾ ਵਾਧਾ ਕਰ ਸਕਦਾ ਹੈ ਭਾਵ ਫ਼ਰਮ ਆਪਣੀ ਵਸਤੂ ਦੇ ਉਤਪਾਦਨ ਵਿੱਚ ਕੁਝ ਇੱਕ ਛੋਟੇ ਮੋਟੇ ਪਰਿਵਰਤਨ ਰਾਹੀਂ ਹੀ ਵਾਧਾ ਜਾਂ ਘਾਟਾ ਕਰ ਸਕਦੀ ਹੈ।

ਪੂਰਣ ਮੁਕਾਬਲੇ ਵਿੱਚ ਫ਼ਰਮ ਅਧਿਕਤਮ ਮੁਨਾਫ਼ੇ ਲਈ ਕੀਮਤ ਵਿੱਚ ਤਬਦੀਲੀ ਨਹੀਂ ਕਰ ਸਕਦੀ। ਪ੍ਰੰਤੂ ਉਹ ਉਪਜ ਦੀ ਵਿਵਸਥਾ ਨੂੰ ਤਬਦੀਲ ਕਰ ਸਕਦੀ ਹੈ। ਜੇ ਉਸ ਲਈ ਮੁਨਾਫ਼ਾ ਕਮਾਉਣਾ ਸੰਭਵ ਨਾ ਹੋ ਸਕੇ ਤਾਂ ਉਹ ਨਿਸ਼ਚੇ ਹੀ ਘਾਟੇ ਨੂੰ ਘੱਟ ਤੋਂ ਘੱਟ ਕਰਨ ਦਾ ਯਤਨ ਕਰੇਗੀ।

ਇਹ ਦੇਖਣ ਲਈ ਕਿ ਫ਼ਰਮ ਨੂੰ ਲਾਭ ਹੋ ਰਹੇ ਹਨ ਜਾਂ ਹਾਨੀ (ਕਿਤਨੇ ਹੋ ਰਹੇ ਹਨ) ਅਸੀਂ ਚਿੱਤਰਾਂ ਦੀ ਸਹਾਇਤਾ ਲੈਂਦੇ ਹਾਂ। ਚਿੱਤਰ ਵਿੱਚ ਸੀਮਾਂਤ ਲਾਗਤ ਵਕਰ ਤੋਂ ਇਲਾਵਾ ਔਸਤ ਲਾਗਤ ਵਕਰ ਵੀ ਬਣਾਇਆ ਜਾਵੇਗਾ। ਔਸਤ ਆਮਦਨ ਅਤੇ ਔਸਤ ਲਾਗਤ ਦਾ ਅੰਤਰ ਪੈਦਾਵਾਰ ਦਾ ਪ੍ਰਤੀ ਇਕਾਈ ਲਾਭ ਦੱਸਦਾ ਹੈ।



ਚਿੱਤਰ ਨੰ: 1.3

ਚਿੱਤਰ ਨੰ: 1.3 ਵਿੱਚ SAC ਅਤੇ SMC ਥੋੜ੍ਹੇ ਸਮੇਂ ਦੀਆਂ ਔਸਤ ਲਾਗਤ ਵਕਰ ਅਤੇ ਸੀਮਾਂਤ ਲਾਗਤ ਵਕਰ ਹਨ। ਔਸਤ ਆਮਦਨ ਅਤੇ ਸੀਮਾਂਤ ਆਮਦਨ ਬਰਾਬਰ ਹੈ ਸੋ AR=MR ਰੇਖਾ X-ਧੁਰੇ ਦੇ ਸਮਾਨਾਂਤਰ ਹੈ। ਫ਼ਰਮ ਦਾ ਸੰਤੁਲਨ E ਬਿੰਦੂ ਤੇ ਹੈ ਜਿਥੇ ਸੀਮਾਂਤ ਲਾਗਤ ਵਕਰ ਸੀਮਾਂਤ ਆਮਦਨ ਵਕਰ ਨੂੰ ਹੇਠਾਂ ਤੋਂ ਕੱਟਦੀ ਹੈ। ਸਾਰੀਆਂ ਫ਼ਰਮਾਂ ਲਈ ਕੀਮਤ OP ਹੈ। ਪੈਦਾਵਾਰ OM ਕੀਤੀ ਜਾਂਦੀ ਹੈ। ਪ੍ਰਤੀ ਇਕਾਈ ਲਾਭ EF ਹੈ ਕਿਉਂਕਿ ਔਸਤ ਆਮਦਨ ਔਸਤ ਲਾਗਤ ਨਾਲੋਂ ਉਚੇਰੀ ਹੈ। ਜੇਕਰ ਇਸਨੂੰ ਕੁਲ ਪੈਦਾਵਾਰ OM ਨਾਲ ਗੁਣਾ ਕਰੀਏ ਤਾਂ ਅਸਾਧਾਰਨ ਲਾਭ (Super Normal Profit) PEFH ਹੋ ਰਹੇ ਹਨ। ਥੋੜ੍ਹੇ ਸਮੇਂ ਵਿੱਚ ਸਾਰੀਆਂ ਫ਼ਰਮਾਂ ਨੂੰ ਮੁਨਾਫ਼ਾ ਹੋਵੇਗਾ ਕਿਉਂਕਿ ਥੋੜ੍ਹੇ ਸਮੇਂ ਵਿੱਚ ਨਵੀਆਂ ਫ਼ਰਮਾਂ ਉਦਯੋਗ ਵਿੱਚ ਸ਼ਾਮਿਲ ਨਹੀਂ ਹੋਣਗੀਆਂ।

ਆਓ ਹੁਣ ਦੇਖੀਏ ਕਿ ਜੇ ਥੋੜ੍ਹੇ ਸਮੇਂ ਵਿੱਚ ਫ਼ਰਮ ਨੂੰ ਨੁਕਸਾਨ ਹੋ ਰਹੇ ਹੋਣ ਤਾਂ ਉਹ ਨੁਕਸਾਨ ਨੂੰ ਘੱਟ ਤੋਂ ਘੱਟ ਕਿਵੇਂ ਕਰਦੀਆਂ ਹਨ।

ਜਦੋਂ ਔਸਤ ਆਮਦਨ ਨਾਲੋਂ ਔਸਤ ਲਾਗਤ ਵਧੇਰੇ ਹੁੰਦੀ ਹੈ ਤਾਂ ਫ਼ਰਮ ਨੂੰ ਨੁਕਸਾਨ ਹੋ ਰਿਹਾ ਹੁੰਦਾ ਹੈ। ਇਸ ਨੂੰ ਚਿੱਤਰ ਨੰ: 1.4 ਦੀ ਸਹਾਇਤਾ ਨਾਲ ਦੇਖ ਸਕਦੇ ਹੋ। ਮੰਨ ਲਓ ਵਸਤੂ ਦੀ ਮੰਡੀ ਕੀਮਤ ਇਸ ਤਰ੍ਹਾਂ ਦੀ ਹੈ ਕਿ ਕੀਮਤ/ਔਸਤ ਆਮਦਨ/ਸੀਮਾਂਤ ਆਮਦਨ ਵਕਰ ਔਸਤ ਲਾਗਤ ਵਕਰ ਤੋਂ ਨੀਵੀਂ ਹੈ। ਫ਼ਰਮ E_1 ਬਿੰਦੂ ਤੇ ਸੰਤੁਲਨ ਵਿੱਚ ਹੈ, ਵਸਤੂ ਦੀ ਕੀਮਤ OP_1 ਹੈ, ਪੈਦਾਵਾਰ OM_1 ਹੋ ਰਹੀ ਹੈ ਪ੍ਰੰਤੂ ਫ਼ਰਮ ਨੂੰ ਪ੍ਰਤੀ ਇਕਾਈ F_1E_1 ਨੁਕਸਾਨ ਹੋ ਰਿਹਾ ਹੈ ਕਿਉਂਕਿ ਔਸਤ ਆਮਦਨ E_1M_1 ਔਸਤ ਲਾਗਤ F_1M_1 ਨਾਲੋਂ ਘੱਟ ਹੈ। ਕੁੱਲ ਹਾਨੀ/ਨੁਕਸਾਨ $H_1F_1P_1E_1$ ਹੋ ਰਹੇ ਹਨ।



ਚਿੱਤਰ ਨੰ: 1.4

ਸੰਤੁਲਨ ਦੀ ਹਾਲਤ ਵਿੱਚ ਫ਼ਰਮ ਨੂੰ ਸਧਾਰਨ ਤੌਰ ਤੇ ਇਹ ਉਦਯੋਗ ਛੱਡ ਦੇਣਾ ਚਾਹੀਦਾ ਹੈ ਅਤੇ ਉਤਪਾਦਨ ਦੇ ਕਿਸੇ ਹੋਰ ਖੇਤਰ ਵਿੱਚ ਚਲੇ ਜਾਣਾ ਚਾਹੀਦਾ ਹੈ। ਪ੍ਰੰਤੂ ਗੱਲ ਅਲਪਕਾਲੀ ਸੰਤੁਲਨ ਦੀ ਚੱਲ ਰਹੀ ਹੈ, ਸੋ ਇਹ ਫ਼ਰਮ ਉਸੇ ਉਦਯੋਗ ਵਿੱਚ ਡਟੀ ਰਹੇਗੀ ਕਿਉਂਕਿ ਲੰਬੇ ਸਮੇਂ ਵਿੱਚ ਇਸ ਨੂੰ ਨਾ ਕੇਵਲ ਘਾਟਾ ਪੂਰਾ ਕਰ ਲੈਣ ਦੀ ਸਗੋਂ ਮੁਨਾਫ਼ਾ ਕਮਾ ਲੈਣ ਦੀ ਵੀ ਆਸ ਹੈ। ਫ਼ਰਮ ਉਦੋਂ ਤੱਕ ਇਸ ਉਦਯੋਗ ਵਿੱਚ ਟਿਕੀ ਰਹਿੰਦੀ ਹੈ ਜਦੋਂ ਤੱਕ ਇਸ ਨੂੰ ਆਪਣੀ ਔਸਤ ਚਰ ਲਾਗਤ (AVC) ਦੇ ਬਰਾਬਰ ਕੀਮਤ ਮਿਲਦੀ ਹੈ। ਬਿੰਦੂ K ਸਮਤੋਲ ਅਤੇ ਉਤਪਾਦਨ ਬੰਦੀ (Shut-down) ਦੋਹਾਂ ਸਥਿਤੀਆਂ ਦਾ ਪ੍ਰਤੀਕ ਹੈ। ਇਸ ਨੂੰ ਉਤਪਾਦਨ ਬੰਦੀ ਇਸ ਲਈ ਆਖਿਆ ਜਾਂਦਾ ਹੈ ਕਿਉਂਕਿ ਇਸ ਪੱਧਰ ਤੋਂ ਘੱਟ ਕੋਈ ਵੀ ਕੀਮਤ ਫ਼ਰਮ ਨੂੰ ਉਸ ਵਸਤੂ ਦਾ ਉਤਪਾਦਨ ਬੰਦ ਕਰਕੇ ਉਸ ਦੀ ਥਾਂ ਫ਼ਾਇਦੇਮੰਦ ਵਸਤੂ ਦੇ ਉਤਪਾਦਨ ਨੂੰ ਅਪਨਾਉਣ ਤੇ ਮਜ਼ਬੂਰ ਕਰੇਗੀ।

2.1.3.4.2 ਫ਼ਰਮ ਦਾ ਲੰਬੇ ਸਮੇਂ ਦਾ ਸੰਤੁਲਨ (Long Period equilibrium of the Firm):

ਪਹਿਲਾਂ ਤੁਹਾਨੂੰ ਲੰਬੇ ਸਮੇਂ ਦੀ ਪਰਿਭਾਸ਼ਾ ਦੱਸਦੇ ਹਾਂ। ਲੰਬਾ ਸਮਾਂ ਉਹ ਸਮਾਂ ਹੁੰਦਾ ਹੈ ਜਿਸ ਦੇ ਦੌਰਾਨ ਕੋਈ ਫ਼ਰਮ ਆਪਣੀ ਉਪਜ ਨੂੰ ਲੋੜ ਅਨੁਸਾਰ ਬਦਲਣਸ਼ੀਲ ਸਾਧਨਾਂ (Variable Factors) ਅਤੇ ਉਤਪਾਦਨ ਦੇ ਸਥਿਰ ਸਾਧਨਾਂ (Fixed Factors) ਨੂੰ ਘਟਾ ਵਧਾ ਕੇ ਘੱਟ ਵੱਧ ਕਰ ਸਕਦੀ ਹੈ। ਇਸ ਤੋਂ ਇਲਾਵਾ ਲੰਬੇ ਸਮੇ ਵਿੱਚ ਕਿਸੇ ਉਦਯੋਗ ਵਿੱਚ ਫ਼ਰਮਾਂ ਦੀ ਗਿਣਤੀ ਨੁਕਸਾਨ ਦੀ ਹਾਲਤ ਵਿੱਚ ਘੱਟ ਜਾਂ ਅਸਾਧਾਰਨ ਮੁਨਾਫ਼ੇ ਦੀ ਹਾਲਤ ਵਿੱਚ ਵੱਧ ਵੀ ਹੋ ਸਕਦੀ ਹੈ ਜਿਸ ਨਾਲ ਕੁੱਲ ਮੰਗ ਅਤੇ ਕੁੱਲ ਪੂਰਤੀ (ਸਾਰੀਆਂ ਫ਼ਰਮਾਂ ਦੁਆਰਾ ਉਤਪਾਦਿਤ ਪੈਦਾਵਾਰ) ਵਿਚਾਲੇ ਸਮਤੋਲ ਸਥਾਪਿਤ ਹੋ ਸਕਦਾ ਹੈ।

ਲੰਬੇ ਸਮੇਂ ਵਿੱਚ ਸੰਤੁਲਨ ਦੇ ਲਈ (ਜਿਸ ਨੂੰ ਸੰਪੂਰਨ ਸੰਤੁਲਨ (full equilibrium) ਵੀ ਆਖਿਆ ਜਾਂਦਾ ਹੈ) ਥੋੜ੍ਹੇ ਸਮੇਂ ਦੇ ਸੰਤੁਲਨ ਦੀਆਂ ਦੋ ਸ਼ਰਤਾਂ ਤੋਂ ਇਲਾਵਾ ਇੱਕ ਹੋਰ ਤੀਜੀ ਸ਼ਰਤ ਦਾ ਪੂਰਾ ਹੋਣਾ ਜ਼ਰੂਰੀ ਹੈ। ਇਹ ਸ਼ਰਤ ਹੈ ਕਿ ਕੀਮਤ ਜਾਂ AR ਨਾ ਸਿਰਫ਼ MR ਅਤੇ MC ਦੇ ਬਰਾਬਰ ਹੋਵੇ ਸਗੋਂ ATC (Average Total Cost) ਦੇ ਵੀ ਬਰਾਬਰ ਹੋਵੇ।

P = MR = LMC = LAC

ਇਸ ਨੂੰ ਚਿੱਤਰ 1.5 ਰਾਹੀਂ ਦਿਖਾਇਆ ਗਿਆ ਹੈ।



ਚਿੱਤਰ ਨੰ: 9.5

ਰੇਖਾ ਚਿੱਤਰ ਨੰ: 9.5 ਵਿੱਚ ਤੁਸੀਂ ਵੇਖ ਸਕਦੇ ਹੋ ਕਿ ਸੰਤੁਲਨ ਦੀਆਂ ਉੱਪਰ ਦੱਸੀਆਂ ਤਿੰਨੇ ਸ਼ਰਤਾਂ ਬਿੰਦੂ E ਤੇ ਪੂਰੀਆਂ ਹੋ ਰਹੀਆਂ ਹਨ। E ਬਿੰਦੂ ਸੰਪੂਰਨ ਸੰਤੁਲਨ ਦਾ ਬਿੰਦੂ ਹੈ। ਸੰਤੁਲਨ ਉਪਜ OM ਅਤੇ ਸੰਤੁਲਨ ਕੀਮਤ OP ਹੈ। ਲੰਬੇ ਸਮੇਂ ਵਿੱਚ ਫ਼ਰਮ ਕੇਵਲ ਸਾਧਾਰਨ ਮੁਨਾਫ਼ਾ ਕਮਾ ਰਹੀ ਹੈ।

ਸਵੈ-ਮੁਲਾਂਕਣ ਅਭਿਆਸ-3

ਪੂਰਣ ਮੁਕਾਬਲੇ ਦੀ ਸਥਿਤੀ ਵਿੱਚ ਫ਼ਰਮ ਦੇ ਸੰਤੁਲਨ ਬਾਰੇ ਲਿਖੋ।

2.1.3.5 ਪੂਰਣ ਮੁਕਾਬਲੇ ਅਧੀਨ ਉਦਯੋਗ ਦਾ ਸੰਤੁਲਨ :

ਤੁਸੀਂ ਜਾਣ ਗਏ ਹੋਵੋਗੇ ਕਿ ਪੂਰਣ ਮੁਕਾਬਲੇ ਵਾਲੀ ਹਾਲਤ ਵਿੱਚ ਵਸਤੂ ਦੀ ਕੀਮਤ ਮੰਡੀ ਵਿੱਚ ਨਿਰਧਾਰਤ ਹੁੰਦੀ ਹੈ। ਸੋ ਇਹ ਜਾਣਨ ਲਈ ਕਿ ਵਸਤੂ ਦੀ ਕੀਮਤ ਦਾ ਨਿਰਧਾਰਨ ਕਿਸ ਤਰ੍ਹਾਂ ਹੁੰਦਾ ਹੈ ਵਸਤੂ ਦੇ ਉਦਯੋਗ ਦੇ ਸੰਤੁਲਨ ਦੀ ਜਾਂਚ ਕਰਨੀ ਹੈ। ਉਦਯੋਗ ਉਸ ਵਸਤੂ ਨੂੰ ਪੈਦਾ ਕਰਨ ਵਾਲੀਆਂ ਸਾਰੀਆਂ ਫ਼ਰਮਾਂ ਦਾ ਸਮੂਹ ਹੈ। ਤੁਸੀਂ ਚਿੱਤਰ ਨੰ: 1 ਦੇ ੳ ਭਾਗ ਵਿੱਚ ਦੇਖਿਆ ਹੈ ਕਿ ਵਸਤੂ ਦੀ ਕੀਮਤ ਮੰਗ ਤੇ ਪੂਰਤੀ ਦੀਆਂ ਸ਼ਕਤੀਆਂ ਦੀ ਅੰਤਰ ਕ੍ਰਿਆ ਨਾਲ ਨਿਰਧਾਰਤ ਹੁੰਦੀ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਮੰਗ ਅਤੇ ਪੂਰਤੀ ਵਿੱਚੋਂ ਕਿਹੜਾ ਤੱਤ ਕੀਮਤ ਦੇ ਨਿਰਧਾਰਨ ਲਈ ਵਧੇਰੇ ਮਹਤੱਵਪੂਰਣ ਹੈ? ਉੱਤਰ ਭਾਵੇਂ ਇਹ ਹੈ ਕਿ ਮੰਗ ਅਤੇ ਪੂਰਤੀ ਦੋਵੇਂ ਮਹਤੱਵਪੂਰਣ ਹਨ, ਪ੍ਰੰਤੂ ਸਮਾਂ ਥੋੜ੍ਹਾ ਹੈ ਜਾਂ ਲੰਬਾ ਇਸ ਗੱਲ ਨਾਲ ਇਹਨਾਂ ਦੀ ਮਹਤੱਤਾ ਵੱਖਰੀ ਵੱਖਰੀ ਹੋ ਜਾਂਦੀ ਹੈ। ਜਿਸ ਤਰ੍ਹਾਂ ਕਿ ਪੂਰਤੀ ਨੂੰ ਵਧਾਉਣ ਵਿੱਚ ਸਮਾਂ ਲੱਗਦਾ ਹੈ। ਇਸ ਲਈ ਥੋੜ੍ਹੇ ਸਮੇਂ ਵਿੱਚ ਮੰਗ ਤੱਤ ਵਧੇਰੇ ਮਹਤੱਵਪੂਰਣ ਹੋਵੇਗਾ ਅਤੇ ਲੰਬੇ ਸਮੇਂ ਵਿੱਚ ਪੂਰਤੀ ਵਧੇਰੇ ਪ੍ਰਭਾਵੀ ਹੁੰਦੀ ਹੈ। ਆਓ ਦੇਖੀਏ ਕਿ ਉਦਯੋਗ ਦਾ ਥੋੜ੍ਹੇ ਸਮੇਂ ਵਿੱਚ ਅਤੇ ਲੰਬੇ ਸਮੇਂ ਵਿੱਚ ਸੰਤੁਲਨ ਕਿਸ ਤਰ੍ਹਾਂ ਹੁੰਦਾ ਹੈ।

2.1.3.5.1 ਉਦਯੋਗ ਦਾ ਥੋੜ੍ਹੇ ਸਮੇਂ ਦਾ ਸੰਤੁਲਨ (Equilibrium of the industry in the short period):

ਥੋੜ੍ਹੇ ਸਮੇਂ ਵਿੱਚ ਪੂਰਤੀ ਨਾਲੋਂ ਮੰਗ ਤੱਤ ਵਧੇਰੇ ਮਹਤੱਵਪੂਰਣ ਹੁੰਦਾ ਹੈ ਕਿਉਂਕਿ ਜੇਕਰ ਮੰਗ ਵਿੱਚ ਵਾਧਾ ਹੁੰਦਾ ਹੈ ਤਾਂ ਪੂਰਤੀ ਵਿੱਚ ਮੰਗ ਅਨੁਸਾਰ ਵਾਧਾ ਨਹੀਂ ਕੀਤਾ ਜਾ ਸਕਦਾ ਇਸ ਲਈ ਕੀਮਤ ਵਿੱਚ ਵਾਧਾ ਹੋ ਜਾਂਦਾ ਹੈ। ਕੀਮਤ ਵਿੱਚ ਕਿੰਨਾ ਵਾਧਾ ਜਾਂ ਘਾਟਾ ਹੋਵੇਗਾ ਇਹ ਪੂਰਤੀ ਦੀ ਲਚਕ ਤੇ ਨਿਰਭਰ ਕਰਦਾ ਹੈ। ਜੇਕਰ ਪੂਰਤੀ ਵਧੇਰੇ ਲਚਕਦਾਰ ਹੈ ਤਾਂ ਮੰਗ ਵਿੱਚ ਵਾਧਾ ਹੋਣ ਨਾਲ ਕੀਮਤ ਵਿੱਚ ਵਾਧਾ ਮੁਕਾਬਲਤਨ ਵਧੇਰੇ ਹੋਵੇਗਾ ਅਤੇ ਸੰਤੁਲਨ ਪੈਦਾਵਾਰ ਵਿੱਚ ਘੱਟ ਵਾਧਾ ਹੋਵੇਗਾ। ਇਸ ਦੇ ਉਲਟ ਜੇਕਰ ਪੂਰਤੀ ਵਕਰ ਦੀ ਲਚਕ ਘੱਟ ਹੋਵੇਗੀ ਤਾਂ ਪੈਦਾਵਾਰ ਵਿੱਚ ਵਾਧੇ ਨਾਲੋਂ ਕੀਮਤ ਵਿੱਚ ਘੱਟ ਵਾਧਾ ਹੋਵੇਗਾ।

ਚਿੱਤਰ ਨੰ:1.6 (ੳ) ਤੋਂ ਦੇਖਿਆ ਜਾ ਸਕਦਾ ਹੈ ਕਿ ਮੰਗ ਵਿੱਚ ਵਾਧਾ ਹੋਣ ਨਾਲ ਕੀਮਤ ਵਧ ਰਹੀ ਹੈ ਅਤੇ ਜੇ ਮੰਗ ਘਟ ਜਾਵੇ ਤਾਂ ਕੀਮਤ ਵੀ ਘਟ ਜਾਂਦੀ ਹੈ। DD ਰੇਖਾ ਮੂਲ ਮੰਗ ਵਕਰ ਹੈ ਅਤੇ SS ਪੂਰਤੀ ਵਕਰ ਹੈ। ਥੋੜ੍ਹੇ ਸਮੇਂ ਵਿੱਚ ਪੂਰਤੀ ਲਗਭਗ ਬੇਲਚਕ ਹੈ। ਉਦਯੋਗ E ਬਿੰਦੂ ਤੇ ਸੰਤੁਲਨ ਵਿੱਚ ਹੈ ਅਤੇ ਕੀਮਤ OP=EM ਅਤੇ ਪੈਦਾਵਾਰ OM ਹੈ। ਮੰਗ ਵਿੱਚ ਵਾਧਾ ਹੋਣ ਨਾਲ ਭਾਵ D_1D_1 ਵਕਰ ਉੱਤੇ ਕੀਮਤ OP ਤੋਂ ਵੱਧਕੇ OP_1 ਹੋ ਗਈ ਹੈ ਕਿਉਂਕਿ ਥੋੜ੍ਹੇ ਸਮੇਂ ਵਿੱਚ ਫ਼ਰਮਾਂ ਦਾ ਆਕਾਰ ਅਤੇ ਗਿਣਤੀ ਨਿਸ਼ਚਿਤ ਹੋਣ ਕਾਰਣ ਪੂਰਤੀ ਵਿੱਚ ਖਾਸ ਵਾਧਾ ਸੰਭਵ ਨਹੀਂ। ਸੋ ਪੂਰਤੀ ਵਿੱਚ ਕੇਵਲ MM_1 ਵਾਧਾ ਹੋਇਆ ਹੈ। ਇਸੇ ਤਰ੍ਹਾਂ ਮੰਗ ਘਟਣ ਤੇ ਕੀਮਤ ਘਟ ਜਾਂਦੀ ਹੈ।



ਚਿੱਤਰ ਨੰ: 9.6

ਚਿੱਤਰ ਨੰ: 1.6 (ਅ) ਤੋਂ ਇਹ ਗੱਲ ਸਾਫ਼ ਸਪਸ਼ੱਟ ਹੋ ਰਹੀ ਹੈ। S_2S_2 ਵਕਰ ਦੀ ਢਾਲ S_1S_1 ਵਕਰ ਨਾਲੋਂ ਵਧੇਰੇ ਹੈ। ਜਦੋਂ ਮੰਗ ਵਕਰ ਤਬਦੀਲ ਹੁੰਦੀ ਹੈ ਭਾਵ DD ਤੋਂ D_1D_1 ਹੁੰਦੀ ਹੈ ਤਾਂ S_1S_1 ਘੱਟ ਲਚਕਦਾਰ ਪੂਰਤੀ ਦੀ ਹਾਲਤ ਵਿੱਚ ਵਧੇਰੇ ਵਧਦੀ ਹੈ। ਇਸ ਹਾਲਤ ਵਿੱਚ ਕੀਮਤ PM ਤੋਂ ਵੱਧ ਕੇ P_1M_1 ਹੋ ਗਈ ਹੈ ਅਤੇ ਪੈਦਾਵਾਰ OM ਤੋਂ ਵੱਧ ਕੇ OM_1 ਹੋ ਗਈ ਹੈ। ਵਧੇਰੇ ਲਚਕਦਾਰ ਪੂਰਤੀ ਵਕਰ ਦੀ ਹਾਲਤ ਵਿੱਚ ਕੀਮਤ ਕੇਵਲ P_2M_2 ਵਧੀ ਹੈ ਜਦੋਂ ਕਿ ਪੈਦਾਵਾਰ ਵਿੱਚ ਵਾਧਾ OM_2 ਤੱਕ ਹੋ ਗਿਆ ਹੈ।

$$OM_1 < OM_2,\ P_1M_1 > P_2M_2$$

ਜਦੋਂ ਪੂਰਤੀ ਦੀ ਲਚਕ ਵਧੇਰੇ ਹੈ ਤਾਂ ਮੰਗ ਵਿੱਚ ਵਾਧਾ ਕੀਮਤ ਵਿੱਚ ਥੋੜ੍ਹਾ ਵਾਧਾ ਕਰੇਗਾ ਅਤੇ ਜਦੋਂ ਪੂਰਤੀ ਦੀ ਲਚਕ ਘੱਟ ਹੈ ਤਾਂ ਮੰਗ ਵਿੱਚ ਵਾਧਾ ਕੀਮਤ ਵਿੱਚ ਵਧੇਰੇ ਵਾਧਾ ਕਰੇਗਾ।

2.1.3.5.2 ਉਦਯੋਗ ਦਾ ਲੰਬੇ ਸਮੇਂ ਦਾ ਸੰਤੁਲਨ (Long-Period equilibrium of the industry):

ਲੰਬੇ ਸਮੇਂ ਵਿੱਚ ਪੂਰਤੀ ਵਿੱਚ ਤਬਦੀਲੀ ਵੀ ਸੰਭਵ ਹੈ ਕਿਉਂਕਿ ਮੌਜੂਦਾ ਫ਼ਰਮਾਂ ਆਪਣੀ ਉਪਜ ਵਿੱਚ ਵਾਧਾ

ਕਰ ਸਕਦੀਆਂ ਹਨ ਅਤੇ ਨਵੀਆਂ ਫ਼ਰਮਾਂ ਦੇ ਪ੍ਰਵੇਸ਼ ਨਾਲ ਵੀ ਉਪਜ ਵਿੱਚ ਵਾਧਾ ਹੋ ਸਕਦਾ ਹੈ। ਮੰਗ ਵਿੱਚ ਵਾਧਾ ਹੋਣ ਨਾਲ ਕੀਮਤ ਵਿੱਚ ਕਿੰਨਾ ਵਾਧਾ ਹੋਵੇਗਾ? ਇਹ ਗੱਲ ਪੂਰਤੀ ਵਿੱਚ ਕਿੰਨੀ ਤਬਦੀਲ ਕੀਤੀ ਜਾ ਸਕਦੀ ਹੈ ਤੇ ਨਿਰਭਰ ਕਰਦਾ ਹੈ। ਜੇਕਰ ਮੰਗ ਵਿੱਚ ਵਾਧੇ ਨਾਲੋਂ ਪੂਰਤੀ ਵਧੇਰੇ ਵਧ ਜਾਵੇ ਤਾਂ ਕੀਮਤ ਘੱਟ ਵੀ ਸਕਦੀ ਹੈ।



ਚਿੱਤਰ ਨੰ: 9.7

ਚਿੱਤਰ ਨੰ: 1.7 ਵਿੱਚ DD ਅਤੇ SS ਮੂਲ ਮੰਗ ਵਕਰ ਅਤੇ ਮੂਲ ਪੂਰਤੀ ਵਕਰ ਹਨ। E ਬਿੰਦੂ ਤੇ ਉਦਯੋਗ ਸੰਤੁਲਨ ਵਿੱਚ ਹੈ ਅਤੇ ਸੰਤੁਲਨ ਕੀਮਤ OP ਹੈ। ਮੰਗ ਵਿੱਚ ਵਾਧੇ ਕਾਰਣ ਨਵੀਂ D_1D_1 ਮੰਗ ਵਕਰ ਬਣ ਗਈ ਹੈ ਅਤੇ ਜੇਕਰ ਲੰਬੇ ਸਮੇਂ ਵਿੱਚ ਇਸ ਦੇ ਬਰਾਬਰ ਪੂਰਤੀ ਵਿੱਚ ਵਾਧਾ ਕਰ ਲਿਆ ਜਾਵੇ ਪੂਰਤੀ ਵਕਰ SS ਤੋਂ ਤਬਦੀਲ ਹੋ ਕੇ S_1S_1 ਹੋ ਗਈ ਹੈ ਤਾਂ ਕੀਮਤ ਮੂਲ ਪੱਧਰ OP ਤੇ ਹੀ ਟਿਕੀ ਰਹੇਗੀ, ਇਹ ਸਥਿਤੀ ਤਾਂ ਚਿੱਤਰ 9.7 ਰਾਹੀਂ ਦਿਖਾਈ ਜਾ ਚੁੱਕੀ ਹੈ। ਪ੍ਰੰਤੂ ਜੇਕਰ ਪੂਰਤੀ ਵਿੱਚ ਹੋਇਆ ਵਾਧਾ ਮੰਗ ਵਿੱਚ ਹੋਏ ਵਾਧੇ ਨਾਲੋਂ ਘੱਟ ਹੋਵੇਗਾ ਤਾਂ ਕੀਮਤ ਮੂਲ ਪੱਧਰ ਤੋਂ ਵੱਧ ਜਾਵੇਗੀ ਪਰ ਜੇ ਪੂਰਤੀ ਵਿੱਚ ਹੋਇਆ ਵਾਧਾ ਮੰਗ ਵਿੱਚ ਹੋਏ ਵਾਧੇ ਨਾਲੋਂ ਜ਼ਿਆਦਾ ਹੋਵੇਗਾ ਤਾਂ ਕੀਮਤ ਸਗੋਂ OP ਤੋਂ ਵੀ ਥੱਲੇ ਆ ਜਾਵੇਗੀ। ਇਹਨਾਂ ਸਥਿਤੀਆਂ ਦੇ ਚਿੱਤਰ ਤੁਸੀਂ ਬਣਾ ਕੇ ਅਭਿਆਸ ਕਰੋ।

ਸੋ ਇਹ ਤਾਂ ਸਪਸ਼ੱਟ ਹੈ ਕਿ ਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਕੀਮਤ ਮੰਗ ਅਤੇ ਪੂਰਤੀ ਦੀਆਂ ਸ਼ਕਤੀਆਂ ਦੀ ਆਪਸੀ ਕ੍ਰਿਆ ਰਾਹੀਂ ਨਿਰਧਾਰਤ ਹੁੰਦੀ ਹੈ। ਜਿੱਥੇ ਇਹ ਦੋਵੇਂ ਬਰਾਬਰ ਹੋ ਜਾਣ ਕੀਮਤ ਉੱਥੇ ਨਿਰਧਾਰਤ ਹੋ ਜਾਂਦੀ ਹੈ। ਇਸ ਤੋਂ ਇਲਾਵਾ ਇੱਕ ਗੱਲ ਹੋਰ ਮਹਤੱਵਪੂਰਣ ਹੈ। ਉਹ ਇਹ ਕਿ ਲੰਬੇ ਸਮੇਂ ਵਿੱਚ ਸਥਾਪਿਤ ਹੋਣ ਵਾਲੀ ਕੀਮਤ ਉਸ ਵਸਤੂ ਦੇ ਉਤਪਾਦਨ ਤੇ ਲਾਗੂ ਹੁੰਦੇ ਪ੍ਰਤਿਫਲ ਦੇ ਨਿਯਮ ਤੋਂ ਪ੍ਰਭਾਵਿਤ ਹੋਵੇਗੀ।

2.1.3.5.3 ਵੱਖ-ਵੱਖ ਲਾਗਤ ਹਾਲਤਾਂ ਅਧੀਨ ਲੰਬੇ ਸਮੇਂ ਵਿੱਚ ਉਦਯੋਗ ਦਾ ਸੰਤੁਲਨ :(Long run equilibrium of industry under different cost conditions) :

ਲੰਬੇ ਸਮੇਂ ਵਿੱਚ ਉਤਪਾਦਨ ਦੇ ਸਾਰੇ ਸਾਧਨ ਬਦਲਣਸ਼ੀਲ ਹੁੰਦੇ ਹਨ। ਸੋ ਅਸੀਂ ਇਹ ਦੇਖਣਾ ਹੈ ਕਿ ਵਸਤੂ ਦੀ ਮੰਗ ਵਿੱਚ ਵਾਧਾ ਹੋਣ ਤੇ ਉਦਯੋਗ ਕਿਸ ਤਰ੍ਹਾਂ ਦੀ ਵਿਵਸਥਾ ਕਰਦਾ ਹੈ ਅਤੇ ਵਧਦੀਆਂ ਲਾਗਤਾਂ, ਸਥਿਰ ਲਾਗਤਾਂ ਅਤੇ ਘਟਦੀਆਂ ਲਾਗਤਾਂ ਵਾਲੀਆਂ ਭਿੰਨ ਭਿੰਨ ਹਾਲਤਾਂ ਵਿੱਚ ਕੀਮਤ ਕਿਵੇਂ ਨਿਰਧਾਰਿਤ ਹੁੰਦੀ ਹੈ? ਭਾਵ ਪੈਮਾਨੇ ਅਨੁਸਾਰ ਪ੍ਰਤਿਫਲ ਦੇ ਨਿਯਮ ਲੰਬੇ ਸਮੇਂ ਵਿੱਚ ਉਦਯੋਗ ਦੇ ਪੂਰਤੀ ਵਕਰ ਦੀ ਸ਼ਕਲ ਅਤੇ ਕੀਮਤ ਨੂੰ ਕਿਵੇ ਪ੍ਰਭਾਵਿਤ ਕਰਦੇ ਹਨ?

ਵਧਦੀਆਂ ਲਾਗਤਾਂ ਵਾਲੇ ਉਦਯੋਗ ਵਿੱਚ ਬਾਹਰੀ ਹਾਨੀਆਂ (External Diseconomies) ਬਾਹਰੀ ਬੱਚਤਾਂ (External Economies) ਨਾਲੋਂ ਭਾਰੂ ਹੁੰਦੀਆਂ ਹਨ। ਇਸ ਕਾਰਣ ਉਦਯੋਗ ਦੇ ਵਿਸਥਾਰ ਸਮੇਂ ਫ਼ਰਮਾਂ ਦੀਆਂ ਲਾਗਤ ਵਕਰਾਂ ਉੱਚੀਆਂ ਹੋ ਜਾਣਗੀਆਂ ਅਤੇ ਉਦਯੋਗ ਦਾ ਲੰਬੇ ਸਮੇਂ ਦਾ ਪੂਰਤੀ ਵਕਰ ਧਨਾਤਮਕ ਭਾਵ ਖੱਬਿਓਂ ਸੱਜੇ ਪਾਸੇ ਉਤਾਂਹ ਵੱਲ ਜਾਵੇਗਾ। ਇਹ ਸਥਿਤੀ ਚਿੱਤਰ ਨੰ: 1.8 (ਅ) ਵਿੱਚ ਦਿਖਾਈ ਗਈ ਹੈ।



ਚਿੱਤਰ ਨੰ: 9.8

ਚਿੱਤਰ ਵਿੱਚ ਸਪਸ਼ੱਟ ਹੋ ਰਿਹਾ ਹੈ ਕਿ ਵਧਦੀਆਂ ਲਾਗਤਾਂ ਵਾਲੇ ਉਦਯੋਗ ਵਿੱਚ ਮੰਗ ਵਿੱਚ ਵਾਧਾ ਹੋਣ ਤੇ ਪੂਰਤੀ ਨੂੰ ਕੇਵਲ ਕੀਮਤ ਵਿੱਚ ਵਾਧਾ ਕਰਕੇ ਵਧਾਇਆ ਜਾ ਸਕਦਾ ਹੈ। ਪੈਦਾਵਾਰ ON ਤੋਂ ON_1 ਕਰਨ ਲਈ ਕੀਮਤ ਵੀ OP ਤੋਂ OP_1 ਵਧ ਗਈ ਹੈ। ਲੰਬੇ ਸਮੇਂ ਦਾ ਪੂਰਤੀ ਵਕਰ LRS ਖੱਬਿਓਂ ਸੱਜੇ ਉਤਾਂਹ ਨੂੰ ਜਾ ਰਿਹਾ ਹੈ।

ਸਥਿਰ ਲਾਗਤਾਂ ਵਾਲੇ ਉਦਯੋਗ ਵਿੱਚ ਬਾਹਰੀ ਬੱਚਤਾਂ ਅਤੇ ਹਾਨੀਆਂ ਬਰਾਬਰ ਹੁੰਦੀਆਂ ਹਨ। ਅਜਿਹਾ ਹੋਣ ਕਾਰਣ ਮੰਗ ਵਧਣ ਕਾਰਣ ਉਤਪਾਦਨ ਵਧਾਉਣ ਤੇ ਵੀ ਫ਼ਰਮਾਂ ਦੀ ਉਤਪਾਦਨ ਲਾਗਤ ਪਹਿਲਾਂ ਵਾਲੀ ਹੀ ਰਹੇਗੀ। ਅਜਿਹੀ ਹਾਲਤ ਵਿੱਚ ਉਦਯੋਗ ਬਿਨਾਂ ਕੀਮਤ ਵਧਾਏ ਪੂਰਤੀ ਵਧਾ ਸਕਦਾ ਹੈ।



ਚਿੱਤਰ ਨੰ: 9.9

ਚਿੱਤਰ ਨੰ: 1.9 ਤੋਂ ਸਪਸ਼ੱਟ ਹੈ ਕਿ ਪੈਦਾਵਾਰ ਨੂੰ OM ਤੋਂ OM_1 ਤੱਕ ਵਧਾਉਣ ਲਈ ਫ਼ਰਮਾਂ ਦੀਆਂ ਲਾਗਤਾਂ ਵਿੱਚ ਕੋਈ ਵਾਧਾ ਨਹੀਂ ਹੁੰਦਾ, ਨਤੀਜੇ ਵਜੋਂ ਕੀਮਤ ਵੀ OP ਹੀ ਰਹਿੰਦੀ ਹੈ।

ਆਓ ਹੁਣ ਦੇਖੀਏ ਕਿ ਘਟਦੀਆਂ ਲਾਗਤਾਂ ਵਾਲੇ ਉਦਯੋਗ ਵਿੱਚ ਪੂਰਤੀ ਵਕਰ ਕਿਹੋ ਜਿਹਾ ਹੋਵੇਗਾ, ਪੈਦਾਵਾਰ ਵਿੱਚ ਵਾਧਾ ਕਿਸ ਕੀਮਤ ਤੇ ਹੋਵੇਗਾ। ਜਿਵੇਂ ਜਿਵੇਂ ਕਿਸੇ ਉਦਯੋਗ ਵਿੱਚ ਨਵੀਆਂ ਫ਼ਰਮਾਂ ਸ਼ਾਮਿਲ ਹੋਣਗੀਆਂ, ਉਦਯੋਗ ਦੇ ਵਧ ਰਹੇ ਆਕਾਰ ਕਾਰਣ ਉਦਯੋਗ ਦੀਆਂ ਢੋਆ-ਢੁਆਈ ਅਤੇ ਮੰਡੀ ਸਹੂਲਤਾਂ ਸੁਧਰ ਜਾਣਗੀਆਂ। ਬਾਹਰੀ ਬੱਚਤਾਂ ਦੇ ਕਾਰਣ ਸਾਰੀਆਂ ਫ਼ਰਮਾਂ ਦੀਆਂ ਉਤਪਾਦਨ ਦੀਆਂ ਲਾਗਤਾਂ ਘਟ ਜਾਣਗੀਆਂ ਅਤੇ ਵਧਦੀ ਮੰਗ ਲਈ ਉਦਯੋਗ ਫ਼ਰਮਾਂ ਦੀਆਂ ਉਤਪਾਦਨ ਦੀਆਂ ਲਾਗਤਾਂ ਘੱਟ ਜਾਣਗੀਆਂ ਅਤੇ ਵਧਦੀ ਮੰਗ ਲਈ ਉਦਯੋਗ ਪਹਿਲਾਂ ਨਾਲੋਂ ਘੱਟ ਕੀਮਤ ਤੇ ਪੂਰਤੀ ਨੂੰ ਵਧਾ ਸਕੇਗਾ।

ਇਹ ਸਥਿਤੀ ਚਿੱਤਰ ਨੰ: 1.10 ਤੋ ਸਪਸ਼ੱਟ ਹੈ। ਲੰਬੇ ਸਮੇਂ ਵਿੱਚ ਉਤਪਾਦਨ ਲਾਗਤਾਂ ਘਟਣ ਨਾਲ ਸੰਤੁਲਨ E ਤੋਂ E_1 ਬਿੰਦੂ ਤੇ ਆ ਗਿਆ ਹੈ। ਉਦਯੋਗ ਪਹਿਲਾਂ ਨਾਲੋਂ ਵਧੇਰੇ ਪੈਦਾਵਾਰ (ON ਦੀ ਬਜਾਏ ON_1) OP ਕੀਮਤ (ਉਚੇਰੀ) ਦੀ ਬਜਾਇ OP_1 ਕੀਮਤ ਦੇਣ ਦੇ ਸਮਰੱਥ ਹੈ। ਉਦਯੋਗ ਦਾ ਪੂਰਤੀ ਵਕਰ ਖੱਬਿਓਂ ਸੱਜੇ ਹੇਠਾਂ ਵੱਲ ਨੂੰ ਢਾਲ ਵਾਲਾ ਹੋਵੇਗਾ।



ਚਿੱਤਰ ਨੰ: 9.10

ਸਵੈ-ਮੁਲਾਂਕਣ ਅਭਿਆਸ-4

ਵੱਖ ਵੱਖ ਲਾਗਤ ਹਾਲਤਾਂ ਅਧੀਨ ਪੂਰਣ ਮੁਕਾਬਲੇ ਵਿੱਚ ਉਦਯੋਗ ਦੇ ਪੂਰਤੀ ਵਕਰ ਬਣਾ ਕੇ ਵੇਖੋ।

2.1.4 ਸਾਰਾਂਸ਼ :

ਇਸ ਪਾਠ ਵਿੱਚ ਤੁਸੀਂ ਪੂਰਣ ਮੁਕਾਬਲੇ ਵਾਲੀ ਮੰਡੀ ਬਾਰੇ ਪੜ੍ਹ ਚੁੱਕੇ ਹੋ। ਤੁਹਾਨੂੰ ਸਪਸ਼ੱਟ ਹੋ ਗਿਆ ਹੋਵੇ ਗਾ ਕਿ ਇਸ ਮੰਡੀ ਵਿੱਚ ਖ਼ਰੀਦਾਰਾਂ ਅਤੇ ਵਿਕਰੇਤਾਵਾਂ ਦੀ ਵੱਡੀ ਸੰਖਿਆ ਹੁੰਦੀ ਹੈ, ਇੱਕ ਸਮਾਨ ਵਸਤੂ ਹੁੰਦੀ ਹੈ, ਵਸਤੂ ਦੀ ਕੀਮਤ ਉਦਯੋਗ ਵੱਲੋਂ ਮੰਗ ਅਤੇ ਪੂਰਤੀ ਦੀਆਂ ਸ਼ਕਤੀਆਂ ਰਾਹੀਂ ਨਿਰਧਾਰਤ ਕੀਤੀ ਜਾਂਦੀ ਹੈ ਅਤੇ ਫ਼ਰਮ ਨੂੰ ਉਸੇ ਕੀਮਤ ਨੂੰ ਅਪਨਾਉਣਾ ਪੈਂਦਾ ਹੈ। ਲਾਗਤ ਵਿੱਚ ਵਿਕਰੀ ਲਾਗਤਾਂ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ। ਫ਼ਰਮਾਂ ਨੂੰ ਉਦਯੋਗ ਵਿੱਚ ਆਉਣ ਤੇ ਜਾਣ ਦੀ ਖੁੱਲ੍ਹ ਹੁੰਦੀ ਹੈ। ਫਿਰ ਤੁਸੀਂ ਪੂਰਣ ਅਤੇ ਸ਼ੁਧ ਮੁਕਾਬਲੇ ਵਿੱਚ ਅੰਤਰ ਬਾਰੇ

ਪੜ੍ਹਿਆ ਹੈ। ਫ਼ਰਮ ਦਾ ਥੋੜ੍ਹੇ ਸਮੇਂ ਵਿੱਚ ਸੰਤੁਲਨ ਪੜ੍ਹਦਿਆਂ ਤੁਹਾਨੂੰ ਯਾਦ ਹੋਵੇਗਾ ਕਿ ਮਾਰਸ਼ਲ ਦੇ ਸਮਾਂ ਤੱਤ ਬਾਰੇ ਵੀ ਦੱਸਿਆ ਗਿਆ ਹੈ। ਮਾਰਸ਼ਲ ਨੇ (1) ਬਾਜ਼ਾਰ ਕਾਲ (2) ਅਪਲਕਾਲ ਅਤੇ (3) ਦੀਰਘ ਕਾਲ ਵਿੱਚ ਸਮੇਂ ਨੂੰ ਵੰਡਿਆ ਹੈ। ਜਿੱਥੇ ਫ਼ਰਮ ਦੇ ਥੋੜ੍ਹੇ ਸਮੇਂ ਦੇ ਸੰਤੁਲਨ ਲਈ ਦੋ ਸ਼ਰਤਾਂ ਹਨ। ਉਥੇ ਫ਼ਰਮ ਦੇ ਲੰਬੇ ਸਮੇਂ ਦੇ ਸੰਤੁਲਨ ਲਈ AR = MR = MC = AC ਦੀ ਸ਼ਰਤ ਵੀ ਪੂਰੀ ਹੁੰਦੀ ਹੈ ਅਤੇ ਫ਼ਰਮ ਸਾਧਾਰਨ ਮੁਨਾਫ਼ਾ ਕਮਾ ਰਹੀ ਹੁੰਦੀ ਹੈ। ਉਦਯੋਗ ਦੇ ਥੋੜ੍ਹੇ ਸਮੇਂ ਦੇ ਸੰਤੁਲਨ ਵਿੱਚ ਜਿਥੇ ਮੰਗ ਤੱਤ ਵਧੇਰੇ ਪ੍ਰਭਾਵੀ ਹੁੰਦਾ ਹੈ ਉਥੇ ਲੰਬੇ ਸਮੇਂ ਵਿੱਚ ਪੂਰਤੀ ਵਿੱਚ ਵੀ ਤਬਦੀਲੀ ਸੰਭਵ ਹੈ। ਵੱਖ ਵੱਖ ਲਾਗਤਾਂ ਵਾਲੀ ਹਾਲਤ ਵਿੱਚ ਪੂਰਤੀ ਵਕਰ ਦੀ ਵੱਖਰੀ ਵੱਖਰੀ ਸ਼ਕਲ ਬਾਰੇ ਵੀ ਦੱਸਿਆ ਗਿਆ ਹੈ। ਵਧਦੀਆਂ ਲਾਗਤਾਂ ਵਾਲੀ ਸਥਿਤੀ ਵਿੱਚ ਲੰਬੇ ਸਮੇਂ ਦਾ ਪੂਰਤੀ ਵਕਰ ਧਨਾਤਮਕ ਢਾਲ ਵਾਲਾ, ਸਮਾਨ ਲਾਗਤਾਂ ਦੀ ਸਥਿਤੀ ਵਿੱਚ ਸਮਾਨਾਂਤਰ ਅਤੇ ਘਟਦੀਆਂ ਲਾਗਤਾਂ ਦੀ ਸਥਿਤੀ ਵਿੱਚ ਰਿਣਾਤਮਕ ਢਾਲ ਵਾਲਾ ਹੋਵੇਗਾ।

2.1.5 ਤਕਨੀਕੀ ਸ਼ਬਦਾਵਲੀ :

ਸੰਤੁਲਨ ਕੀਮਤ :

ਕਿਸੇ ਖਾਸ ਸਮੇਂ ਤੇ ਮੰਗ ਅਤੇ ਪੂਰਤੀ ਦੀਆਂ ਸ਼ਕਤੀਆਂ ਦੇ ਸੰਤੁਲਨ ਨਾਲ ਨਿਰਧਾਰਤ ਹੋਣ ਵਾਲੀ ਕੀਮਤ ਨੂੰ ਸੰਤੁਲਨ ਕੀਮਤ ਕਹਿੰਦੇ ਹਨ।

ਉਤਪਾਦਨ ਬੰਦੀ :

ਥੋੜ੍ਹੇ ਸਮੇਂ ਵਿੱਚ ਫਰਮ ਨੁਕਸਾਨ ਦੀ ਹਾਲਤ ਵਿੱਚ ਉਸ ਸਮੇਂ ਤੱਕ ਉਤਪਾਦਨ ਕਰਦੀ ਰਹੇਗੀ। ਜਦੋਂ ਤੱਕ ਉਸਨੂੰ ਔਸਤ ਦਰ ਲਾਗਤ ਦੇ ਬਰਾਬਰ ਕੀਮਤ ਮਿਲਦੀ ਰਹੇ ਪ੍ਰੰਤੂ ਇਸ ਤੋਂ ਘੱਟ ਕੀਮਤ ਤੇ ਕੋਈ ਵੀ ਫਰਮ ਉਤਪਾਦਨ ਬੰਦੀ ਭਾਵ ਇਸ ਵਸਤੂ ਦਾ ਉਤਪਾਦਨ ਬੰਦ ਕਰਨ ਲਈ ਮਜ਼ਬੂਰ ਹੋ ਜਾਵੇਗੀ।

ਬਾਜ਼ਾਰ ਕੀਮਤ ਅਤੇ ਸਾਧਾਰਨ ਕੀਮਤ :

ਬਾਜ਼ਾਰ ਕੀਮਤ ਘਟਦੀ ਵਧਦੀ ਰਹਿੰਦੀ ਹੈ ਜਦੋਂ ਕਿ ਸਾਧਾਰਨ ਕੀਮਤ ਸਥਿਰ ਰਹਿੰਦੀ ਹੈ। ਬਾਜ਼ਾਰ ਕੀਮਤ ਵਿੱਚ ਮੰਗ ਤੱਤ ਵਧੇਰੇ ਪ੍ਰਭਾਵੀ ਹੁੰਦਾ ਹੈ ਜਦੋਂ ਕਿ ਸਾਧਾਰਨ ਕੀਮਤ ਵਿੱਚ ਮੰਗ ਅਤੇ ਪੂਰਤੀ ਦੋਵੇਂ ਤੱਤ ਪ੍ਰਭਾਵਿਤ ਹੁੰਦੇ ਹਨ।

2.1.6 ਸੁਝਾਏ ਪ੍ਰਸ਼ਨ

(ਲੰਮੇ ਉੱਤਰਾਂ ਵਾਲੇ)

1. ਪੂਰਣ ਮੁਕਾਬਲੇ ਦੀ ਪਰਿਭਾਸ਼ਾ ਦਿਓ। ਇਸ ਮੰਡੀ ਵਿੱਚ ਕੀਮਤ ਕਿਸ ਤਰ੍ਹਾਂ ਨਿਰਧਾਰਤ ਹੁੰਦੀ ਹੈ?
2. ਥੋੜ੍ਹੇ ਸਮੇਂ ਵਿੱਚ ਪੂਰਤੀ ਲਚਕਹੀਨ ਹੁੰਦੀ ਹੈ ਜਦਕਿ ਲੰਬੇ ਸਮੇਂ ਵਿੱਚ ਲਚਕਦਾਰ ਹੁੰਦੀ ਹੈ, ਪੂਰਣ ਮੁਕਾਬਲੇ ਵਾਲੀ ਮੰਡੀ ਦੇ ਸੰਦਰਭ ਵਿੱਚ ਵਿਆਖਿਆ ਕਰੋ।
3. ਪੂਰਣ ਮੁਕਾਬਲੇ ਅਧੀਨ ਕਿਸੇ ਫ਼ਰਮ ਦੇ ਥੋੜ੍ਹੇ ਸਮੇਂ ਅਤੇ ਲੰਬੇ ਸਮੇਂ ਦੇ ਸੰਤੁਲਨਾਂ ਨੂੰ ਰੇਖਾਂ ਚਿੱਤਰਾਂ ਦੀ ਸਹਾਇਤਾ ਨਾਲ ਦਿਖਾਓ।
4. ਪੂਰਣ ਮੁਕਾਬਲੇ ਵਿੱਚ ਉਦਯੋਗ ਵੱਲੋਂ ਕੀਮਤ ਕਿਸ ਤਰ੍ਹਾਂ ਨਿਰਧਾਰਿਤ ਕੀਤੀ ਜਾਂਦੀ ਹੈ, ਵਿਆਖਿਆ ਕਰੋ।
5. ਵੱਖ-ਵੱਖ ਲਾਗਤ ਹਾਲਤਾਂ ਵਿੱਚ ਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਉਦਯੋਗ ਦੇ ਸੰਤੁਲਨ ਬਾਰੇ ਦੱਸੋ।

(ਛੋਟੇ ਉੱਤਰਾਂ ਵਾਲੇ ਪ੍ਰਸ਼ਨ)

1. ਪੂਰਣ ਮੁਕਾਬਲੇ ਦਾ ਅਰਥ ਦੱਸੋ।
2. ਸੰਤੁਲਨ ਕੀਮਤ ਅਤੇ ਸਾਧਾਰਣ ਸੰਤੁਲਨ ਕੀਮਤ ਵਿੱਚ ਫ਼ਰਕ ਕਰੋ।
3. ਬਾਜ਼ਾਰ ਕਾਲ ਅਤੇ ਅਲਪਕਾਲ ਵਿੱਚ ਫਰਕ ਕਰੋ।
4. ਪੂਰਣ ਮੁਕਾਬਲੇ ਵਿੱਚ ਉਤਪਾਦਨ ਬੰਦੀ (shut down) ਦੀ ਸਥਿਤੀ ਬਾਰੇ ਦੱਸੋ।

2.1.7 ਸੁਝਾਈਆਂ ਪੁਸਤਕਾਂ :

1. S.K. Mishra & V.K. Puri : Micro Economics - Theory and Applications, Vol.I
2. H.L. Ahuja : Principles of Micro Economics.
3. B.K. Sharma & Gulshan Kumar: Price Theory And Distribution (Punjabi Medium).

ਪਾਠ ਨੰ : 2.2 ਲੇਖਕ : ਡਾ. ਹਰਵਿੰਦਰ ਕੌਰ

ਏਕਾਧਿਕਾਰ ਦੀ ਸਥਿਤੀ ਵਿੱਚ ਕੀਮਤ ਨਿਰਧਾਰਣ
(Price Determination under Monopoly)

2.2.1 ਉਦੇਸ਼
2.2.2 ਭੂਮਿਕਾ
2.2.3 ਏਕਾਧਿਕਾਰ ਦੀ ਸਥਿਤੀ ਵਿੱਚ ਕੀਮਤ ਅਤੇ ਪੈਦਾਵਾਰ ਨਿਰਧਾਰਣ
2.2.4 ਏਕਾਧਿਕਾਰ ਫ਼ਰਮ ਦਾ ਸੰਤੁਲਨ/ਕੀਮਤ-ਉਤਪਾਦਨ ਨਿਰਣਾ
2.2.4.1 ਥੋੜ੍ਹੇ ਸਮੇਂ ਦਾ ਸੰਤੁਲਨ
2.2.4.2 ਲੰਬੇ ਸਮੇਂ ਦਾ ਸੰਤੁਲਨ
2.2.4.3 ਏਕਾਧਿਕਾਰ ਅਤੇ ਪੂਰਣ ਮੁਕਾਬਲਾ/ਪ੍ਰਤੀਯੋਗਤਾ-ਤੁਲਨਾ
2.2.4.4 ਵਿਭੇਦਕਾਰੀ ਏਕਾਧਿਕਾਰ
2.2.4.5 ਡੰਮਪਿੰਗ
2.2.5 ਸਾਰਾਂਸ਼
2.2.6 ਤਕਨੀਕੀ ਸ਼ਬਦਾਵਲੀ
2.2.7 ਸੁਝਾਏ ਪ੍ਰਸ਼ਨ
2.2.8 ਸੁਝਾਈਆਂ ਪੁਸਤਕਾਂ

2.2.1 ਉਦੇਸ਼

ਤੁਸੀਂ ਵੇਖੋਗੇ ਕਿ ਇਸ ਮੰਡੀ ਦੀਆਂ ਮੁੱਖ ਵਿਸ਼ੇਸ਼ਤਾਈਆਂ ਇਹ ਹਨ :

1. ਏਕਾਧਿਕਾਰ ਦੀ ਸਥਿਤੀ ਵਿੱਚ ਵਸਤੂ ਦਾ ਇੱਕ ਹੀ ਵਿਕਰੇਤਾ/ਉਤਪਾਦਕ ਹੁੰਦਾ ਹੈ।
2. ਵਸਤੂ ਦਾ ਕੋਈ ਨਜ਼ਦੀਕੀ ਪ੍ਰਤਿਸਥਾਪਕ ਨਹੀਂ ਹੁੰਦਾ।
3. ਏਕਾਧਿਕਾਰ ਦਾ ਵਸਤੂ ਦੀ ਕੀਮਤ ਅਤੇ ਪੂਰਤੀ ਉੱਤੇ ਪੂਰਾ ਨਿਯੰਤਰਣ ਹੁੰਦਾ ਹੈ।
4. ਫ਼ਰਮ ਅਤੇ ਉਦਯੋਗ ਵਿੱਚ ਕੋਈ ਅੰਤਰ ਨਹੀਂ ਹੁੰਦਾ।
5. ਮੰਡੀ ਵਿੱਚ ਨਵੀਆਂ ਫ਼ਰਮਾਂ ਦੇ ਦਾਖਲੇ ਤੇ ਰੋਕ ਹੁੰਦੀ ਹੈ।

2.2.2 ਭੂਮਿਕਾ

ਪਿਛਲੇ ਪਾਠ ਵਿੱਚ ਤੁਸੀਂ ਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਵਸਤੂ ਦੀ ਕੀਮਤ ਅਤੇ ਪੈਦਾਵਾਰ ਨਿਰਧਾਰਣ ਬਾਰੇ ਪੜ੍ਹ ਕੇ ਆਏ ਹੋ। ਇਸ ਪਾਠ ਵਿੱਚ ਤੁਸੀਂ ਉਸ ਨਾਲੋਂ ਬਿਲਕੁਲ ਵੱਖਰੀ ਮੰਡੀ ਭਾਵ ਏਕਾਧਿਕਾਰ (ਇਜ਼ਾਰੇਦਾਰੀ) ਵਾਲੀ ਮੰਡੀ ਜਿਸ ਵਿੱਚ ਮੁਕਾਬਲੇ ਦੀ ਅਨਹੋਂਦ ਹੁੰਦੀ ਹੈ ਬਾਰੇ ਪੜ੍ਹੋਗੇ। ਇਸ ਮੰਡੀ/ਬਾਜ਼ਾਰ ਵਿੱਚ ਕਿਸੇ ਵਸਤੂ/ਸੇਵਾ ਦਾ ਇੱਕੋ ਉਤਪਾਦਕ ਹੁੰਦਾ ਹੈ। ਉਸ ਵਸਤੂ ਦਾ ਕੋਈ ਨੇੜਲਾ ਪ੍ਰਤਿਸਥਾਪਕ (Close Substitute) ਨਹੀਂ ਹੁੰਦਾ। ਪੂਰਣ ਮੁਕਾਬਲੇ ਵਿੱਚ ਜਿੱਥੇ ਵਸਤੂ ਦੇ ਬਹੁਤ ਸਾਰੇ ਉਤਪਾਦਕ ਹੁੰਦੇ ਹਨ ਉੱਥੇ ਉਨ੍ਹਾਂ ਵਿੱਚ ਸਖਤ ਮੁਕਾਬਲਾ ਹੁੰਦਾ ਹੈ ਅਤੇ ਕੋਈ ਇੱਕਲਾ ਉਤਪਾਦਕ ਮੰਡੀ ਵਿੱਚ ਵਸਤੂ ਦੀ ਪ੍ਰਚਲਿਤ ਕੀਮਤ ਨੂੰ ਬਦਲਣ ਦੇ ਸਮਰੱਥ ਨਹੀਂ ਹੁੰਦਾ। ਉਥੇ ਇਸ ਦੇ ਉਲਟ ਏਕਾਧਿਕਾਰ ਵਿੱਚ ਉਦਯੋਗ ਵਿੱਚ ਇਕ ਹੀ ਫ਼ਰਮ ਹੁੰਦੀ ਹੈ ਅਤੇ ਇਹ ਆਪਣੀ ਮਰਜ਼ੀ ਮੁਤਾਬਿਕ ਪੂਰਤੀ ਤਬਦੀਲ ਕਰਕੇ ਕੀਮਤ ਘੱਟ ਵੱਧ ਕਰ ਸਕਦੀ ਹੈ।

ਪਰਿਭਾਸ਼ਾਵਾਂ

ਅਰਥ ਸ਼ਾਸਤਰੀ ਸਟਿਗਲਰ ਦੇ ਅਨੁਸਾਰ, ''ਏਕਾਧਿਕਾਰ ਇੱਕ ਐਸੀ ਫ਼ਰਮ ਹੁੰਦੀ ਹੈ ਜੋ ਅਜਿਹੀ ਵਸਤੂ ਦਾ

ਉਤਪਾਦਨ ਕਰਦੀ ਹੈ ਜਿਸ ਦਾ ਕੋਈ ਨੇੜੇ ਦਾ ਪ੍ਰਤਿਸਥਾਪਕ ਨਹੀਂ ਹੁੰਦਾ।'' ("A monopoly is a firm producing a commodity for which there are no close substitutes"–Stigler)

ਐਚ. ਸਪਾਈਟ ਦੇ ਅਨੁਸਾਰ, ''ਏਕਾਧਿਕਾਰ ਇੱਕ ਅਜਿਹੀ ਫ਼ਰਮ ਹੈ ਜੋ ਕਿਸੇ ਵਸਤੂ ਦੀ ਸਾਰੀ ਪੂਰਤੀ ਦਾ ਨਿਯੰਤਰਣ ਕਰਦੀ ਹੈ ਅਤੇ ਵਸਤੂ ਦਾ ਕੋਈ ਪ੍ਰਤਿਸਥਾਪਕ ਨਹੀਂ ਹੁੰਦਾ।'' ("A monopoly is a firm which controls the whole supply of a commodity for which there are no substitutes" - H. Speight)

ਏ. ਕਾਊਟਸੋਈਨਿਸ ਦੇ ਅਨੁਸਾਰ, ''ਏਕਾਧਿਕਾਰ ਇੱਕ ਅਜਿਹੀ ਮੰਡੀ ਬਣਤਰ ਹੈ ਜਿਸ ਵਿੱਚ ਕਿਸੇ ਵਸਤੂ ਦਾ ਇੱਕੋ ਵਿਕਰੇਤਾ ਹੁੰਦਾ ਹੈ ਅਤੇ ਇਸ ਵਸਤੂ ਦਾ ਕੋਈ ਨੇੜਲਾ ਪ੍ਰਤਿਸਥਾਪਕ ਨਹੀਂ ਹੁੰਦਾ ਅਤੇ ਨਵੀਆਂ ਫ਼ਰਮਾਂ ਦੇ ਦਾਖਲੇ ਤੇ ਮਨਾਹੀ ਹੁੰਦੀ ਹੈ।'' ("Monopoly is a market structure in which there is a single seller, there are no close substitutes for the commodity it produces and there are barriers to entry"– A. Koutsoyiannis)

ਉਪਰੋਕਤ ਪਰਿਭਾਸ਼ਾਵਾਂ ਪੜ੍ਹ ਕੇ ਤੁਹਾਨੂੰ ਇਹ ਸਪਸ਼ਟ ਹੋ ਗਿਆ ਹੋਵੇਗਾ ਕਿ ਕਿਸੇ ਵਸਤੂ ਦਾ ਜੇਕਰ ਇੱਕੋ ਉਤਪਾਦਕ/ਵਿਕਰੇਤਾ ਹੋਵੇ ਭਾਵ ਵਸਤੂ ਦੀ ਸਾਰੀ ਪੂਰਤੀ ਤੇ ਉਸਦਾ ਕੰਟ੍ਰੋਲ ਹੋਵੇ ਅਤੇ ਵਸਤੂ ਦਾ ਕੋਈ ਨਜ਼ਦੀਕੀ ਪ੍ਰਤਿਸਥਾਪਕ ਨਾ ਹੋਵੇ ਤਾਂ ਇਹ ਸਥਿਤੀ ਏਕਾਧਿਕਾਰ ਵਾਲੀ ਹੋਵੇਗੀ।

ਸਵੈ-ਮੁਲਾਂਕਣ ਅਭਿਆਸ-1

ਏਕਾਧਿਕਾਰ ਦਾ ਅਰਥ ਅਤੇ ਪਰਿਭਾਸ਼ਾਵਾਂ ਪੜ੍ਹਨ ਉਪਰੰਤ ਤੁਸੀਂ ਇਸ ਨਿਵੇਕਲੀ ਮੰਡੀ ਦੀਆਂ ਉਦਾਹਰਣਾਂ ਲਿਖਣ ਦੀ ਕੋਸ਼ਿਸ਼ ਕਰੋ।

ਆਓ ਹੁਣ ਦੇਖੀਏ ਕਿ ਏਕਾਧਿਕਾਰ ਤਾਕਤ ਕਿਸ ਤਰ੍ਹਾਂ ਪੈਦਾ ਹੁੰਦੀ ਹੈ ਭਾਵ ਇਸ ਦੇ ਕੀ ਕਾਰਣ ਹਨ?

2.2.3 ਏਕਾਧਿਕਾਰੀ ਤਾਕਤ ਪੈਦਾ ਹੋਣ ਦੇ ਕਾਰਨ/ਸ੍ਰੋਤ (Sources of Monopoly Power) :

ਏਕਾਧਿਕਾਰੀ ਉਦਯੋਗ ਵਿੱਚ ਨਵੀਆਂ ਫ਼ਰਮਾਂ ਨੂੰ ਸ਼ਾਮਲ ਹੋਣ ਤੋਂ ਰੋਕਣ ਦੀ ਸਮਰੱਥਾ ਹੋਣੀ ਚਾਹੀਦੀ ਹੈ। ਆਓ ਹੁਣ ਦੇਖੀਏ ਕਿ ਕਿਸ ਤਰ੍ਹਾਂ ਦੀਆਂ ਰੋਕਾਂ ਲਗਾ ਕੇ ਏਕਾਧਿਕਾਰੀ ਆਪਣੀ ਸਥਿਤੀ ਕਾਇਮ ਰੱਖ ਸਕਦਾ ਹੈ :

(i) ਗਠਜੋੜ : ਪ੍ਰੋ. ਪੀਗੂ ਅਨੁਸਾਰ ਕੁਝ ਫ਼ਰਮਾਂ ਮਿਲ ਕੇ ਆਪਣਾ ਸੰਗਠਨ (Group) ਬਣਾ ਲੈਂਦੀਆਂ ਹਨ ਅਤੇ ਏਕਾਧਿਕਾਰ ਦੀ ਸਥਾਪਨਾ ਕਰ ਲੈਂਦੀਆਂ ਹਨ ਅਤੇ ਨਤੀਜੇ ਵਜੋਂ ਨਵੀਆਂ ਫ਼ਰਮਾਂ ਉਸ ਵਸਤੂ ਦੇ ਉਤਪਾਦਨ ਲਈ ਉਦਯੋਗ ਵਿੱਚ ਸ਼ਾਮਲ ਨਹੀਂ ਹੁੰਦੀਆਂ।

(ii) ਕਾਨੂੰਨੀ ਰੋਕਾਂ (Legal Restrictions) : ਕੁਝ ਖੇਤਰਾਂ ਵਿੱਚ ਕਾਨੂੰਨੀ ਰੋਕਾਂ ਲਗਾ ਕੇ ਨਵੀਆਂ ਫ਼ਰਮਾਂ ਦੇ ਦਾਖਲੇ ਤੇ ਪਾਬੰਦੀ ਲਗਾ ਦਿੱਤੀ ਜਾਂਦੀ ਹੈ। ਕਈ ਖੇਤਰਾਂ ਵਿੱਚ ਸਰਕਾਰ ਹੀ ਇੱਕ ਏਕਾਧਿਕਾਰੀ ਵਜੋਂ ਕਾਰਜਸ਼ੀਲ ਹੁੰਦੀ ਹੈ। ਉਦਾਹਰਣ ਦੇ ਤੌਰ ਤੇ ਡਾਕ ਸੇਵਾਵਾਂ, ਰੇਲਵੇ ਦੇ ਖੇਤਰ ਵਿੱਚ ਭਾਰਤ ਸਰਕਾਰ ਦੀ ਹੀ ਇਜ਼ਾਰੇਦਾਰੀ ਹੈ।

(iii) ਪੇਟੈਂਟ (Patent) : ਜਦੋਂ ਕੋਈ ਉਤਪਾਦਕ ਆਪਣੀ ਵਸਤੂ ਲਈ ਪੇਟੈਂਟ ਕਰਵਾ ਲੈਂਦਾ ਹੈ ਤਾਂ ਉਸ ਵਸਤੂ ਨੂੰ ਪੈਦਾ ਕਰਨ ਦਾ ਅਧਿਕਾਰ ਉਸ ਫ਼ਰਮ ਦਾ ਹੀ ਰਹਿ ਜਾਂਦਾ ਹੈ ਅਤੇ ਉਸ ਦਾ ਏਕਾਧਿਕਾਰ ਸਥਾਪਿਤ ਹੋ ਜਾਂਦਾ ਹੈ।

ਕਿਸੇ ਉਤਪਾਦਨ ਦੇ ਸਾਧਨ ਜਾਂ ਪੂਰਤੀ ਉਪਰ ਕੰਟਰੋਲ (Control over Inputs or Supply) : ਜਦੋਂ ਕੋਈ ਫ਼ਰਮ ਕਿਸੇ ਸਾਧਨ ਜਾਂ ਵਸਤਾਂ ਦੀ ਪੂਰਤੀ ਕਰਨ ਦਾ ਪੂਰਾ ਕੰਟਰੋਲ ਹਾਸਲ ਕਰਨ ਵਿੱਚ ਸਫ਼ਲ ਹੋ ਜਾਂਦੀ ਹੈ ਤਾਂ ਉਸ ਦੀ ਇਜ਼ਾਰੇਦਾਰੀ ਸਥਾਪਿਤ ਹੋ ਜਾਂਦੀ ਹੈ। ਕਨੇਡਾ ਦੀ ਅੰਤਰਰਾਸ਼ਟਰੀ ਨਿੱਕਲ ਕੰਪਨੀ ਇਸ ਦੀ ਉਦਾਹਰਣ ਹੈ। ਇਸੇ ਤਰ੍ਹਾਂ ਪੈਟਰੋਲ ਬਰਾਮਦ ਕਰਨ ਵਾਲੇ ਦੇਸ਼ਾਂ ਦੀ ਜਥੇਬੰਦੀ OPEC ਦਾ ਖਣਿਜ ਤੇਲਾਂ ਦੇ ਖੇਤਰ ਵਿੱਚ ਏਕਾਧਿਕਾਰ ਹੈ।

(5) **ਜਨਤਕ ਸੇਵਾਵਾਂ (Public Utility Services) :** ਜਨਤਕ ਸੇਵਾਵਾਂ ਮੁਹੱਈਆ ਕਰਨ ਲਈ ਸਰਕਾਰ ਵੱਲੋਂ ਆਮ ਤੌਰ ਤੇ ਸਹੂਲਤਾਂ ਮੁਹੱਈਆ ਕਰਨ ਵਾਲੀਆਂ ਕੰਪਨੀਆਂ ਨੂੰ ਏਕਾਧਿਕਾਰੀ ਅਧਿਕਾਰ ਦੇ ਦਿੱਤੇ

ਜਾਂਦੇ ਹਨ ਤਾਂ ਕਿ ਵੱਡੇ ਪੈਮਾਨੇ ਦੀਆਂ ਬੱਚਤਾਂ ਪ੍ਰਾਪਤ ਕੀਤੀਆਂ ਜਾ ਸਕਣ। ਬਿਜਲੀ, ਪਾਣੀ, ਸੰਚਾਰ, ਸੜਕ, ਸਹੂਲਤਾਂ ਆਦਿ ਖੇਤਰ ਇਸ ਦੀਆਂ ਉਦਾਹਰਣਾਂ ਹਨ।

(6) **ਅਣਉਚਿਤ ਮੁਕਾਬਲਾ** : ਕਈ ਵਾਰੀ ਵੱਡੀ ਫ਼ਰਮ ਵੱਲੋਂ ਆਪਣੀ ਏਕਾਧਿਕਾਰੀ ਵਾਲੀ ਪੁਜੀਸ਼ਨ ਨੂੰ ਬਣਾਈ ਰੱਖਣ ਲਈ ਅਤੇ ਛੋਟੀਆਂ ਫ਼ਰਮਾਂ ਦੇ ਦਾਖਲੇ ਨੂੰ ਰੋਕਣ ਲਈ ਆਪਣਾ ਅਸਰ ਰਸੂਖ ਵਰਤਿਆ ਜਾਂਦਾ ਹੈ। ਨਵੀਆਂ ਫ਼ਰਮਾਂ ਨੂੰ ਬਾਹਰ ਕੱਢਣ ਲਈ ਵੱਡੀ ਫ਼ਰਮ ਵੱਲੋਂ ਆਪਣੀ ਵਸਤੂ ਦੀਆਂ ਕੀਮਤਾਂ ਵੱਡੀ ਪੱਧਰ ਤੇ ਘਟਾ ਦਿੱਤੀਆਂ ਜਾਂਦੀਆਂ ਹਨ।

ਭਾਵੇਂ ਉਪਰੋਕਤ ਕਾਰਣਾਂ ਕਰਕੇ ਕੁਝ ਸਮਾਂ ਕਿਸੇ ਵਸਤੂ ਜਾਂ ਸੇਵਾ ਦੀ ਮੰਡੀ ਵਿੱਚ ਏਕਾਧਿਕਾਰ ਕਾਇਮ ਹੋ ਜਾਂਦਾ ਹੈ ਪ੍ਰੰਤੂ ਲੰਬਾ ਸਮਾਂ ਅਜਿਹੀ ਸਥਿਤੀ ਨਹੀਂ ਰਹਿੰਦੀ। ਏਕਾਧਿਕਾਰੀ ਤਾਕਤਾਂ ਉੱਚੀ ਕੀਮਤ ਰਾਹੀਂ ਉਪਭੋਗੀ ਦੀ ਲੁੱਟ-ਖਸੁੱਟ ਕਰਦੀਆਂ ਹਨ। ਇਸ ਲਈ ਏਕਾਧਿਕਾਰੀ ਦੇ ਵਿਕਾਸ ਨੂੰ ਰੋਕਣ ਲਈ ਸਰਕਾਰ ਏਕਾਧਿਕਾਰੀ ਵਿਰੋਧੀ ਕਾਨੂੰਨ ਪਾਸ ਕਰਦੀ ਹੈ। ਆਮ ਤੌਰ ਤੇ ਜਨਤਕ ਭਲਾਈ ਦੀਆਂ ਸੇਵਾਵਾਂ ਲੰਬੇ ਸਮੇਂ ਵਿੱਚ ਏਕਾਧਿਕਾਰੀ ਹਾਲਤਾਂ ਵਿੱਚ ਮੁਹੱਈਆ ਕੀਤੀਆਂ ਜਾਂਦੀਆਂ ਹਨ।

ਆਓ ਹੁਣ ਏਕਾਧਿਕਾਰੀ ਫ਼ਰਮ ਵਲੋਂ ਕੀਮਤ ਤੇ ਉਪਜ ਸੰਬੰਧੀ ਅਪਣਾਈ ਜਾਣ ਵਾਲੀ ਨੀਤੀ ਬਾਰੇ ਅਧਿਐਨ ਕਰੀਏ।

2.2.4 ਏਕਾਧਿਕਾਰ ਅਧੀਨ ਫ਼ਰਮ ਦਾ ਸੰਤੁਲਨ ਅਤੇ ਕੀਮਤ-ਉਤਪਾਦਨ ਨਿਰਣਾ (Equilibrium under Monopoly and Price-Output Determination)

ਪੂਰਣ ਮੁਕਾਬਲੇ ਵਿੱਚ ਫ਼ਰਮ ਅਤੇ ਉਦਯੋਗ ਦੇ ਸੰਤੁਲਨ ਨੂੰ ਅਲੱਗ-ਅਲੱਗ ਅਧਿਐਨ ਕੀਤਾ ਗਿਆ ਸੀ ਪ੍ਰੰਤੂ ਏਕਾਧਿਕਾਰ ਅਧੀਨ ਫ਼ਰਮ ਹੀ ਉਦਯੋਗ ਹੁੰਦੀ ਹੈ ਸੋ ਇਸ ਵਿੱਚ ਅਸੀਂ ਫ਼ਰਮ ਦੇ ਸੰਤੁਲਨ ਬਾਰੇ ਅਧਿਐਨ ਕਰਾਂਗੇ। ਫ਼ਰਮ ਦੇ ਸੰਤੁਲਨ ਤੋਂ ਹੀ ਏਕਾਧਿਕਾਰ ਅਧੀਨ ਨਿਰਧਾਰਤ ਹੋਣ ਵਾਲੀ ਕੀਮਤ ਅਤੇ ਉਤਪਾਦਨ ਬਾਰੇ ਪਤਾ ਚਲੇਗਾ। ਭਾਵੇਂ ਹਰੇਕ ਉਤਪਾਦਕ ਦੀ ਤਰ੍ਹਾਂ ਏਕਾਧਿਕਾਰੀ ਦਾ ਉਦੇਸ਼ ਵੀ ਵੱਧੋ ਵੱਧ ਲਾਭ ਕਮਾਉਣਾ ਹੁੰਦਾ ਹੈ ਪ੍ਰੰਤੂ ਉਹ ਵੀ ਆਪਣੀ ਮਰਜ਼ੀ ਮੁਤਾਬਿਕ ਵਸਤੂ ਦੀ ਕੀਮਤ ਅਤੇ ਉਸ ਕੀਮਤ ਤੇ ਵੇਚੀ ਜਾਣ ਵਾਲੀ ਮਾਤਰਾ ਦਾ ਨਿਰਧਾਰਣ ਨਹੀਂ ਕਰ ਸਕਦਾ। ਵਸਤੂ ਦੀ ਕੀਮਤ ਅਤੇ ਪੈਦਾਵਾਰ ਦੀ ਮਾਤਰਾ ਦਾ ਨਿਰਧਾਰਣ ਕਰਨ ਵਾਲੀਆਂ ਤਾਕਤਾਂ ਹਨ – ਮੰਗ ਅਤੇ ਲਾਗਤ ਦੀਆਂ ਹਾਲਤਾਂ। ਭਾਵੇਂ ਏਕਾਧਿਕਾਰੀ ਦਾ ਆਪਣੀ ਵਸਤੂ ਦੀ ਕੀਮਤ ਤੇ ਕੰਟਰੋਲ ਹੁੰਦਾ ਹੈ ਪ੍ਰੰਤੂ ਉਸ ਨੂੰ ਇਸ ਕੀਮਤ ਤੇ ਮੰਗ ਦੀਆਂ ਹਾਲਤਾਂ ਦਾ ਵੀ ਧਿਆਨ ਰੱਖਣਾ ਪੈਂਦਾ ਹੈ। ਜੇ ਉਹ ਆਪਣੇ ਉਤਪਾਦ ਦੀ ਕੀਮਤ ਵਧਾਉਂਦਾ ਹੈ ਤਾਂ ਵਸਤੂ ਦੀ ਮੰਗੀ ਜਾਣ ਵਾਲੀ ਮਾਤਰਾ ਘੱਟ ਜਾਂਦੀ ਹੈ ਅਤੇ ਜੇ ਉਹ ਆਪਣੇ ਉਤਪਾਦ ਦੀ ਕੀਮਤ ਘਟਾਉਂਦਾ ਹੈ ਤਾਂ ਵਸਤੂ ਦੀ ਮੰਗ ਵੱਧ ਜਾਵੇਗੀ। ਇਸ ਲਈ ਉਹ ਕੀਮਤ-ਪੈਦਾਵਾਰ ਦਾ ਅਜਿਹਾ ਪੱਧਰ ਨਿਰਧਾਰਣ ਕਰੇਗਾ ਜਿਸ ਨਾਲ ਉਸ ਦਾ ਲਾਭ ਵੱਧੋ ਵੱਧ ਹੋਵੇ ਅਤੇ ਲਾਭ ਉੱਥੇ ਵੱਧੋ ਵੱਧ ਹੋਣਗੇ ਜਿੱਥੇ ਉਤਪਾਦਨ ਦੀ ਇੱਕ ਵਾਧੂ ਇਕਾਈ ਦੀ ਸੀਮਾਂਤ ਆਮਦਨ ਉਸ ਦੀ ਸੀਮਾਂਤ ਲਾਗਤ ਦੇ ਬਰਾਬਰ ਹੋਵੇ।

ਸੋ ਏਕਾਧਿਕਾਰੀ ਵਿੱਚ ਫ਼ਰਮ ਦੇ ਸੰਤੁਲਨ ਦੀ ਮੁੱਖ ਸ਼ਰਤ ਹੈ : MR (ਸੀਮਾਂਤ ਆਮਦਨ) MC (ਸੀਮਾਂਤ ਲਾਗਤ) ਵਿੱਚ ਸਮਾਨਤਾ ਹੋਣਾ। ਦੂਜੀ ਸ਼ਰਤ ਹੈ : MR ਵਕਰ MC ਵਕਰ ਨੂੰ ਹੇਠਾਂ ਤੋਂ ਕੱਟੇ।

ਏਕਾਧਿਕਾਰ ਵਿੱਚ ਫ਼ਰਮ ਦਾ ਔਸਤ ਆਮਦਨ ਵਕਰ ਹੀ ਫ਼ਰਮ ਦਾ ਮੰਗ ਵਕਰ ਹੈ ਅਤੇ ਇਹ ਖੱਬਿਓਂ ਸੱਜੇ ਵੱਲ ਹੇਠਾਂ ਨੂੰ ਢਾਲ ਵਾਲਾ ਹੋਵੇਗਾ। ਉਸੇ ਦੇ ਅਨੁਰੂਪ ਸੀਮਾਂਤ ਆਮਦਨ ਵਕਰ ਦੀ ਢਾਲ ਵੀ ਹੇਠਾਂ ਵੱਲ ਹੋਵੇਗੀ ਅਤੇ ਇਹ ਔਸਤ ਆਮਦਨ ਵਕਰ ਦੇ ਹੇਠਾਂ ਹੋਵੇਗਾ। ਹੁਣ ਤੁਸੀਂ ਯਾਦ ਕਰਕੇ ਵੇਖੋ ਕਿ ਪੂਰਣ ਮੁਕਾਬਲੇ ਵਿੱਚ ਵਸਤੂ ਦਾ ਮੰਗ ਵਕਰ/ਔਸਤ ਆਮਦਨ ਵਕਰ ਪੂਰਨ ਲਚਕਦਾਰ ਸੀ ਅਤੇ X-ਧੁਰੇ ਦੇ ਸਮਾਨਾਂਤਰ ਸੀ। ਦੂਜਾ ਏਕਾਧਿਕਾਰੀ ਫ਼ਰਮ ਦੇ ਲਾਗਤ ਵਕਰ ਇੰਨ ਬਿੰਨ ਪੂਰਣ ਮੁਕਾਬਲੇ ਵਾਲੀ ਫ਼ਰਮ ਵਰਗੇ ਹੀ ਹੁੰਦੇ ਹਨ। ਮੰਗ ਵਕਰ ਦਾ ਸਰੂਪ ਅਤੇ ਲਾਗਤ ਵਕਰਾਂ ਦੇ ਸਰੂਪ ਦੀ ਜਾਣਕਾਰੀ ਤੁਹਾਨੂੰ ਹੋ ਗਈ ਹੈ ਆਓ ਹੁਣ ਵੇਖੀਏ ਕਿ ਏਕਾਧਿਕਾਰ ਵਿੱਚ ਥੋੜ੍ਹੇ ਸਮੇ ਦਾ ਅਤੇ ਲੰਬੇ ਸਮੇਂ ਦਾ ਸੰਤੁਲਨ ਕਿਸ ਤਰ੍ਹਾਂ ਹੁੰਦਾ ਹੈ।

2.2.4.1 ਥੋੜ੍ਹੇ ਸਮੇਂ ਵਿੱਚ ਏਕਾਧਿਕਾਰੀ ਫ਼ਰਮ ਦਾ ਸੰਤੁਲਨ/ਕੀਮਤ ਨਿਰਧਾਰਣ :

ਥੋੜ੍ਹੇ ਸਮੇਂ ਵਿੱਚ ਮੰਗ ਵਿੱਚ ਤਬਦੀਲੀ ਹੋਣ ਤੇ ਉਤਪਾਦਨ ਵਿੱਚ ਤਬਦੀਲੀ ਕੇਵਲ ਬਦਲਣਸ਼ੀਲ/ਚਰ ਸਾਧਨਾਂ ਵਿੱਚ ਤਬਦੀਲੀ ਲਿਆ ਕੇ ਹੀ ਕੀਤੀ ਜਾ ਸਕਦੀ ਹੈ ਕਿਉਂਕਿ ਥੋੜ੍ਹੇ ਸਮੇਂ ਵਿੱਚ ਸਥਿਰ ਸਾਧਨਾਂ ਵਿੱਚ ਤਬਦੀਲੀ ਨਹੀਂ

ਲਿਆਂਦੀ ਜਾ ਸਕਦੀ। ਇਸ ਲਈ ਥੋੜ੍ਹੇ ਸਮੇਂ ਵਿੱਚ ਏਕਾਧਿਕਾਰੀ ਕੋਲ ਤਿੰਨੇ ਸੰਭਾਵਨਾਵਾਂ ਮੌਜੂਦ ਹੁੰਦੀਆਂ ਹਨ :

(1) ਉਸ ਨੂੰ ਅਸਾਧਾਰਨ ਲਾਭ

(2) ਸਾਧਾਰਨ ਲਾਭ ਅਤੇ

(3) ਕਈ ਸਥਿਤੀਆਂ ਵਿਚ ਹਾਨੀ ਵੀ ਹੋ ਸਕਦੀ ਹੈ – ਇਸ ਹਾਲਤ ਵਿੱਚ ਉਸ ਦਾ ਉਦੇਸ਼ ਘੱਟ ਤੋਂ ਘੱਟ ਹਾਨੀ ਸਹਿਣ ਕਰਨਾ ਹੁੰਦਾ ਹੈ।

(1) ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਕਿ ਏਕਾਧਿਕਾਰੀ ਫ਼ਰਮ ਦੀ ਸੰਤੁਲਨ ਦੀ ਹਾਲਤ MR=MC ਤੇ ਹੋਵੇਗੀ। ਜਦੋਂ ਔਸਤ ਕੀਮਤ ਉਤਪਾਦਨ ਲਾਗਤ ਤੋਂ ਉੱਚੀ ਹੋਵੇਗੀ ਭਾਵ AR>AC ਹੋਵੇਗੀ ਤਾਂ ਏਕਾਧਿਕਾਰੀ ਨੂੰ ਅਸਾਧਾਰਨ ਲਾਭ ਹਾਸਲ ਹੋਣਗੇ।



ਚਿੱਤਰ ਨੰ: 10.1

ਚਿੱਤਰ ਨੰ: 2.1 ਵਿੱਚ AR ਅਤੇ MR ਔਸਤ ਆਮਦਨ ਵਕਰ ਅਤੇ ਸੀਮਾਂਤ ਆਮਦਨ ਵਕਰ ਹਨ। SAC ਅਤੇ SMC ਥੋੜ੍ਹੇ ਸਮੇਂ ਦੀਆਂ ਔਸਤ ਲਾਗਤ ਅਤੇ ਸੀਮਾਂਤ ਲਾਗਤ ਵਕਰਾਂ ਹਨ। ਔਸਤ ਲਾਗਤ ਵਕਰ ਯੂ (U) ਅਕਾਰ ਦੀ ਹੈ। ਫ਼ਰਮ E ਬਿੰਦੂ ਤੇ ਸੰਤੁਲਨ ਵਿੱਚ ਹੈ ਕਿਉਂਕਿ ਇਸ ਬਿੰਦੂ ਤੇ MR=SMC ਹੈ। ਕੀਮਤ ਔਸਤ ਆਮਦਨ ਦੇ ਬਰਾਬਰ ਭਾਵ OP ਮਿੱਥੀ ਗਈ ਹੈ। ਸੰਤੁਲਨ ਉਤਪਾਦਨ OM ਹੈ। ਫ਼ਰਮ ਨੂੰ PQRS ਲਾਭ ਹੋ ਰਹੇ ਹਨ। ਇਹ ਅਸਾਧਾਰਨ ਲਾਭ ਹਨ ਕਿਉਂਕਿ ਔਸਤ ਆਮਦਨ (QM) ਔਸਤ ਲਾਗਤ (SM) ਤੋਂ ਵਧੇਰੇ ਹੈ। ਫ਼ਰਮ ਉਤਪਾਦਨ ਦੀ ਮਾਤਰਾ OM ਤੋਂ ਘੱਟ ਜਾਂ ਵੱਧ ਨਹੀਂ ਕਰੇਗੀ ਕਿਉਂਕਿ ਉਸ ਹਾਲਤ ਵਿੱਚ ਲਾਭ ਅਧਿਕਤਮ ਨਹੀਂ ਹੋਣਗੇ। ਇਸੇ ਤਰ੍ਹਾਂ ਆਮ ਤੌਰ ਤੇ ਇਹ ਧਾਰਨਾ ਕਿ ਏਕਾਧਿਕਾਰੀ ਆਪਣੀ ਵਸਤੂ ਦੀ ਕੀਮਤ ਜਿੰਨੀ ਚਾਹੇ ਵਧਾ ਸਕਦਾ ਹੈ, ਵੀ ਗਲਤ ਹੈ। ਜੇਕਰ ਉਹ ਕੀਮਤ OP ਤੋਂ ਵਧਾਉਂਦਾ ਹੈ ਤਾਂ ਉਹ ਆਪਣੀ ਵਸਤੂ ਦੀ OM ਮਾਤਰਾ ਨਹੀਂ ਵੇਚ ਸਕੇਗਾ ਸੋ ਉਸ ਦੇ ਲਾਭ ਵੀ ਘਟ ਜਾਣਗੇ।

(2) ਥੋੜ੍ਹੇ ਸਮੇਂ ਵਿੱਚ ਫ਼ਰਮ ਨੂੰ ਸਾਧਾਰਨ ਲਾਭ ਉਦੋਂ ਹੁੰਦੇ ਹਨ ਜਦੋਂ ਔਸਤ ਆਮਦਨ ਅਤੇ ਔਸਤ ਲਾਗਤ ਬਰਾਬਰ ਹੋਣ। ਰੇਖਾ ਚਿੱਤਰ 2.2 ਵਿੱਚ ਵੀ ਫ਼ਰਮ ਦਾ ਸੰਤੁਲਨ ਬਿੰਦੂ E ਹੈ ਕਿਉਂਕਿ ਇਸ ਬਿੰਦੂ ਤੇ SMC ਵਕਰ MR ਵਕਰ ਨੂੰ ਕੱਟਦੀ ਹੈ। ਫ਼ਰਮ OP ਕੀਮਤ ਨਿਰਧਾਰਤ ਕਰਦੀ ਹੈ ਅਤੇ ਵਸਤੂ ਦੀ OM ਮਾਤਰਾ ਪੈਦਾ ਕਰੇਗੀ।

OP=NM ਹੈ। N ਬਿੰਦੂ ਤੇ ਔਸਤ ਆਮਦਨ ਅਤੇ ਔਸਤ ਲਾਗਤ ਬਰਾਬਰ ਹਨ। ਸੋ ਇਸ ਸਥਿਤੀ ਵਿੱਚ ਫ਼ਰਮ ਨੂੰ ਕੇਵਲ ਸਾਧਾਰਨ ਲਾਭ ਹੋ ਰਹੇ ਹਨ।



ਚਿੱਤਰ ਨੰ: 10.2

(3) ਆਓ ਹੁਣ ਤੀਜੀ ਸਥਿਤੀ ਹਾਨੀ ਦਾ ਵਿਵੇਚਨ ਕਰੀਏ। ਆਮ ਤੌਰ ਤੇ ਇਹ ਸੋਚਿਆ ਜਾਂਦਾ ਹੈ ਕਿ ਏਕਾਧਿਕਾਰੀ ਫ਼ਰਮ ਥੋੜ੍ਹੇ ਸਮੇਂ ਵਿੱਚ ਲਾਭ ਹੀ ਕਮਾਉਂਦੀ ਹੈ। [illegible] ਵਾਰੀ ਇਹ ਧਾਰਨਾ ਗਲਤ ਸਾਬਤ ਹੋ ਜਾਂਦੀ ਹੈ ਕਿਉਂਕਿ ਅਚਾਨਕ ਮੰਗ ਘਟਣ ਅਤੇ ਉਤਪਾਦਨ ਲਾਗਤ ਵਧਣ ਦੀ ਹਾਲਤ ਵਿੱਚ ਫ਼ਰਮ ਨੂੰ ਨੁਕਸਾਨ ਵੀ ਉਠਾਉਣਾ ਪੈ ਸਕਦਾ ਹੈ। ਅਜਿਹੇ ਸਮੇਂ ਫ਼ਰਮ ਵਸਤੂ ਦੀ ਕੀਮਤ ਉਥੇ ਨਿਰਧਾਰਤ ਕਰਦੀ ਹੈ ਜਿਥੇ ਔਸਤ ਚਰ ਲਾਗਤ ਅਤੇ ਥੋੜ੍ਹੀ ਬਹੁਤ ਸਥਿਰ ਲਾਗਤ ਪੂਰੀ ਹੁੰਦੀ ਹੋਵੇ।



ਚਿੱਤਰ ਨੰ: 2.3

ਚਿੱਤਰ ਨੰ: 2.3 ਵਿੱਚ ਅਜਿਹੀ ਸਥਿਤੀ ਸਪਸ਼ਟ ਹੋ ਰਹੀ ਹੈ। ਫ਼ਰਮ ਦੀ ਔਸਤ ਲਾਗਤ ਨਿਰਧਾਰਤ ਕੀਮਤ ਨਾਲੋਂ ਵਧੇਰੇ ਹੈ ਇਸ ਲਈ $R_1Q_1S_1P_{1s}$ ਹਾਨੀ ਹੋ ਰਹੀ ਹੈ। ਨਿਰਧਾਰਤ Q_1M ਕੀਮਤ S_1M ਤੇ ਫ਼ਰਮ ਦੀ ਔਸਤ ਚਰ ਲਾਗਤ ਅਤੇ ਕੁਝ ਔਸਤ ਸਥਿਰ ਲਾਗਤ ਪੂਰੀ ਹੋ ਰਹੀ ਹੈ। ਫ਼ਰਮ ਉਤਪਾਦਨ ਇਸ ਆਸ ਵਿੱਚ ਜਾਰੀ ਰੱਖਦੀ ਹੈ ਕਿ ਇਹ ਲੰਬੇ ਸਮੇਂ ਵਿੱਚ ਅਸਾਧਾਰਨ ਲਾਭ ਕਮਾ ਲਵੇਗੀ।

2.2.4.2 ਲੰਬੇ ਸਮੇਂ ਵਿੱਚ ਏਕਾਧਿਕਾਰੀ ਫ਼ਰਮ ਦਾ ਸੰਤੁਲਨ ਅਤੇ ਕੀਮਤ ਨਿਰਧਾਰਣ (Equilibrium of the Firm in the Long Run and Price Determination)

ਲੰਬੇ ਸਮੇਂ ਵਿੱਚ ਏਕਾਧਿਕਾਰੀ ਕੋਲ ਇੰਨਾ ਸਮਾਂ ਹੁੰਦਾ ਹੈ ਕਿ ਉਹ ਆਪਣੇ ਪਲਾਂਟ ਦਾ ਵਿਸਤਾਰ ਕਰ ਸਕਦਾ ਹੈ। ਉਹ ਨਾ ਕੇਵਲ ਚਰ ਸਾਧਨਾਂ ਸਗੋਂ ਸਥਿਰ ਸਾਧਨਾਂ ਵਿੱਚ ਵੀ ਤਬਦੀਲੀ ਕਰ ਸਕਦਾ ਹੈ। ਲੰਬੇ ਸਮੇਂ ਵਿੱਚ ਫ਼ਰਮ ਦਾ ਸੰਤੁਲਨ ਉਤਪਾਦਨ ਉਸ ਮਾਤਰਾ ਤੇ ਹੁੰਦਾ ਹੈ ਜਿਥੇ ਸੀਮਾਂਤ ਆਮਦਨ ਅਤੇ ਸੀਮਾਂਤ ਲਾਗਤ ਬਰਾਬਰ ਹੁੰਦੀਆਂ ਹਨ। ਲੰਬੇ ਸਮੇਂ ਵਿੱਚ ਲਾਗਤ ਵਕਰ ਥੋੜ੍ਹੇ ਸਮੇਂ ਦੇ ਲਾਗਤ ਵਕਰ ਦੀ ਸ਼ਕਲ (U) ਨਾਲੋਂ ਚੌੜਾ ਭਾਵ ਤਸ਼ਤਰੀ ਦੇ ਆਕਾਰ (‿) ਦਾ ਹੁੰਦਾ ਹੈ। (Long run cost curves are flatter than the short run cost curves.) ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਲੰਬੇ ਸਮੇਂ ਵਿੱਚ ਸਥਿਰ ਸਾਧਨਾਂ ਨੂੰ ਵੀ ਮੰਗ ਅਨੁਸਾਰ ਬਦਲਿਆ ਜਾ ਸਕਦਾ ਹੈ। ਇਸ ਤਰ੍ਹਾਂ ਲੰਬੇ ਸਮੇਂ ਵਿੱਚ ਸਾਰੀਆਂ ਲਾਗਤਾਂ ਚਰ ਲਾਗਤਾਂ (Prime Costs) ਬਣ ਜਾਂਦੀਆਂ ਹਨ।

ਇਸ ਤੋਂ ਇਲਾਵਾ ਥੋੜ੍ਹੇ ਸਮੇਂ ਵਿੱਚ ਉਤਪਾਦਨ ਦੇ ਕੁਝ ਸਾਧਨ ਜਿਵੇਂ ਮਸ਼ੀਨਰੀ ਅਤੇ ਪ੍ਰਬੰਧ ਅਵੰਡਣਯੋਗ ਅਤੇ ਘੱਟ ਲਚਕਦਾਰ ਹੁੰਦੇ ਹਨ ਜਦੋਂ ਕਿ ਲੰਬੇ ਸਮੇਂ ਵਿੱਚ ਇਹਨਾਂ ਨੂੰ ਅਲੱਗ ਅਲੱਗ ਲੋੜੀਂਦੇ ਅਨੁਪਾਤ ਅਨੁਸਾਰ ਵਰਤਿਆ ਜਾ ਸਕਦਾ ਹੈ ਅਤੇ ਇਹ ਵਿਭਾਜਨਯੋਗ ਬਣ ਜਾਂਦੇ ਹਨ। ਲੰਬੇ ਸਮੇਂ ਵਿੱਚ ਫ਼ਰਮ ਆਪਣੇ ਕੰਮ ਦਾ ਪੈਮਾਨਾ (ਘੱਟ ਜਾਂ ਵਧੇਰੇ) ਪੈਦਾਵਾਰ ਦੇ ਅਨੁਸਾਰ ਬਦਲ ਸਕਦੀ ਹੈ।



ਚਿੱਤਰ ਨੰ: 2.4

ਚਿੱਤਰ ਨੰ: 2.4 ਵਿੱਚ ਫ਼ਰਮ ਦਾ ਲੰਬੇ ਸਮੇਂ ਵਿੱਚ ਸੰਤੁਲਨ ਦਿਖਾਇਆ ਗਿਆ ਹੈ। ਲੰਬੇ ਸਮੇਂ ਵਿੱਚ ਏਕਾਧਿਕਾਰੀ ਵੱਲੋਂ ਕੀਮਤ ਦੀਰਘਕਾਲੀਨ ਔਸਤ ਲਾਗਤ ਨਾਲੋਂ ਵਧੇਰੇ ਨਿਰਧਾਰਤ ਕੀਤੀ ਜਾਂਦੀ ਹੈ। ਲੰਬੇ ਸਮੇਂ ਵਿੱਚ ਪੂਰਣ ਪ੍ਰਤੀਯੋਗਤਾ ਦੀ ਤਰ੍ਹਾਂ ਫ਼ਰਮ ਕੇਵਲ ਸਾਧਾਰਨ ਲਾਭ ਹੀ ਪ੍ਰਾਪਤ ਨਹੀਂ ਕਰੇਗੀ ਸਗੋਂ ਲੰਬੇ ਸਮੇਂ ਵਿੱਚ ਏਕਾਧਿਕਾਰੀ ਨੂੰ ਜ਼ਿਆਦਾਤਰ ਅਸਾਧਾਰਨ ਲਾਭ ਹੀ ਹੁੰਦੇ ਹਨ। ਏਕਾਧਿਕਾਰੀ ਦਾ ਸੰਤੁਲਨ E ਬਿੰਦੂ ਹੈ ਇਸ ਬਿੰਦੂ ਉੱਪਰ ਸੀਮਾਂਤ ਆਮਦਨ ਅਤੇ ਦੀਰਘਕਾਲੀਨ ਸੀਮਾਂਤ ਲਾਗਤ ਬਰਾਬਰ ਹਨ। (LMC=MR) ਸੰਤੁਲਨ ਉਤਪਾਦਨ ਮਾਤਰਾ OM ਹੈ, ਕੀਮਤ OP ਹੈ ਅਤੇ ਅਸਾਧਾਰਨ ਲਾਭ PTVU ਹੋ ਰਹੇ ਹਨ।

ਆਓ ਹੁਣ ਤੁਹਾਨੂੰ ਦੱਸੀਏ ਕਿ ਲਾਭ ਦੀ ਮਾਤਰਾ ਕਿਸ ਚੀਜ਼ ਤੇ ਨਿਰਭਰ ਕਰਦੀ ਹੈ? ਇਹ ਨਿਰਭਰ ਕਰਦੀ ਹੈ ਏਕਾਧਿਕਾਰੀ ਸ਼ਕਤੀ ਦੀ ਡਿਗਰੀ (Degree of Monopoly Power) ਤੇ ਅਤੇ ਇਹ ਅੱਗੋਂ ਨਿਰਭਰ ਕਰਦੀ ਹੈ ਮੰਗ ਦੀ ਲਚਕ ਤੇ। ਸੋ ਮੰਗ ਦੀ ਲਚਕ ਦੇ ਅਨੁਸਾਰ AR ਵਕਰ ਘੱਟ ਜਾਂ ਵੱਧ ਲਚਕਦਾਰ (Less elastic or more elastic) ਹੋ ਸਕਦਾ ਹੈ। ਜੇਕਰ AR ਵਕਰ ਲਚਕਦਾਰ ਹੋਵੇਗਾ ਤਾਂ ਏਕਾਧਿਕਾਰੀ ਦੀ ਸ਼ਕਤੀ ਦੀ ਡਿਗਰੀ ਘੱਟ ਜਾਂਦੀ ਹੈ ਉਹ ਕੀਮਤ ਘੱਟ ਵਸੂਲ ਕਰੇਗਾ ਅਤੇ ਏਕਾਧਿਕਾਰੀ ਮੁਨਾਫੇ ਦੀ ਮਾਤਰਾ ਘੱਟ ਹੋਵੇਗੀ। ਇਸ ਦੇ ਉਲਟ ਜੇ ਮੰਗ ਘੱਟ ਲਚਕਦਾਰ ਹੋਵੇਗੀ ਤਾਂ AR ਦੀ ਢਾਲ ਵਧੇਰੇ ਤਿੱਖੀ ਤੇ ਸਿੱਧੀ ਬਣੇਗੀ। ਏਕਾਧਿਕਾਰੀ ਸ਼ਕਤੀ ਦੀ ਡਿਗਰੀ ਵਧੇਰੇ ਹੋਵੇਗੀ ਅਤੇ ਲਾਭ ਦੀ ਮਾਤਰਾ ਵੀ ਵਧੇਰੇ ਹੋਵੇਗੀ।

ਇਹਨਾਂ ਦੋਵੇਂ ਸਥਿਤੀਆਂ ਨੂੰ ਚਿੱਤਰ ਨੰ. 2.5 ਅਤੇ ਚਿੱਤਰ ਨੰ: 2.6 ਵਿੱਚ ਦਿਖਾਇਆ ਗਿਆ ਹੈ। ਦੋਵਾਂ ਚਿੱਤਰਾਂ ਵਿੱਚ ਸੰਤੁਲਨ E ਬਿੰਦੂ ਤੇ ਹੈ ਜਿੱਥੇ MR ਅਤੇ MC ਵਕਰ ਇੱਕ ਦੂਜੇ ਨੂੰ ਕੱਟਦੇ ਹਨ। ਦੋਵਾਂ ਦੀ ਸੰਤੁਲਨ ਉਪਜ ਅਤੇ ਸੰਤੁਲਨ ਕੀਮਤ ਨੂੰ ਦੇਖਣ ਤੇ ਪਤਾ ਚਲਦਾ ਹੈ ਕਿ ਚਿੱਤਰ ਨੰ: 2.5 ਜਿਥੇ ਮੰਗ ਲਚਕਦਾਰ ਹੈ ਵਿੱਚ ਲਾਭ PQRS ਹਨ ਅਤੇ ਚਿੱਤਰ ਨੰ: 2.6 ਵਿੱਚ ਜਿੱਥੇ ਮੰਗ ਘੱਟ ਲਚਕਦਾਰ ਹੈ- ਦੀ ਸਥਿਤੀ ਵਿੱਚ ਅਸਾਧਾਰਨ ਲਾਭ ($P_1Q_1R_1S_1$) ਵਧੇਰੇ ਹਨ।



ਚਿੱਤਰ ਨੰ: 10.5
2.5



ਚਿੱਤਰ ਨੰ: 10.6
2.6

2.2.4.3 ਬਦਲਦੀਆਂ ਉਤਪਾਦਨ ਲਾਗਤਾਂ ਅਤੇ ਏਕਾਧਿਕਾਰੀ ਕੀਮਤ :

ਹੁਣ ਤੁਹਾਨੂੰ ਬਦਲਦੀਆਂ ਲਾਗਤਾਂ ਦੇ ਅਧੀਨ ਸੰਤੁਲਨ ਬਾਰੇ ਦੱਸਿਆ ਜਾਵੇਗਾ। ਪਾਠ ਨੰ: 6 ਵਿੱਚ ਤੁਸੀਂ ਪੜ੍ਹਿਆ ਹੈ ਕਿ ਵਸਤੂ ਦੀ ਉਤਪਾਦਨ ਪ੍ਰਕ੍ਰਿਆ ਵਿੱਚ ਤਿੰਨ ਮੁੱਖ ਪੜਾਅ ਹੁੰਦੇ ਹਨ। ਪਹਿਲੇ ਪੜਾਅ ਵਿੱਚ ਵੱਡੇ ਪੈਮਾਨੇ ਤੇ ਉਤਪਾਦਨ ਦੀਆਂ ਕਫਾਇਤਾਂ ਕਾਰਣ ਉਤਪਾਦਨ ਲਾਗਤਾਂ ਘਟਦੀਆਂ ਹਨ। ਦੂਜੇ ਪੜਾਅ ਵਿੱਚ ਵੱਡੇ ਪੈਮਾਨੇ ਤੇ ਉਤਪਾਦਨ ਲਾਗਤਾਂ ਸਥਿਰ ਹੋ ਜਾਂਦੀਆਂ ਹਨ। ਉਤਪਾਦਨ ਦੇ ਇਸ਼ਟਤਮ ਆਕਾਰ ਤੋਂ ਬਾਦ ਵੀ ਜੇਕਰ ਉਤਪਾਦਨ ਕੀਤਾ ਜਾਂਦਾ ਹੈ ਤਾਂ ਵੱਡੇ ਪੈਮਾਨੇ ਦੀਆ ਅਬੱਚਤਾਂ ਕਾਰਣ ਉਤਪਾਦਨ ਲਾਗਤਾਂ ਵਧਣੀਆਂ ਸ਼ੁਰੂ ਹੋ ਜਾਂਦੀਆਂ ਹਨ। ਆਓ ਹੁਣ ਦੇਖੀਏ ਕਿ ਇਹਨਾਂ ਵਿਭਿੰਨ ਸਥਿਤੀਆਂ ਵਿੱਚ ਏਕਾਧਿਕਾਰੀ ਸੰਤੁਲਨ ਕੀਮਤ, ਸੰਤੁਲਨ ਉਪਜ ਅਤੇ ਮੁਨਾਫੇ ਕਿਸ ਤਰ੍ਹਾਂ ਨਿਰਧਾਰਤ ਹੁੰਦੇ ਹਨ। ਚਿੱਤਰ ਨੰ: 2.7, 2.8 ਅਤੇ 2.9 ਕ੍ਰਮਵਾਰ ਘਟਦੀਆਂ ਲਾਗਤਾਂ, ਸਮਾਨ ਲਾਗਤਾਂ ਅਤੇ ਵਧਦੀਆਂ ਲਾਗਤਾਂ ਦੀਆਂ ਸਥਿਤੀਆਂ ਦਰਸਾ ਰਹੇ ਹਨ :



ਚਿੱਤਰ ਨੰ: 2.7



ਚਿੱਤਰ ਨੰ: 2.8

ਵਧਦੀਆਂ ਲਾਗਤਾਂ



ਚਿੱਤਰ ਨੰ.: 2.9

ਪਹਿਲੀ ਸਥਿਤੀ ਵਿੱਚ ਸਮਤੋਲ ਬਿੰਦੂ E, ਸੰਤੁਲਨ ਉਪਜ OM ਹੈ ਅਤੇ ਸੰਤੁਲਨ ਕੀਮਤ OP ਹੈ। ਕੁਲ ਏਕਾਧਿਕਾਰੀ ਮੁਨਾਫ਼ਾ PQSR ਹੈ। ਦੂਜੀ ਸਥਿਤੀ ਸਥਿਰ ਲਾਗਤਾਂ ਵਾਲੀ ਹੋਣ ਕਾਰਣ AC=MC ਹੈ। ਸੋ ਇੱਕੋ OX ਧੁਰੇ ਦਾ ਸਮਾਨਾਂਤਰ ਸਿੱਧੀ ਰੇਖਾ ਦੋਹਾਂ ਨੂੰ ਦਰਸਾਉਂਦੀ ਹੈ। ਇਸ ਹਾਲਤ ਵਿੱਚ ਸੰਤੁਲਨ R_1 ਤੇ ਹੈ, ਸੰਤੁਲਨ ਕੀਮਤ OP_1 ਹੈ। ਕੁਲ ਮੁਨਾਫ਼ਾ $P_1Q_1S_1R_1$ ਹੈ। ਤੀਜੀ ਸਥਿਤੀ ਵਿੱਚ ਔਸਤ ਤੇ ਸੀਮਾਂਤ ਲਾਗਤਾਂ ਵਧ ਰਹੀਆਂ ਹਨ। ਸਮਤੋਲ E ਬਿੰਦੂ ਤੇ ਹੈ ਸੰਤੁਲਨ ਉਪਜ OM ਹੈ। ਸੰਤੁਲਨ ਕੀਮਤ OP_2 ਇਸ ਸਥਿਤੀ ਵਿੱਚ ਮੁਨਾਫ਼ੇ ($P_2Q_2S_2R_2$) ਪਹਿਲੀਆਂ ਦੋਵੇਂ ਸਥਿਤੀਆਂ ਨਾਲੋਂ ਵਧੇਰੇ ਹਨ। ਸੋ ਏਕਾਧਿਕਾਰੀ ਵਧਦੀਆਂ ਲਾਗਤਾਂ ਦੀ ਸਥਿਤੀ ਵਿੱਚ ਉਤਪਾਦਨ ਕਰਨਾ ਪਸੰਦ ਕਰੇਗਾ ਕਿਉਂਕਿ ਇਸ ਸਥਿਤੀ ਵਿੱਚ ਅਸਾਧਾਰਨ ਮੁਨਾਫ਼ਾ ਵਧੇਰੇ ਹੁੰਦਾ ਹੈ।

2.2.4.4 ਏਕਾਧਿਕਾਰ ਅਤੇ ਪੂਰਣ ਪ੍ਰਤੀਯੋਗਤਾ ਦੀ ਤੁਲਨਾ (Comparison between Monopoly and Perfect Competition)

ਤੁਸੀਂ ਪਿਛਲੇ ਪਾਠ ਵਿੱਚ ਪੂਰਣ ਮੁਕਾਬਲੇ ਵਾਲੀ ਮੰਡੀ ਅਤੇ ਇਸ ਪਾਠ ਵਿੱਚ ਏਕਾਧਿਕਾਰ ਵਾਲੀ ਮੰਡੀ ਵਿੱਚ ਸੰਤੁਲਨ ਕੀਮਤ ਅਤੇ ਉਤਪਾਦਨ ਨਿਰਧਾਰਣ ਬਾਰੇ ਪੜ੍ਹ ਚੁੱਕੇ ਹੋ, ਸੋ ਹੁਣ ਤੁਸੀਂ ਇਹਨਾਂ ਦੋਵੇਂ ਮੰਡੀਆਂ ਦੀ ਤੁਲਨਾ ਆਸਾਨੀ ਨਾਲ ਕਰ ਸਕਦੇ ਹੋ। ਇਹਨਾਂ ਦੋਵਾਂ ਮੰਡੀਆਂ ਦੀ ਸਮਾਨਤਾ ਇਹ ਹੈ ਕਿ ਦੋਵੇਂ ਉਤਪਾਦਨ ਦੇ ਉਸ ਪੱਧਰ ਤੇ ਸੰਤੁਲਨ ਵਿੱਚ ਹੁੰਦੀਆਂ ਹਨ ਜਿਥੇ ਸੀਮਾਂਤ ਲਾਗਤ ਅਤੇ ਸੀਮਾਂਤ ਆਮਦਨ ਬਰਾਬਰ ਹੋਣ। ਪ੍ਰੰਤੂ ਇਹਨਾਂ ਮੰਡੀਆਂ ਵਿੱਚ ਕਈ ਕਿਸਮ ਦੇ ਫ਼ਰਕ ਹਨ।

(1) ਖ਼ਰੀਦਾਰਾਂ ਅਤੇ ਵਿਕਰੇਤਾਵਾਂ ਦੀ ਸੰਖਿਆ (Number of buyers and sellers) :

ਪੂਰਣ ਮੁਕਾਬਲੇ ਵਿੱਚ ਜਿੱਥੇ ਖ਼ਰੀਦਾਰ ਅਤੇ ਵਿਕਰੇਤਾ ਦੋਵੇਂ ਹੀ ਵੱਡੀ ਗਿਣਤੀ ਵਿੱਚ ਹੁੰਦੇ ਹਨ। ਉੱਥੇ ਨਾ ਹੀ ਕੋਈ ਖ਼ਰੀਦਾਰ ਅਤੇ ਨਾ ਹੀ ਕੋਈ ਵਿਕਰੇਤਾ ਵਸਤੂ ਦੀ ਮੰਗ ਜਾਂ ਪੂਰਤੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਦੂਜੇ ਪਾਸੇ ਏਕਾਧਿਕਾਰ ਵਿੱਚ ਖ਼ਰੀਦਾਰ ਤਾਂ ਬਹੁਤ ਸਾਰੇ ਹੁੰਦੇ ਹਨ ਪ੍ਰੰਤੂ ਵਿਕਰੇਤਾ ਇੱਕ ਹੀ ਹੋਣ ਕਾਰਣ ਪੂਰਤੀ ਤੇ ਉਸ ਦਾ ਪੂਰਾ ਨਿਯੰਤਰਣ ਹੁੰਦਾ ਹੈ।

(2) ਕੀਮਤ ਨਿਰਧਾਰਣ :

ਜਿੱਥੇ ਪੂਰਣ ਮੁਕਾਬਲੇ ਵਿੱਚ ਸੰਤੁਲਿਤ ਪੈਦਾਵਾਰ ਦਾ ਪੱਧਰ ਉਹ ਹੁੰਦਾ ਹੈ ਜਿਥੇ ਕੀਮਤ, ਸੀਮਾਂਤ ਲਾਗਤ (MC) ਦੇ ਬਰਾਬਰ ਹੁੰਦੀ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਪੂਰਣ ਮੁਕਾਬਲੇ ਵਿੱਚ ਔਸਤ ਆਮਦਨ ਵਕਰ ਅਤੇ ਸੀਮਾਂਤ ਆਮਦਨ ਵਕਰ ਉਤਪਾਦਨ ਦੇ ਹਰੇਕ ਪੱਧਰ ਤੇ ਸਮਾਨਾਂਤਰ ਹੁੰਦੀਆਂ ਹਨ। ਇਸ ਲਈ ਸੀਮਾਂਤ ਲਾਗਤ ਨਾ ਕੇਵਲ ਸੀਮਾਂਤ ਆਮਦਨ ਦੇ ਸਗੋਂ ਔਸਤ ਆਮਦਨ ਭਾਵ ਕੀਮਤ ਦੇ ਵੀ ਬਰਾਬਰ ਹੁੰਦੀ ਹੈ। ਦੂਜੇ ਪਾਸੇ ਏਕਾਧਿਕਾਰੀ ਫ਼ਰਮ ਵਿੱਚ ਔਸਤ ਆਮਦਨ ਦਾ ਝੁਕਾਅ ਹੇਠਾਂ ਵੱਲ ਹੁੰਦਾ ਹੈ ਅਤੇ ਸੀਮਾਂਤ ਆਮਦਨ ਉਸ ਤੋਂ ਵੀ ਥੱਲੇ ਹੁੰਦੀ ਹੈ। ਇਸ ਕਾਰਣ MR ਅਤੇ MC ਦਾ ਸੰਤੁਲਨ ਕੀਮਤ ਨਾਲੋਂ ਹੇਠਾਂ ਹੋਵੇਗਾ।

ਇੱਕ ਪ੍ਰਤੀਯੋਗੀ ਫ਼ਰਮ	ਏਕਾਧਿਕਾਰੀ ਫ਼ਰਮ
MR=MC	MR=MC
MR=Price	MR<Price
Price=MC	Price>MC

(3) ਲਾਭ ਦੀ ਤੁਲਨਾ (Comparison of Profit) :

ਅਲਪਕਾਲ ਵਿੱਚ ਪੂਰਣ ਮੁਕਾਬਲੇ ਅਤੇ ਏਕਾਧਿਕਾਰ ਦੋਹਾਂ ਵਿੱਚ ਫ਼ਰਮ ਨੂੰ ਅਸਾਧਾਰਨ ਲਾਭ, ਸਾਧਾਰਨ ਲਾਭ ਅਤੇ ਹਾਨੀ ਵੀ ਹੋ ਸਕਦੇ ਹਨ। ਦੀਰਘ ਕਾਲ ਵਿੱਚ ਪੂਰਣ ਮੁਕਾਬਲੇ ਵਾਲੀ ਫ਼ਰਮ ਨੂੰ ਸਾਧਾਰਨ ਲਾਭ ਹੀ ਹੁੰਦੇ ਹਨ ਜਦੋਂ ਕਿ ਏਕਾਧਿਕਾਰੀ ਫ਼ਰਮ ਨੂੰ ਵਧੇਰੇਤਰ ਅਸਾਧਾਰਨ ਲਾਭ ਪ੍ਰਾਪਤ ਹੁੰਦੇ ਹਨ।

4. ਸੀਮਾਂਤ ਲਾਗਤਾਂ ਦੀਆਂ ਵਿਭਿੰਨ ਹਾਲਤਾਂ ਅਤੇ ਸਮਤੋਲ (Equilibrium and three cases of MC)

ਪੂਰਣ ਮੁਕਾਬਲੇ ਵਿੱਚ ਸਮਤੋਲ/ਸੰਤੁਲਨ ਲਈ ਸ਼ਰਤਾਂ ਹਨ ਕਿ ਸੀਮਾਂਤ ਲਾਗਤ ਸੀਮਾਂਤ ਆਮਦਨ ਦੇ

ਬਰਾਬਰ ਹੋਣ ਦੇ ਨਾਲ ਉਸ ਨੂੰ ਹੇਠਾਂ ਤੋਂ ਕੱਟੇ ਭਾਵ ਸੀਮਾਂਤ ਲਾਗਤ ਵਧਦੀ ਹੋਈ ਹੋਣੀ ਚਾਹੀਦੀ ਹੈ। ਪ੍ਰੰਤੂ ਏਕਾਧਿਕਾਰੀ ਸੰਤੁਲਨ ਵਧਦੀਆਂ ਲਾਗਤਾਂ, ਸਮਾਨ ਲਾਗਤਾਂ ਅਤੇ ਘਟਦੀਆਂ ਲਾਗਤਾਂ ਦੀ ਦਸ਼ਾ ਵਿੱਚ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਪੂਰਣ ਮੁਕਾਬਲੇ ਵਿੱਚ ਸੀਮਾਂਤ ਆਮਦਨ ਵਕਰ ਸਮਾਨਾਂਤਰ ਸਿੱਧੀ ਰੇਖਾ ਹੁੰਦਾ ਹੈ ਅਤੇ ਉਸ ਨੂੰ ਸੀਮਾਂਤ ਲਾਗਤ ਹੇਠਾਂ ਤੋਂ ਤਾਂ ਹੀ ਕੱਟ ਸਕਦੀ ਹੈ ਜੇਕਰ ਇਹ ਵਧ ਰਹੀ ਹੋਵੇ। ਦੂਜੇ ਪਾਸੇ ਏਕਾਧਿਕਾਰ ਵਿੱਚ ਸੀਮਾਂਤ ਆਮਦਨ ਵਕਰ ਹੇਠਾਂ ਨੂੰ ਢਾਲ ਵਾਲਾ ਹੋਣ ਕਾਰਣ ਸੀਮਾਂਤ ਲਾਗਤ ਭਾਵੇਂ ਵਧਦੀ, ਸਮਾਨ ਜਾਂ ਘਟਦੀ ਹੋਵੇ ਇਸ ਨੂੰ ਹੇਠਾਂ ਤੋਂ ਕੱਟ ਸਕਦੀ ਹੈ। (ਹੋਰ ਸਪਸ਼ਟਤਾ ਲਈ ਦੇਖੋ ਇਸੇ ਪਾਠ ਦਾ ਸੈਕਸ਼ਨ ਨੰ: 3.3)

(5) ਕੀਮਤ ਅਤੇ ਉਤਪਾਦਨ ਦੀ ਤੁਲਨਾ :

ਪੂਰਣ ਮੁਕਾਬਲੇ ਵਿੱਚ ਸੰਤੁਲਨ ਕੀਮਤ ਅਤੇ ਉਤਪਾਦਨ ਦੇ ਨਾਲੋਂ ਏਕਾਧਿਕਾਰ ਵਿੱਚ ਕੀਮਤ ਉੱਚੀ ਅਤੇ ਉਤਪਾਦਨ ਘੱਟ ਹੁੰਦਾ ਹੈ। ਏਕਾਧਿਕਾਰ ਦੇ ਵਿੱਚ ਫ਼ਰਮ ਹੀ ਉਦਯੋਗ ਹੁੰਦੀ ਹੈ ਜਦੋਂ ਕਿ ਪੂਰਣ ਮੁਕਾਬਲੇ ਵਿੱਚ ਇੱਕ ਉਦਯੋਗ ਵਿੱਚ ਕਈ ਫ਼ਰਮਾਂ ਹੁੰਦੀਆਂ ਹਨ। ਪੂਰਣ ਮੁਕਾਬਲੇ ਵਿੱਚ ਕੀਮਤ ਅਤੇ ਉਤਪਾਦਨ ਉਸ ਪੱਧਰ ਤੇ ਨਿਰਧਾਰਤ ਹੁੰਦੀ ਹੈ ਜਿੱਥੇ ਵਸਤੂ ਦੀ ਮੰਗ ਅਤੇ ਪੂਰਤੀ ਬਰਾਬਰ ਹੋਣ। ਮੰਗ ਵਕਰ ਹੀ AR ਵਕਰ ਹੈ ਅਤੇ ਪੂਰਤੀ ਵਕਰ ਹੀ MC ਵਕਰ ਹੈ। ਦੂਜੇ ਪਾਸੇ ਏਕਾਧਿਕਾਰ ਵਿੱਚ ਕੀਮਤ ਅਤੇ ਉਤਪਾਦਨ ਉੱਥੇ ਨਿਰਧਾਰਤ ਹੁੰਦੇ ਹਨ ਜਿੱਥੇ MC=MR ਹੋਵੇ। ਇਸ ਨੂੰ ਚਿੱਤਰ ਨੰ: 2.10 ਰਾਹੀਂ ਦਰਸਾਇਆ ਜਾ ਸਕਦਾ ਹੈ :



ਚਿੱਤਰ ਨੰ: 2.10

ਚਿੱਤਰ ਨੰ: 2.10 ਤੋਂ ਸਪਸ਼ਟ ਹੋ ਰਿਹਾ ਹੈ ਕਿ ਪੂਰਣ ਮੁਕਾਬਲੇ ਵਿੱਚ ਉਦਯੋਗ ਦਾ ਸੰਤੁਲਨ ਬਿੰਦੂ H ਹੈ, ਕੀਮਤ OP ਅਤੇ ਪੈਦਾਵਾਰ ON ਹੈ। ਏਕਾਧਿਕਾਰ ਵਿੱਚ ਸੰਤੁਲਨ ਬਿੰਦੂ E ਹੈ, ਕੀਮਤ OP_1 ਅਤੇ ਪੈਦਾਵਾਰ OM ਹੈ। ਏਕਾਧਿਕਾਰ ਵਿੱਚ ਪੈਦਾਵਾਰ OM ਪੂਰਣ ਮੁਕਾਬਲੇ ਵਿਚਲੀ ਪੈਦਾਵਾਰ ON ਨਾਲੋਂ ਘੱਟ ਹੈ ਅਤੇ ਕੀਮਤ OP_1, ਕੀਮਤ OP (ਪੂਰਣ ਮੁਕਾਬਲੇ ਵਿਚਲੀ) ਨਾਲੋਂ ਵਧੇਰੇ ਹੈ।

ਕੀਮਤ ਅਤੇ ਉਤਪਾਦਨ	
ਪੂਰਣ ਮੁਕਾਬਲਾ	ਏਕਾਧਿਕਾਰ
ਕੀਮਤ OP (ਘੱਟ)	OP_1 (ਵੱਧ)
ਉਤਪਾਦਨON (ਵੱਧ)	OM (ਘੱਟ)

(6) ਕੀਮਤ ਵਿਤਕਰਾ :

ਏਕਾਧਿਕਾਰ ਵਿਭਿੰਨ ਖ਼ਰੀਦਾਰਾਂ ਕੋਲੋਂ ਵਸਤੂ ਦੀਆਂ ਭਿੰਨ ਭਿੰਨ ਕੀਮਤਾਂ ਲੈ ਸਕਦਾ ਹੈ, ਜਦੋਂ ਕਿ ਪੂਰਣ ਮੁਕਾਬਲੇ ਵਿੱਚ ਸਾਰੇ ਬਾਜ਼ਾਰ ਵਿੱਚ ਵਸਤੂ ਦੀ ਇੱਕ ਹੀ ਕੀਮਤ ਪ੍ਰਚਲਿਤ ਹੁੰਦੀ ਹੈ।

2.2.4.5 ਵਿਭੇਦਕਾਰੀ ਏਕਾਧਿਕਾਰ/ਵਿਤਕਰੇ ਵਾਲਾ ਏਕਾਧਿਕਾਰ (Discriminating Monopoly)

ਪਿਛਲੇ ਭਾਗ ਵਿੱਚ ਤੁਸੀਂ ਸਾਧਾਰਨ ਏਕਾਧਿਕਾਰ (Simple Monopoly) ਬਾਰੇ ਪੜ੍ਹਿਆ ਹੈ। ਸਾਧਾਰਨ ਏਕਾਧਿਕਾਰ ਵਿੱਚ ਏਕਾਧਿਕਾਰੀ ਆਪਣੀ ਵਸਤੂ ਦੀਆਂ ਸਾਰੀਆਂ ਇਕਾਈਆਂ ਲਈ ਸਾਰੇ ਗ੍ਰਾਹਕਾਂ ਪਾਸੋਂ ਇੱਕ ਕੀਮਤ ਵਸੂਲ ਕਰਦਾ ਹੈ। ਹੁਣ ਤੁਸੀਂ ਵਿਤਕਰੇ ਵਾਲੇ ਏਕਾਧਿਕਾਰ ਬਾਰੇ ਪੜ੍ਹੋਂਗੇ ਇਸ ਵਿੱਚ ਏਕਾਧਿਕਾਰੀ ਆਪਣੇ ਵੱਖਰੇ ਵੱਖਰੇ ਗ੍ਰਾਹਕਾਂ ਕੋਲੋਂ ਵੱਖਰੀਆਂ ਕੀਮਤਾ ਵਸੂਲ ਕਰਦਾ ਹੈ।

ਪਰਿਭਾਸ਼ਾਵਾਂ

ਜਾਨ ਰਾਬਿੰਨਸਨ ਦੇ ਸ਼ਬਦਾਂ ਵਿੱਚ,

''ਇੱਕ ਨਿਯੰਤਰਣ ਅਧੀਨ ਇਕ ਸਮਾਨ ਵਸਤੂ ਨੂੰ ਵੱਖ ਵੱਖ ਖ਼ਰੀਦਾਰਾਂ ਨੂੰ ਵੱਖ ਵੱਖ ਕੀਮਤ ਤੇ ਵੇਚਣ ਦੀ ਕ੍ਰਿਆ ਨੂੰ ਕੀਮਤ ਵਿਤਕਰਾ ਕਿਹਾ ਜਾਂਦਾ ਹੈ।''

("The act of selling the same article product under a single control at different prices to different buyers is known as price discrimination."

–John Robinson)

ਸਟਿਗਲਰ ਦੇ ਸ਼ਬਦਾਂ ਵਿੱਚ,

''ਕੀਮਤ ਵਿਤਕਰੇ ਤੋਂ ਭਾਵ ਹੈ ਤਕਨੀਕੀ ਤੌਰ ਤੇ ਇੱਕੋ ਜਿਹੀਆਂ ਵਸਤਾਂ ਨੂੰ ਵੱਖ ਵੱਖ ਕੀਮਤਾਂ ਜੋ ਕਿ ਉਸ ਦੀ ਸੀਮਾਂਤ ਲਾਗਤ ਦੇ ਅਨੁਪਾਤ ਵਿੱਚ ਨਾ ਹੋਣ ਤੇ ਵੇਚਣਾ ਹੈ।''

("Price discrimination refers to the sale of technically similar products at prices which are not proportional to their marginal cost."– Stigler)

ਜੇ.ਐਸ.ਬੈਨ ਦੇ ਅਨੁਸਾਰ,

''ਇਕੋ ਜਿਹੀ ਵਸਤੂ ਲਈ ਵਿਭਿੰਨ ਖ਼ਰੀਦਾਰਾਂ ਤੋਂ ਵਿਭਿੰਨ ਕੀਮਤਾਂ ਉਗਰਾਹੁਣਾ ਹੀ ਕੀਮਤ ਵਿਤਕਰਾ ਹੈ।''

("Price discrimination refers strictly to the practice by a seller of charging different prices from different buyers for the same good."

–Joe S. Bain)

ਕੀਮਤ ਵਿਤਕਰੇ ਦੀਆਂ ਕਿਸਮਾਂ (Kinds of Price Discrimination) :

(i) ਵਿਅਕਤੀਗਤ ਭਿੰਨਤਾ ਕਾਰਣ ਵਿਤਕਰਾ : ਜਦੋਂ ਏਕਾਧਿਕਾਰੀ ਅਲੱਗ ਅਲੱਗ ਖ਼ਰੀਦਾਰਾਂ ਕੋਲੋ ਉਹਨਾਂ ਦੀ ਆਰਥਿਕ ਸਥਿਤੀ ਜਾਂ ਲੋੜ ਦੀ ਤੀਬਰਤਾ ਦੇ ਅਨੁਸਾਰ ਭਿੰਨ ਭਿੰਨ ਕੀਮਤ ਲੈਂਦਾ ਹੈ ਤਾਂ ਇਸ ਨੂੰ ਵਿਅਕਤੀਗਤ ਵਿਤਕਰਾ ਕਿਹਾ ਜਾਂਦਾ ਹੈ। ਜਿਸ ਤਰ੍ਹਾਂ ਇੱਕ ਡਾਕਟਰ ਅਮੀਰ ਮਰੀਜ਼ ਕੋਲੋਂ ਵਧੇਰੇ ਫੀਸ ਅਤੇ ਗਰੀਬ ਮਰੀਜ਼ ਕੋਲੋਂ ਘੱਟ ਫੀਸ ਲੈ ਸਕਦਾ ਹੈ।

(ii) ਸਥਾਨਕ ਅਤੇ ਭੂਗੋਲਿਕ ਭਿੰਨਤਾ ਕਾਰਣ ਵਿਤਕਰਾ : ਜਦੋਂ ਇੱਕ ਏਕਾਧਿਕਾਰੀ

ਆਪਣੀ ਵਸਤੂ ਨੂੰ ਵੱਖ ਵੱਖ ਬਾਜ਼ਾਰਾਂ, ਖੇਤਰਾਂ ਅਤੇ ਸਥਾਨਾਂ ਤੇ ਅਲੱਗ ਅਲੱਗ ਕੀਮਤਾਂ ਤੇ ਵੇਚਦਾ ਹੈ ਤਾਂ ਇਹ ਸਥਾਨਕ ਜਾਂ ਭੂਗੋਲਿਕ ਵਿਤਕਰਾ ਹੈ। ਆਪਣੇ ਦੇਸ਼ ਵਿੱਚ ਵਸਤੂ ਦੀ ਵਧੇਰੇ ਕੀਮਤ ਅਤੇ ਵਿਦੇਸ਼ੀ ਮੰਡੀ ਵਿੱਚ ਘੱਟ ਕੀਮਤ ਤਹਿ ਕਰਨਾ (ਭਾਵ ਡੰਮਪਿੰਗ ਕਰਨਾ) ਵੀ ਇਸ ਦੀ ਇੱਕ ਉਦਾਹਰਣ ਹੈ।

(iii) ਵਸਤੂ ਦੀ ਵਰਤੋਂ ਦੀ ਕਿਸਮ ਅਤੇ ਸਮੇਂ ਅਨੁਸਾਰ ਵਿਤਕਰਾ : ਜਦੋਂ ਏਕਾਧਿਕਾਰੀ ਵਸਤੂ ਦੇ ਵੱਖ ਵੱਖ ਉਪਯੋਗ ਲਈ ਜਾਂ ਵੱਖ ਵੱਖ ਸਮੇਂ ਤੇ ਵੱਖ ਵੱਖ ਕੀਮਤ ਲੈਂਦਾ ਹੈ। ਉਦਾਹਰਣ ਵਜੋਂ ਰੇਲਵੇ ਵੱਲੋਂ ਸਫ਼ਰ ਕਰਨ ਲਈ ਅਲੱਗ ਕਿਰਾਇਆ ਅਤੇ ਮਾਲ ਲਿਆਉਣ ਲਿਜਾਣ ਲਈ ਅਲੱਗ ਭਾੜਾ ਤਹਿ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਬਿਜਲੀ ਬੋਰਡ ਵੱਲੋਂ ਘਰੇਲੂ ਵਰਤੋਂ, ਉਦਯੋਗਿਕ ਵਰਤੋਂ, ਖੇਤੀਬਾੜੀ ਵਰਤੋਂ ਲਈ ਅਲੱਗ ਅਲੱਗ ਦਰਾਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ।

ਇਸੇ ਤਰ੍ਹਾਂ ਤੁਸੀਂ ਤਜ਼ਰਬੇ ਦੇ ਆਧਾਰ ਤੇ ਕੀਮਤ ਵਿਤਕਰੇ ਦੀਆਂ ਉਦਾਹਰਣਾਂ ਸੋਚ ਕੇ ਲਿਖ ਸਕਦੇ ਹੋ।

ਕੀਮਤ ਵਿਤਕਰੇ ਦੀਆਂ ਸ਼ਰਤਾਂ (Conditions of Price Discrimination) :

ਕੀਮਤ ਵਿਤਕਰੇ ਲਈ ਮੰਡੀ ਵਿੱਚ ਨਿਮਨ ਸ਼ਰਤਾਂ ਦਾ ਪੂਰਾ ਹੋਣਾ ਜ਼ਰੂਰੀ ਹੈ :

(i) ਏਕਾਧਿਕਾਰੀ : ਕੀਮਤ ਵਿਤਕਰਾ ਤਾਂ ਹੀ ਸੰਭਵ ਹੈ ਜੇਕਰ ਏਕਾਧਿਕਾਰ ਹੋਵੇ ਭਾਵ ਮੰਡੀ ਵਿੱਚ ਏਕਾਧਿਕਾਰੀ ਫ਼ਰਮ/ਉਦਯੋਗ ਦਾ ਕੋਈ ਪ੍ਰਤੀਯੋਗੀ ਨਾ ਹੋਵੇ।

(ii) ਮੰਡੀ ਨੂੰ ਵੱਖ ਵੱਖ ਉਪ ਮੰਡੀਆਂ (Sub Markets) ਵਿੱਚ ਵੰਡਿਆ ਜਾ ਸਕਦਾ ਹੋਵੇ। ਜਿਸ ਤਰ੍ਹਾਂ ਕਿ ਸਰਕਾਰ ਦੀ ਟੈਰਿਫ ਨੀਤੀ ਰਾਹੀਂ ਸੁਦੇਸ਼ੀ ਮੰਡੀ ਅਤੇ ਵਿਦੇਸ਼ੀ ਮੰਡੀ, ਡਾਕਟਰ ਵੱਲੋਂ ਗਰੀਬਾਂ ਅਤੇ ਅਮੀਰਾਂ ਲਈ ਵਿਭਿੰਨ ਅਪਰੇਸ਼ਨ ਫੀਸ ਆਦਿ।

(iii) ਵਸਤੂ ਦੀ ਮੰਗ ਦੀ ਲਚਕ ਵਿੱਚ ਵਿਭਿੰਨਤਾ : ਅਲੱਗ ਅਲੱਗ ਉਪ ਮੰਡੀਆਂ ਵਿੱਚ ਵਸਤੂ ਦੀ ਮੰਗ ਦੀ ਲਚਕ ਦਾ ਅਲੱਗ ਅਲੱਗ ਹੋਣਾ ਜ਼ਰੂਰੀ ਹੈ। ਮੰਗ ਦੀ ਲਚਕ ਭਿੰਨ ਭਿੰਨ ਹੋਵੇਗੀ ਤਾਂ ਹੀ ਅਲੱਗ ਅਲੱਗ ਮੰਡੀਆਂ ਵਿੱਚ ਵਸਤੂ ਦੀ ਸੀਮਾਂਤ ਆਮਦਨ ਅਲੱਗ ਅਲੱਗ ਹੋਵੇਗੀ। ਜਿੱਥੇ ਮੰਗ ਵਧੇਰੇ ਲਚਕਦਾਰ ਹੋਵੇਗੀ ਉਥੇ ਘੱਟ ਕੀਮਤ ਅਤੇ ਜਿੱਥੇ ਮੰਗ ਘੱਟ ਲਚਕਦਾਰ ਉੱਥੇ ਵਧੇਰੇ ਕੀਮਤ ਵਸੂਲ ਕਰਕੇ ਏਕਾਧਿਕਾਰੀ ਵਧੇਰੇ ਲਾਭ ਕਮਾ ਸਕੇਗਾ। ਸ੍ਰੀਮਤੀ ਰੋਬਿਨਸਨ ਦੇ ਸ਼ਬਦਾਂ ਵਿੱਚ, ''ਉਪ-ਮੰਡੀਆਂ ਨੂੰ ਉਹਨਾਂ ਦੀ ਲਚਕ ਦੇ ਵਧਦੇ ਕ੍ਰਮ ਅਨੁਸਾਰ ਵਿਵਸਥਿਤ ਕਰ ਲਿਆ ਜਾਂਦਾ ਹੈ ਅਤੇ ਸਭ ਤੋਂ ਘੱਟ ਲਚਕਦਾਰ ਮੰਗ ਵਾਲੀ ਮੰਡੀ ਵਿੱਚ ਸਭ ਤੋਂ ਵਧੇਰੇ ਕੀਮਤ ਉਗਰਾਹੀ ਜਾਂਦੀ ਹੈ।'' ("The sub markets will be arranged in ascending order of their elasticities, the highest price being charged in the least elastic market." – Mrs. Robinson)

(iv) ਕਾਨੂੰਨੀ ਮੰਨਜ਼ੂਰੀ : ਕਈ ਵਾਰੀ ਸਰਕਾਰ ਜਨਤਕ ਸੇਵਾਵਾਂ ਜਿਵੇਂ ਰੇਲਵੇ, ਬਿਜਲੀ ਬੋਰਡ ਇਤਿਆਦਿ ਅਦਾਰਿਆਂ ਨੂੰ ਵਿਭਿੰਨ ਉਪਭੋਗਤਾਵਾਂ ਤੋਂ ਵਿਭਿੰਨ ਕੀਮਤਾਂ ਲੈਣ ਦੀ ਮਨਜ਼ੂਰੀ ਦੇ ਦਿੰਦੀ ਹੈ।

ਵਿਤਕਰੇ ਵਾਲੀਆਂ ਕੀਮਤਾਂ ਦਾ ਨਿਰਧਾਰਣ (Determination of Discriminatory Pricing) :

ਪ੍ਰੋ: ਪੀਗੂ ਅਨੁਸਾਰ ਕੀਮਤ ਵਿਤਕਰੇ ਦੀਆ ਤਿੰਨ ਸ਼੍ਰੇਣੀਆਂ ਹੁੰਦੀਆਂ ਹਨ। ਪਹਿਲੀ ਸ਼੍ਰੇਣੀ ਦੇ ਵਿਤਕਰੇ ਵਿੱਚ ਵਸਤੂ ਦੀ ਮੰਗ ਦੀ ਲਚਕ ਅਨੁਸਾਰ ਕੀਮਤ ਲਈ ਜਾਂਦੀ ਹੈ।

ਆਓ ਹੁਣ ਦੇਖੀਏ ਕਿ ਏਕਾਧਿਕਾਰੀ ਆਪਣੇ ਲਾਭਾਂ ਨੂੰ ਅਧਿਕਤਮ ਕਰਨ ਲਈ ਵਿਭਿੰਨ ਮੰਗ ਲਚਕ ਵਾਲੀਆਂ ਦੋ ਮੰਡੀਆਂ ਵਿੱਚ ਕੀਮਤ ਕਿਵੇਂ ਨਿਰਧਾਰਤ ਕਰਦਾ ਹੈ ਅਤੇ ਉਤਪਾਦਨ ਨੂੰ ਦੋਹਾਂ ਮੰਡੀਆਂ ਵਿੱਚ ਕਿਵੇਂ ਵੰਡਦਾ ਹੈ, ਉਸ ਦੀ ਕੁਲ ਉਪਜ ਸੀਮਾਂਤ ਆਮਦਨ ਅਤੇ ਸੀਮਾਂਤ ਲਾਗਤ ਦੀ ਸਮਾਨਤਾ ਰਾਹੀਂ ਨਿਰਧਾਰਤ ਕੀਤੀ ਜਾਵੇਗੀ।

ਮੰਨ ਲਵੋ ਇੱਕ ਵਿਭੇਦਕਾਰੀ ਏਕਾਧਿਕਾਰੀ ਆਪਣੀ ਮੰਡੀ ਨੂੰ ਦੋ ਉਪਮੰਡੀਆਂ (ੳ) ਅਤੇ (ਅ) ਵਿੱਚ ਵੰਡ ਲੈਂਦਾ ਹੈ। (ੳ) ਉਪ-ਮੰਡੀ ਵਿੱਚ ਮੰਗ ਦੀ ਕੀਮਤ ਲਚਕ ਘੱਟ ਹੈ ਅਤੇ (ਅ) ਉਪ - ਮੰਡੀ ਵਿੱਚ ਮੰਗ ਦੀ ਕੀਮਤ ਲਚਕ ਵਧੇਰੇ ਹੈ। ਚਿੱਤਰ ਨੰ:2.11 ਵਿੱਚ ਉਪ ਮੰਡੀ (ੳ) ਦੀ ਸੀਮਾਂਤ ਆਮਦਨ MR_1 ਹੈ, ਉਪ ਮੰਡੀ (ਅ) ਦੀ ਸੀਮਾਂਤ ਆਮਦਨ MR_2 ਹੈ ਅਤੇ ਪੂਰੀ ਮੰਡੀ ਦੀ ਕੁਲ ਸੀਮਾਂਤ ਆਮਦਨ TMR ਹੈ। ਏਕਾਧਿਕਾਰੀ ਦੇ ਸੰਤੁਲਨ ਲਈ ਕੁੱਲ ਸੀਮਾਂਤ ਆਮਦਨ ਸੀਮਾਂਤ ਲਾਗਤ ਦੇ ਬਰਾਬਰ ਹੋਣੀ ਲਾਜ਼ਮੀ ਹੈ। ਏਕਾਧਿਕਾਰੀ E ਬਿੰਦੂ ਤੇ ਸੰਤੁਲਨ ਵਿੱਚ ਹੈ, ਕੁੱਲ ਪੈਦਾਵਾਰ OM ਹੈ ਅਤੇ ਕੁਲ ਲਾਭ LRES ਹਨ।



ਚਿੱਤਰ ਨੰ: 2.11

ਦੋਵੇਂ ਉਪ–ਮੰਡੀਆਂ ਵਿੱਚ ਵਸੂਲ ਕੀਤੀਆਂ ਜਾਣ ਵਾਲੀਆਂ ਕੀਮਤਾਂ ਅਤੇ ਵੇਚੀ ਜਾਣ ਵਾਲੀ ਉਪਜ ਦਾ ਪਤਾ ਕਰਨ ਲਈ ਬਿੰਦੂ E ਤੋਂ X-ਧੁਰੇ ਦੇ ਸਮਾਨਾਂਤਰ ਰੇਖਾ ਚਿੱਤਰ ਅ ਅਤੇ ੳ ਭਾਗ ਵਿੱਚ ਦੀ ਖਿੱਚਾਂਗੇ। ਉਪ–ਮੰਡੀ (ੳ) ਦਾ ਸੰਤੁਲਨ E_1 ਤੇ ਅਤੇ ਉਪ–ਮੰਡੀ (ਅ) ਦਾ ਸੰਤੁਲਨ E_2 ਹੈ। ਉਪ–ਮੰਡੀ (ੳ) OM_1 ਪੈਦਾਵਾਰ P_1M_1 ਕੀਮਤ ਤੇ ਵੇਚੇਗੀ ਅਤੇ ਉਪ–ਮੰਡੀ (ਅ) OM_2 ਪੈਦਾਵਾਰ P_2M_2 ਤੇ ਵੇਚੇਗੀ। ਉਪ–ਮੰਡੀ (ੳ) ਵਿੱਚ ਉਪ–ਮੰਡੀ (ਅ) ਨਾਲੋਂ ਉੱਚੀ ਕੀਮਤ ਹੈ। ਉਪ–ਮੰਡੀ (ੳ) ਵਿੱਚ ਮੰਗ ਘੱਟ ਲਚਕਦਾਰ ਹੈ ਇਸ ਲਈ ਏਕਾਧਿਕਾਰੀ ਇਸ ਉਪ–ਮੰਡੀ ਵਿੱਚ ਉਪ–ਮੰਡੀ (ਅ) ਨਾਲੋਂ ਵਧੇਰੇ ਲਾਭ ਕਮਾ ਰਿਹਾ ਹੈ।

ਸਵੈ–ਮੁਲਾਂਕਣ ਅਭਿਆਸ–2

1. ਸਾਧਾਰਨ ਏਕਾਧਿਕਾਰ ਅਤੇ ਵਿਭੇਕਵਾਰੀ ਵਿੱਚ ਕੀ ਭਿੰਨਤਾ ਹੈ?

2.2.4.6 ਡੰਮਪਿੰਗ ਜਾਂ ਘਰੇਲੂ ਬਾਜ਼ਾਰ ਅਤੇ ਵਿਦੇਸ਼ੀ ਬਾਜ਼ਾਰ ਵਿੱਚ ਕੀਮਤ ਵਿਤਕਰਾ (Dumping or Price discrimination in Home market and Foreign market) :

ਜਿਸ ਤਰ੍ਹਾਂ ਭਿੰਨ ਮੰਡੀਆਂ ਵਿੱਚ ਮੰਗ ਦੀ ਲਚਕ ਅਨੁਸਾਰ ਕੀਮਤ ਵੱਧ ਘੱਟ ਵਸੂਲੀ ਜਾਣ ਬਾਰੇ ਅਸੀਂ ਅਧਿਐਨ ਕਰ ਚੁੱਕੇ ਹਾਂ ਉਸੇ ਤਰ੍ਹਾਂ ਹੁਣ ਦੇਖਦੇ ਹਾਂ ਕਿ ਜੇਕਰ ਇੱਕ ਮੰਡੀ ਵਿੱਚ ਵਿਕਰੇਤਾ ਦੀ ਸਥਿਤੀ ਏਕਾਧਿਕਾਰੀ ਵਾਲੀ ਹੋਵੇ ਅਤੇ ਦੂਜੀ ਮੰਡੀ ਵਿੱਚ ਉਸ ਨੂੰ ਹੋਰ ਵਿਕਰੇਤਾਵਾਂ ਨਾਲ ਮੁਕਾਬਲਾ ਕਰਨਾ ਪਵੇ ਤਾਂ ਉਹ ਸੰਤੁਲਨ ਕਿਸ ਤਰ੍ਹਾਂ ਪ੍ਰਾਪਤ ਕਰੇਗਾ। ਕਈ ਵਾਰੀ ਇੱਕ ਏਕਾਧਿਕਾਰੀ ਆਪਣੇ ਦੇਸ਼ ਦੀ ਮੰਡੀ ਵਿੱਚ ਆਪਣੀ ਉਪਜ ਦੀ ਵਿਕਰੀ ਤੋਂ ਇਲਾਵਾ ਬਾਹਰਲੇ ਦੇਸ਼ਾਂ ਨੂੰ ਵੀ ਆਪਣੀ ਉਪਜ ਦਾ ਨਿਰਯਾਤ ਕਰਦਾ ਹੈ। ਅਜਿਹੀ ਸਥਿਤੀ ਵਿੱਚ ਆਪਣੇ ਦੇਸ਼ ਵਿੱਚ ਤਾਂ ਉਸ ਦੀ ਏਕਾਧਿਕਾਰੀ ਹੈ ਪ੍ਰੰਤੂ ਵਿਦੇਸ਼ ਵਿਚ ਉਸ ਨੂੰ ਪ੍ਰਤੀਯੋਗੀਆਂ ਦਾ ਮੁਕਾਬਲਾ ਕਰਨਾ ਪੈਂਦਾ ਹੈ। ਅਜਿਹੀ ਸਥਿਤੀ ਵਿੱਚ ਏਕਾਧਿਕਾਰੀ ਆਪਣੀ ਵਸਤੂ ਨੂੰ ਵਿਦੇਸ਼ੀ ਬਾਜ਼ਾਰ ਵਿੱਚ ਦੇਸ਼ੀ ਬਾਜ਼ਾਰ ਨਾਲੋਂ ਨੀਵੀਂ ਕੀਮਤ ਤੇ ਵੇਚ ਕੇ ਏਕਾਧਿਕਾਰੀ

ਲਾਭ ਨੂੰ ਅਧਿਕਤਮ ਕਰਦਾ ਹੈ। ਭਾਵ ਏਕਾਧਿਕਾਰੀ ਆਪਣੀ ਵਸਤੂ ਨੂੰ ਸਵਦੇਸ਼ੀ ਬਾਜ਼ਾਰ ਵਿੱਚ ਉੱਚੀ ਕੀਮਤ ਤੇ ਅਤੇ ਵਿਦੇਸ਼ੀ ਬਾਜ਼ਾਰ ਵਿੱਚ ਨੀਵੀਂ ਕੀਮਤ ਤੇ ਵੇਚਦਾ ਹੈ। ਇਹ ਹੀ ਕੀਮਤ ਵਿਤਕਰਾ/ਡੰਮਪਿੰਗ ਦੀ ਸਥਿਤੀ ਹੈ।

ਆਓ ਰੇਖਾ ਚਿੱਤਰ ਨੰ: 2.12 ਦੀ ਸਹਾਇਤਾ ਨਾਲ ਦੇਖੀਏ ਕਿ ਏਕਾਧਿਕਾਰੀ ਇਸ ਸਥਿਤੀ ਵਿੱਚ ਦੋਹਾਂ ਮੰਡੀਆਂ ਲਈ ਕਿੰਨੀ ਉਪਜ ਪੈਦਾ ਕਰੇਗਾ ਅਤੇ ਕਿੰਨੀ ਕਿੰਨੀ ਕੀਮਤ ਨਿਰਧਾਰਣ ਕਰੇਗਾ। ਵਿਕਰੇਤਾ ਦੀ ਆਪਣੇ ਦੇਸ਼ ਵਿੱਚ ਏ ਕਾਧਿਕਾਰੀ ਵਕਰ ਅਤੇ ਸੀਮਾਂਤ ਆਮਦਨ ਵਕਰ AR_H ਅਤੇ MR_H ਹੇਠਾਂ ਨੂੰ ਝੁਕਦੇ ਹੋਏ ਹਨ। ਵਿਸ਼ਵ ਮੰਡੀ ਵਿੱਚ ਪੂਰਣ ਮੁਕਾਬਲੇ ਵਾਲੀ ਸਥਿਤੀ ਹੋਣ ਕਾਰਣ ਇਸ ਵਿਕਰੇਤਾ ਦੇ AR_W ਅਤੇ MR_W ਦੋਵੇਂ x-ਧੁਰੇ ਦੇ ਸਮਾਨਾਂਤਰ ਸਿੱਧੀ ਲਕੀਰ ਦੇ ਰੂਪ ਵਿੱਚ ਦਿਖਾਏ ਗਏ ਹਨ :



ਚਿੱਤਰ ਨੰ: 2.12

ਕੁਲ ਉਤਪਾਦਨ ਦੀ ਸੀਮਾਂਤ ਲਾਗਤ ਨੂੰ MC ਵਕਰ ਰਾਹੀਂ ਦਿਖਾਇਆ ਗਿਆ ਹੈ। ਮਿਸ਼ਰਤ ਸੀਮਾਂਤ ਆਮਦਨ LFE ਹੈ। E ਸੰਤੁਲਨ ਬਿੰਦੂ ਹੈ ਜਿੱਥੇ OM ਸੰਤੁਲਨ ਪੈਦਾਵਾਰ ਹੈ। ਉਤਪਾਦਕ ਆਪਣੇ ਦੇਸ਼ ਦੇ ਬਾਜ਼ਾਰ ਵਿੱਚ OP ਕੀਮਤ ਨਿਰਧਾਰਤ ਕਰਦਾ ਹੈ। OM_1 ਉਤਪਾਦਨ ਆਪਣੇ ਦੇਸ਼ ਦੇ ਬਾਜ਼ਾਰ ਵਿੱਚ ਵੇਚਦਾ ਹੈ ਕਿਉਂਕਿ F ਬਿੰਦੂ ਤੇ ਘਰੇਲੂ ਬਾਜ਼ਾਰ ਦੀ ਸੀਮਾਂਤ ਆਮਦਨ ਵਿਦੇਸ਼ੀ ਬਾਜ਼ਾਰ ਦੀ ਸੀਮਾਂਤ ਆਮਦਨ ਦੇ ਬਰਾਬਰ ਹੈ। ਘਰੇਲੂ ਬਾਜ਼ਾਰ ਦੀ ਕੀਮਤ ਵਿਦੇਸ਼ੀ ਬਾਜ਼ਾਰ ਦੀ ਕੀਮਤ ਨਾਲੋਂ ਜ਼ਿਆਦਾ ਹੈ। ਕੁਲ ਏਕਾਧਿਕਾਰੀ ਮੁਨਾਫ਼ਾ LFEB ਦੇ ਬਰਾਬਰ ਹੈ। ਰੇਖਾ ਚਿੱਤਰ ਤੋਂ ਸਾਫ਼ ਜ਼ਾਹਰ ਹੈ ਕਿ ਆਪਣੇ ਦੇਸ਼ ਦੀ ਮੰਡੀ ਵਿੱਚ ਵਿਕਰੇਤਾ ਏਕਾਧਿਕਾਰੀ ਹੋਣ ਕਾਰਣ ਵਧੇਰੇ ਕੀਮਤ ਵਸੂਲ ਕਰਦਾ ਹੈ ਅਤੇ ਵਿਦੇਸ਼ੀ ਮੰਡੀ ਵਿੱਚ ਉਸ ਨੂੰ ਹੋਰ ਦੇਸ਼ਾਂ ਦੇ ਉਤਪਾਦਕਾਂ/ਵਿਕਰੇਤਾਵਾਂ ਨਾਲ ਮੁਕਾਬਲਾ ਕਰਨਾ ਪੈਂਦਾ ਹੈ ਸੋ ਉਹ ਉੱਥੋਂ ਘੱਟ ਕੀਮਤ (OP_1) ਵਸੂਲ ਕਰਦਾ ਹੈ।

ਕੀਮਤ ਵਿਭੇਦ ਦੀ ਉਚਿੱਤਤਾ (Justification for Price Discrimination) : ਕਿਸੇ ਵੀ ਪ੍ਰਕਾਰ ਦਾ ਵਿਤਕਰਾ ਭਾਵੇਂ ਬੁਰਾ ਸਮਝਿਆ ਜਾਂਦਾ ਹੈ ਪ੍ਰੰਤੂ ਕੁਝ ਹਾਲਤਾਂ ਵਿੱਚ ਇਸ ਨੂੰ ਉਚਿਤ ਵੀ ਠਹਿਰਾਇਆ ਜਾਂਦਾ ਹੈ।

* ਜੇਕਰ ਕੀਮਤ ਭੇਦ ਉਤਪਾਦਨ ਅਤੇ ਸਾਧਨਾਂ ਦੀ ਉੱਚਤਮ ਵਰਤੋਂ ਕਰਨ 'ਚ ਸਹਾਇਕ ਹੋਵੇ।
* ਜੇਕਰ ਇਹ ਸਮਾਨਤਾ ਲਿਆਉਂਦਾ ਹੋਵੇ ਭਾਵ ਅਮੀਰਾਂ ਦੀ ਖਰੀਦ ਸ਼ਕਤੀ ਵਧੇਰੇ ਹੁੰਦੀ ਹੈ ਸੋ ਉਹਨਾਂ ਕੋਲੋਂ ਗਰੀਬਾਂ ਨਾਲੋਂ ਵਸਤੂ ਦੀ ਵਧੇਰੇ ਕੀਮਤ ਉਗਰਾਹੀ ਜਾਵੇ/ਦੂਜੇ ਪਾਸੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਜ਼ਰੂਰੀ ਵਸਤਾਂ ਜਾਂ ਸੇਵਾਵਾਂ ਘੱਟ ਕੀਮਤ ਤੇ ਮੁਹੱਈਆਂ ਕੀਤੀਆ ਜਾਣ।
* ਜਦੋਂ ਵਿਭਿੰਨ ਮੰਡੀਆਂ ਵਿੱਚ ਵਸਤੂ ਦੀ ਮੰਗ ਲਚਕ ਵੱਖ-ਵੱਖਰੀ ਹੋਵੇ ਤਾਂ ਕੀਮਤ ਵਿਭੇਦ ਲਾਭਕਾਰੀ ਹੋਵੇਗਾ। ਏਕਾਧਿਕਾਰੀ ਉਸ ਮੰਡੀ ਵਿੱਚ ਵਧੇਰੇ ਕੀਮਤ ਵਸੂਲੇਗਾ ਜਿਸ ਵਿੱਚ ਉਸ ਦੀ ਵਸਤੂ ਲਈ ਮੰਗ ਘੱਟ ਲਚਕਦਾਰ ਹੈ ਅਤੇ ਉਸ ਮੰਡੀ ਵਿੱਚ ਘੱਟ ਕੀਮਤ ਵਸੂਲੇਗਾ ਜਿਸ ਵਿੱਚ ਉਸ ਵਸਤੂ ਲਈ ਮੰਗ ਵਧੇਰੇ ਲਚਕਦਾਰ ਹੈ।

2.2.5 ਸਾਰਾਂਸ਼ :

ਇਸ ਪਾਠ ਵਿੱਚ ਤੁਸੀਂ ਏਕਾਧਿਕਾਰੀ ਦੀ ਸਥਿਤੀ ਵਿੱਚ ਕੀਮਤ ਅਤੇ ਪੈਦਾਵਾਰ ਕਿਸ ਤਰ੍ਹਾਂ ਨਿਰਧਾਰਤ ਹੁੰਦੇ ਹਨ ਬਾਰੇ ਵਿਸਤਾਰ ਵਿੱਚ ਪੜ੍ਹ ਚੁੱਕੇ ਹੋ। ਤੁਸੀਂ ਜਾਣ ਗਏ ਹੋਵੋਗੇ ਕਿ ਏਕਾਧਿਕਾਰੀ ਦੀ ਸਥਿਤੀ ਵਿੱਚ ਵਸਤੂ ਦਾ ਇੱਕ ਉਤਪਾਦਕ/ਵਿਕਰੇਤਾ ਹੁੰਦਾ ਹੈ ਉਸ ਦਾ ਵਸਤੂ ਦੀ ਪੂਰਤੀ ਅਤੇ ਕੀਮਤ ਉੱਤੇ ਪੂਰਾ ਨਿਯੰਤਰਣ ਹੁੰਦਾ ਹੈ। ਅਜਿਹੀ ਸਥਿਤੀ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਕੁਝ ਫ਼ਰਮਾਂ ਗਠਜੋੜ ਬਣਾ ਲੈਣ, ਕੋਈ ਫ਼ਰਮ ਕਿਸੇ ਵਸਤੂ ਦੀ ਪੂਰਤੀ ਤੇ ਆਪਣਾ ਕੰਟਰੋਲ ਕਰ ਲਵੇ ਜਾਂ ਕੋਈ ਵਸਤਾਂ ਅਤੇ ਸੇਵਾਵਾਂ ਸਰਕਾਰ ਦੇ ਅਧੀਨ ਹੋਣ/ਏਕਾਧਿਕਾਰੀ ਅਧੀਨ ਫ਼ਰਮ ਹੀ ਉਦਯੋਗ ਹੈ। ਥੋੜ੍ਹੇ ਸਮੇਂ ਵਿੱਚ ਫ਼ਰਮ ਨੂੰ ਅਸਾਧਾਰਨ ਲਾਭ ਅਤੇ ਸਾਧਾਰਨ ਲਾਭ ਵੀ ਹੋ ਸਕਦੇ ਹਨ। ਪ੍ਰੰਤੂ ਲੰਬੇ ਸਮੇਂ ਵਿੱਚ ਏਕਾਧਿਕਾਰੀ ਨੂੰ ਅਸਾਧਾਰਨ ਲਾਭ ਹੀ ਹੁੰਦੇ ਹਨ। ਪ੍ਰੰਤੂ ਲਾਭ ਦੀ ਮਾਤਰਾ ਏਕਾਧਿਕਾਰੀ ਸ਼ਕਤੀ ਦੀ ਡਿਗਰੀ ਤੇ ਨਿਰਭਰ ਕਰਦੀ ਹੈ ਅਤੇ ਇਹ ਅੱਗੋਂ ਵਸਤੂ ਦੀ ਮੰਗ ਦੀ ਲਚਕ ਤੇ ਨਿਰਭਰ ਕਰਦੀ ਹੈ। ਬਦਲਦੀਆਂ ਉਤਪਾਦਨ ਲਾਗਤਾਂ ਦੀ ਸਥਿਤੀ ਵਿੱਚ ਕੀਮਤ ਨਿਰਧਾਰਣ ਬਾਰੇ ਵੀ ਤੁਹਾਨੂੰ ਦੱਸਿਆ ਗਿਆ ਹੈ। ਏਕਾਧਿਕਾਰ ਅਤੇ ਪੂਰਣ ਪ੍ਰਤੀਯੋਗੀ ਮੰਡੀਆਂ ਵਿਚਾਲੇ ਤੁਲਨਾ ਵੀ ਕੀਤੀ ਗਈ ਹੈ। ਵਿਤਕਰੇ ਵਾਲੇ ਏਕਾਧਿਕਾਰ ਅਤੇ ਡੰਮਪਿੰਗ ਦੀ ਹਾਲਤ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ।

2.2.6 ਤਕਨੀਕੀ ਸ਼ਬਦਾਵਲੀ :

ਏਕਾਧਿਕਾਰ :

ਬਾਜ਼ਾਰ ਦੀ ਉਹ ਸਥਿਤੀ ਹੈ ਜਿਸ ਵਿੱਚ ਕਿਸੇ ਵਸਤੂ ਦੇ ਉਤਪਾਦਨ ਤੇ ਸਿਰਫ਼ ਇੱਕ ਫ਼ਰਮ/ਉਦਯੋਗ ਦਾ ਨਿਯੰਤਰਣ ਹੁੰਦਾ ਹੈ। ਵਸਤੂ ਦਾ ਕੋਈ ਨਜ਼ਦੀਕੀ ਪ੍ਰਤੀਸਥਾਪਨ ਨਹੀਂ ਹੁੰਦਾ। ਇਸ ਵਿੱਚ ਕੀਮਤ ਪੂਰਣ ਮੁਕਾਬਲੇ ਨਾਲੋਂ ਜ਼ਿਆਦਾ ਪ੍ਰਤੀਸਥਾਪਨ ਨਹੀਂ ਹੁੰਦੀ ਹੈ।

ਕੀਮਤ ਵਿਭੇਦ :

ਜਦੋਂ ਏਕਾਧਿਕਾਰੀ ਕਿਸੇ ਸਮਰੂਪ ਵਸਤੂ/ਸੇਵਾ ਲਈ ਵਿਭਿੰਗ ਗ੍ਰਾਹਕਾਂ ਤੋਂ ਵਿਭਿੰਨ ਕੀਮਤ ਵਸੂਲ ਕਰਦਾ ਹੈ ਤਾਂ ਉਸ ਨੂੰ ਕੀਮਤ ਵਿਭੇਦ/ਵਿਤਕਰਾ ਕਿਹਾ ਜਾਂਦਾ ਹੈ।

ਡੰਮਪਿੰਗ :

ਜਦੋਂ ਵਸਤੂ ਦੇ ਉਤਪਾਦਕ ਦੀ ਇੱਕ ਮੰਡੀ ਬਾਜ਼ਾਰ ਵਿੱਚ ਏਕਾਧਿਕਾਰੀ ਹੋਵੇ ਅਤੇ ਉਸ ਵਸਤੂ ਦੀ ਵਿਕਰੀ ਲਈ ਦੂਜੀ ਮੰਡੀ/ਬਾਜ਼ਾਰ ਵਿੱਚ ਪ੍ਰਤੀਯੋਗੀਆਂ ਦਾ ਸਾਹਮਣਾ ਕਰਨਾ ਪਵੇ। ਅਜਿਹੀ ਹਾਲਤ ਨੂੰ ਡੰਮਪਿੰਗ ਕਿਹਾ ਜਾਂਦਾ ਹੈ। ਉਦਾਹਰਣ ਵਜੋਂ ਆਪਣੇ ਦੇਸ਼ ਵਿੱਚ ਏਕਾਧਿਕਾਰੀ ਅਤੇ ਵਿਦੇਸ਼ੀ ਮੰਡੀ ਵਿੱਚ ਮੁਕਾਬਲੇ ਦੀ ਸਥਿਤੀ ਹੋਵੇ।

2.2.7 ਸੁਝਾਏ ਪ੍ਰਸ਼ਨ :

ਹੇਠ ਲਿਖੇ ਪ੍ਰਸ਼ਨਾਂ ਦੇ ਵਿਸਤ੍ਰਿਤ ਉੱਤਰ ਦਿਓ :

1. ਏਕਾਧਿਕਾਰ ਤੋਂ ਕੀ ਭਾਵ ਹੈ? ਇਸ ਅਧੀਨ ਵਸਤੂ ਦੀ ਕੀਮਤ ਕਿਸ ਤਰ੍ਹਾਂ ਨਿਰਧਾਰਤ ਹੁੰਦੀ ਹੈ?
2. ਏਕਾਧਿਕਾਰ ਅਧੀਨ ਕੀਮਤ-ਉਤਪਾਦਨ ਨਿਰਣਾ ਕਿਸ ਤਰ੍ਹਾਂ ਲਿਆ ਜਾਂਦਾ ਹੈ?
3. ਏਕਾਧਿਕਾਰ ਅਧੀਨ ਕੀਮਤ ਵਿਭੇਦੀਕਰਣ ਲਈ ਕਿਹੜੀਆਂ ਸ਼ਰਤਾਂ ਜ਼ਰੂਰੀ ਹਨ?
4. ਏਕਾਧਿਕਾਰ ਅਤੇ ਪੂਰਣ ਮੁਕਾਬਲੇ ਵਾਲੀਆਂ ਮੰਡੀਆਂ ਵਿਚਕਾਰ ਤੁਲਨਾ ਕਰੋ?

5. ਵਿਭੇਦਕਾਰੀ ਏਕਾਧਿਕਾਰ ਸਾਧਾਰਨ ਏਕਾਧਿਕਾਰੀ ਨਾਲੋਂ ਘੱਟ ਬੁਰਾ ਹੈ। ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ?

ਹੇਠ ਲਿਖੇ ਪ੍ਰਸ਼ਨਾਂ ਦੇ ਸੰਖਿਪਤ ਉੱਤਰ ਦਿਓ :-

1. ਏਕਾਧਿਕਾਰੀ ਤਾਕਤ ਦੇ ਕੀ ਆਧਾਰ ਹਨ?
2. ਵਿਭੇਦਕਾਰੀ ਏਕਾਧਿਕਾਰ ਤੋਂ ਕੀ ਭਾਵ ਹੈ?
3. ਡੰਮਪਿੰਗ ਤੋਂ ਕੀ ਭਾਵ ਹੈ?
4. ਵਿਭੇਦਕਾਰੀ ਏਕਾਧਿਕਾਰ ਕਿਨ੍ਹਾਂ ਹਾਲਤਾਂ ਵਿੱਚ ਉਚਿਤ ਹੈ?

2.2.8 ਸਹਾਇਕ ਪੁਸਤਕਾਂ

1. H.L. Ahuja, Principles of Micro Economics, S. Chand & Company Ltd., New Delhi, 2003.
2. S.K. Misra & V.K. Puri, Micro Economic Theory and Applications-I, Himalaya Publishing House, New Delhi.
3. ਡੇਵਿਟ ਕੇ.ਕੇ. ਅਤੇ ਵਰਮਾ ਜੇ.ਡੀ., ਆਧੁਨਿਕ ਅਰਥ ਸ਼ਾਸਤਰ (ਭਾਗ ਪਹਿਲਾ)।
4. B.K. Sharma & Gulshan Kumar: Price Theory And Distribution (Punjabi Medium)

ਪਾਠ ਨੰ: 2.3 ਲੇਖਿਕਾ : ਡਾ. ਮਨੀਸ਼ਾ

ਵੰਡ ਦਾ ਸੀਮਾਂਤ ਉਤਪਾਦਕਤਾ ਸਿਧਾਂਤ

2.3.1 ਉਦੇਸ਼
2.3.2 ਭੂਮਿਕਾ
2.3.3 ਵੰਡ ਦਾ ਭਾਵ
2.3.3.1 ਸੀਮਾਂਤ ਉਤਪਾਦਕਤਾ ਸਿਧਾਂਤ ਦਾ ਅਰਥ ਅਤੇ ਕਿਸਮਾਂ
2.3.3.2 ਸੀਮਾਂਤ ਉਤਪਾਦਕਤਾ ਸਿਧਾਂਤ ਦੀਆਂ ਮਨੌਤਾਂ
2.3.3.3 ਸੀਮਾਂਤ ਉਤਪਾਦਕਤਾ ਸਿਧਾਂਤ ਦੀ ਵਿਆਖਿਆ
2.3.3.4 ਸੀਮਾਂਤ ਉਤਪਾਦਕਤਾ ਸਿਧਾਂਤ ਦੀ ਆਲੋਚਨਾਤਮਕ ਵਿਆਖਿਆ
2.3.4 ਸਾਰਾਂਸ਼
2.3.5 ਤਕਨੀਕੀ ਸ਼ਬਦ
2.3.6 ਸੁਝਾਏ ਪ੍ਰਸ਼ਨ
2.3.7 ਸਹਾਇਕ ਪੁਸਤਕਾਂ

2.3.1 ਉਦੇਸ਼

ਇਸ ਪਾਠ ਵਿਚ ਅਸੀਂ ਜਾਣਕਾਰੀ ਹਾਸਲ ਕਰਾਂਗੇ ਕਿ :

- ਵੰਡ ਤੋਂ ਕੀ ਭਾਵ ਹੈ ?
- ਸੀਮਾਂਤ ਉਤਪਾਦਕਤਾ ਦੀਆਂ ਕਿੰਨੀਆਂ ਕਿਸਮਾਂ ਹਨ
- ਸੀਮਾਂਤ ਉਤਪਾਦਕਤਾ ਸਿਧਾਂਤ ਦੀ ਵਿਆਖਿਆ

2.3.2 ਭੂਮਿਕਾ

ਮਨੁੱਖ ਸਮਾਜ ਵਿਚ ਰਹਿੰਦਾ ਹੈ ਤੇ ਉਹ ਆਪਣੀ ਸਾਰੀਆਂ ਲੋੜਾਂ ਇਕੱਲਾ ਹੀ ਪੂਰੀਆਂ ਨਹੀਂ ਕਰ ਸਕਦਾ, ਇਸ ਦੇ ਲਈ ਉਸ ਨੂੰ ਦੂਜਿਆਂ ਉੱਤੇ ਨਿਰਭਰ ਹੋਣਾ ਪੈਂਦਾ ਹੈ। ਪਹਿਲੇ ਸਮੇਂ ਵਿਚ ਮਨੁੱਖ ਜਾਂ ਉਸ ਦਾ ਪਰਿਵਾਰ ਆਪ ਹੀ ਉਤਪਾਦਨ ਕਰਦਾ ਸੀ ਅਤੇ ਆਪ ਹੀ ਆਪਣੇ ਦੁਆਰਾ ਬਣਾਈਆਂ ਵਸਤਾਂ ਦਾ ਮਾਲਕ ਹੁੰਦਾ ਸੀ, ਪਰ ਹੁਣ ਜਦੋਂ ਉਤਪਾਦਨ ਵੱਡੇ ਪੈਮਾਨੇ ਤੇ ਕੀਤਾ ਜਾਂਦਾ ਹੈ ਅਤੇ ਉਸ ਦੇ ਲਈ ਸਾਧਨਾਂ ਦੀਆਂ ਸੇਵਾਵਾਂ ਦੀ ਲੋੜ ਹੁੰਦੀ ਹੈ (ਉਤਪਾਦਕ ਵੱਖ-ਵੱਖ ਸਾਧਨਾਂ ਦੀ ਸਹਾਇਤਾ ਨਾਲ ਉਤਪਾਦਨ ਕਰਦਾ ਹੈ) ਜਦੋਂ ਵਸਤ ਬਣ ਕੇ ਵਿਕਣ ਵਾਸਤੇ ਤਿਆਰ ਹੁੰਦੀ ਹੈ ਤਾਂ ਜਿਨ੍ਹਾਂ ਕਾਰਕਾਂ ਨਾਲ ਮਿਲ ਕੇ ਉਸ ਦਾ ਉਤਪਾਦਨ ਹੋਇਆ ਹੁੰਦਾ ਹੈ ਉਨ੍ਹਾਂ ਨੂੰ ਇਵਜ਼ਾਨਾ ਦੇਣਾ ਹੁੰਦਾ ਹੈ। ਇਵਜ਼ਾਨਾ ਉਤਪਾਦਨ ਸਾਧਨ ਦੀ ਸੀਮਾਂਤ ਉਤਪਾਦਕਤਾ ਉੱਪਰ ਹੀ ਨਿਰਭਰ ਕਰਦਾ ਹੈ।

2.3.3 ਵੰਡ ਦਾ ਭਾਵ

ਉਤਪਾਦਨ ਦੇ ਲਈ ਚਾਰ ਕਾਰਕਾਂ ਦੀ ਲੋੜ ਹੁੰਦੀ ਹੈ - ਭੂਮੀ, ਕਿਰਤ, ਪੂੰਜੀ ਅਤੇ ਉੱਦਮ ਦੇ ਸਹਿਯੋਗ ਨਾਲ ਹੋਏ ਉਤਪਾਦਨ ਨੂੰ ਰਾਸ਼ਟਰੀ ਉਤਪਾਦਨ ਆਖਦੇ ਹਨ। ਇਹੋ ਉਤਪਾਦਨ ਫਿਰ ਇਨ੍ਹਾਂ ਚਾਰ ਕਾਰਕਾਂ ਵਿਚ ਵੰਡਿਆ ਜਾਂਦਾ ਹੈ। ਵੰਡ ਅਰਥ ਵਿਗਿਆਨ ਦਾ ਉਹ ਭਾਗ ਹੈ, ਜਿਸ ਵਿਚ ਉਨ੍ਹਾਂ ਸਿਧਾਂਤਾਂ ਦਾ ਅਧਿਐਨ ਕੀਤਾ ਜਾਂਦਾ ਹੈ, ਜਿਨ੍ਹਾਂ ਰਾਹੀਂ ਭੂਮੀ ਦਾ ਲਗਾਨ, ਕਿਰਤ ਦੀ ਮਜ਼ਦੂਰੀ, ਪੂੰਜੀ ਦਾ ਵਿਆਜ ਅਤੇ ਉੱਦਮੀ ਦਾ ਲਾਭ ਨਿਸ਼ਚਿਤ ਹੁੰਦੇ ਹਨ। ਪ੍ਰੋ: ਸੈਮੂਲਨਨ ਦੇ ਅਨੁਸਾਰ, ''ਵੱਖਰੇ-ਵੱਖਰੇ ਉਤਪਾਦਨ ਸਾਧਨਾਂ ਭੂਮੀ, ਕਿਰਤ, ਪੂੰਜੀ ਅਤੇ ਉੱਦਮ ਦੀ ਮੰਡੀ ਵਿਚ ਕਿਵੇਂ ਕੀਮਤ ਨਿਰਧਾਰਨ ਕੀਤੀ ਜਾਏ, ਇਸ ਸਮੱਸਿਆ ਦੇ ਹੱਲ ਨੂੰ ਵੰਡ ਆਖਿਆ ਜਾਂਦਾ ਹੈ।'' (Distribution is concerned with the problem of how the different factors of production - Land, Labour, Capital and Enterpreneurship are priced in the market.) ਪ੍ਰੋ: ਮਾਰਸ਼ਲ ਦੇ ਅਨੁਸਾਰ, ''ਕਿਸੇ ਦੇਸ਼ ਦੀ ਕਿਰਤ ਅਤੇ ਪੂੰਜੀ ਦੇ ਉਸ ਦੇਸ਼ ਦੇ ਪ੍ਰਾਕ੍ਰਿਤਕ ਸਾਧਨਾਂ ਨਾਲ ਕੰਮ ਕਰਨ ਤੇ ਹਰੇਕ ਨਾਲ ਭੌਤਿਕ ਅਤੇ ਅਭੌਤਿਕ ਪਦਾਰਥਾਂ ਅਤੇ ਸਭ ਪ੍ਰਕਾਰ ਦੀਆਂ ਸੇਵਾਵਾਂ ਦਾ ਜੋ ਸ਼ੁੱਧ ਉਤਪਾਦਨ ਹੁੰਦਾ ਹੈ। ਉਹੀ ਦੇਸ਼ ਦੀ ਸ਼ੁੱਧ

ਸਾਲਾਨਾ ਆਮਦਨ ਜਾਂ ਰਾਸ਼ਟਰੀ ਲਾਭ ਅੰਸ਼ ਹੁੰਦਾ ਹੈ।'' (The Labour and Capital of a country acting an its natural resources produce annually a criteria net aggregate of commodities material and immaterial including services of all kinds. This is the true national income, revenue of the country or national dividend.)

ਰਾਸ਼ਟਰੀ ਆਮਦਨ ਉਤਪਾਦਨ ਦੇ ਸਾਧਨਾਂ ਦੇ ਸਹਿਯੋਗ ਦਾ ਨਤੀਜਾ ਹੈ ਅਤੇ ਇਸ ਨੂੰ ਇਨ੍ਹਾਂ ਚਾਰ ਉਤਪਾਦਨ ਸਾਧਨ ਭਾਵ ਭੂਮੀ, ਕਿਰਤ, ਪੂੰਜੀ ਅਤੇ ਉੱਦਮ ਵਿਚਕਾਰ ਵੰਡਿਆ ਜਾਂਦਾ ਹੈ। ਕਿਸੇ ਵੀ ਸਾਧਨਾਂ ਦਾ ਮੁੱਲ ਪਾਉਣ ਦੇ ਦੋ ਤਰੀਕੇ ਹਨ ਇਕ ਹੈ :

Price Aspect : ਇਕ ਫ਼ਰਮ ਸਾਧਨਾਂ ਨੂੰ ਜੋ ਇਵਜ਼ਾਨਾ ਦਿੰਦੀ ਹੈ ਜਿਵੇਂ ਵਿਆਜ, ਕਿਰਤ ਆਦਿ।

Income Aspect : ਜਦੋਂ ਇਕ ਸਾਧਨ ਆਪਣੀਆਂ ਸੇਵਾਵਾਂ ਦੇ ਬਦਲੇ ਕੁੱਝ ਪਾਂਦਾ ਹੈ, ਜਿਵੇਂ ਲਗਾਨ, ਵਿਆਜ, ਲਾਭ ਆਦਿ। ਇਨ੍ਹਾਂ ਸਾਰੇ ਸਾਧਨਾਂ ਦੀ ਆਮਦਨ ਨੂੰ ਜੋੜ ਕੇ ਰਾਸ਼ਟਰੀ ਆਮਦਨ ਬਣਦੀ ਹੈ। ਰਾਸ਼ਟਰੀ ਆਮਦਨ ਸਾਧਨਾਂ ਵਿਚਕਾਰ ਵੰਡੀ ਜਾਂਦੀ ਹੈ। ਇਹ ਵੰਡ ਦੋ ਤਰ੍ਹਾਂ ਦੀ ਹੋ ਸਕਦੀ ਹੈ।

ਵਿਅਕਤੀਗਤ ਵੰਡ (Personal Distribution) : ਇਹ ਅਲੱਗ-ਅਲੱਗ ਵਿਅਕਤੀਆਂ ਵਿਚ ਆਮਦਨ ਦੀ ਵੰਡ ਹੁੰਦੀ ਹੈ। ਇਹ ਵਿਅਕਤੀ ਦੀ ਆਮਦਨ ਦੇ ਆਕਾਰ ਨਾਲ ਸੰਬੰਧਿਤ ਹੁੰਦੀ ਹੈ ਨਾ ਕਿ ਆਮਦਨ ਦੇ ਸੋਮੇ ਨਾਲ।

ਕਾਰਜ ਅਨੁਸਾਰ ਵੰਡ ਉਤਪਾਦਨ ਦੇ ਸਾਧਨਾਂ ਨੂੰ ਇਵਜ਼ਾਨਾ ਕਿਵੇਂ ਦਿੱਤਾ ਜਾਂਦਾ ਹੈ ਜਿਵੇਂ ਜ਼ਮੀਨ ਨੂੰ ਲਗਾਨ, ਪੂੰਜੀ ਨੂੰ ਵਿਆਜ, ਮਤਲਬ ਇਵਜ਼ਾਨਾ ਕਾਰਜਾਂ ਦੇ ਮੁਤਾਬਿਕ ਦਿੱਤਾ ਜਾਂਦਾ ਹੈ।

2.3.3.1 ਸੀਮਾਂਤ ਉਤਪਾਦਕਤਾ ਦਾ ਸਿਧਾਂਤ ਦਾ ਅਰਥ ਅਤੇ ਕਿਸਮਾਂ

ਇਹ ਸਿਧਾਂਤ ਬਹੁਤ ਪੁਰਾਣਾ ਹੈ। ਇਹ ਜਰਮਨ ਦੇ ਅਰਥ-ਸ਼ਾਸਤਰੀ T.H. Von Thunen ਨੇ 1826 ਵਿਚ ਦਿੱਤਾ ਸੀ। ਉਸ ਤੋਂ ਬਾਅਦ ਵੱਖ-ਵੱਖ ਅਰਥ-ਵਿਗਿਆਨੀਆਂ ਨੇ ਇਸ ਵਿਚ ਤਬਦੀਲੀਆਂ ਕੀਤੀਆਂ। ਇਹ ਸਿਧਾਂਤ ਵੱਖ-ਵੱਖ ਉਤਪਾਦਨ ਦੇ ਸਾਧਨਾਂ ਦੇ ਪ੍ਰਤੀਫ਼ਲਾਂ ਨੂੰ ਕਿਵੇਂ ਨਿਰਧਾਰਨ ਕਰਨਾ ਹੈ, ਉਸ ਬਾਰੇ ਦੱਸਦਾ ਹੈ। ਇਸ ਸਿਧਾਂਤ ਮੁਤਾਬਕ ਪੂਰਨ ਮੁਕਾਬਲੇ ਦੀ ਹਾਲਤਾਂ ਵਿਚ ਸਾਧਨਾਂ ਦੇ ਪ੍ਰਤੀਫ਼ਲ ਉਨ੍ਹਾਂ ਦੀ ਸੀਮਾਂਤ ਉਤਪਾਦਕਤਾ ਦੇ ਬਰਾਬਰ ਹੁੰਦੇ ਹਨ। ਸਾਧਨਾਂ ਦੀ ਮੰਗ ਇਸ ਲਈ ਕੀਤੀ ਜਾਂਦੀ ਹੈ, ਕਿਉਂਕਿ ਉਨ੍ਹਾਂ ਵਿਚ ਵਸਤਾਂ ਤੇ ਸੇਵਾਵਾਂ ਦੇ ਉਤਪਾਦਨ ਦੀ ਯੋਗਤਾ ਹੁੰਦੀ ਹੈ। ਇਸੇ ਯੋਗਤਾ ਨੂੰ ਉਸ ਸਾਧਨ ਦੀ ਸੀਮਾਂਤ ਉਤਪਾਦਕਤਾ ਕਿਹਾ ਜਾਂਦਾ ਹੈ। ਕਿਸੇ ਸਾਧਨ ਦੀ ਮੰਗ ਉਸ ਦੀ ਉਤਪਾਦਕਤਾ ਕਰਕੇ ਹੁੰਦੀ ਹੈ। ਉਤਪਾਦਕਤਾ ਦਾ ਪਤਾ ਲਗਾਉਣ ਵਾਸਤੇ ਇਹ ਜ਼ਰੂਰੀ ਹੁੰਦਾ ਹੈ ਕਿ ਜਿਸ ਸਾਧਨ ਦੀ ਉਤਪਾਦਕਤਾ ਅਸੀਂ ਪਤਾ ਲਗਾਉਣਾ ਚਾਹੁੰਦੇ ਹਾਂ ਉਸ ਦੀ ਇਕ ਯੂਨਿਟ ਵਿਚ ਵਾਧਾ ਕੀਤਾ ਜਾਵੇ ਪਰ ਬਾਕੀ ਦੇ ਸਾਧਨਾਂ ਦੀ ਪੂਰਤੀ ਵਿਚ ਕੋਈ ਤਬਦੀਲੀ ਨਾ ਆਵੇ, ਫਿਰ ਜੋ ਵੀ ਉਤਪਾਦਨ ਦੇ ਵਿਚ ਵਾਧਾ ਹੋਵੇਗਾ ਉਹ ਉਸੇ ਇਕ ਸਾਧਨ ਕਰਕੇ ਹੋਇਆ ਹੁੰਦਾ ਹੈ, ਜਿਸ ਦੀ ਇਕ ਯੂਨਿਟ ਵਿਚ ਵਾਧਾ ਕੀਤਾ ਗਿਆ ਸੀ।ਕੁੱਲ ਉਤਪਾਦਨ ਵਿਚ ਇਸ ਵਾਧੇ ਨੂੰ ਸਾਧਨ ਦੀ ਸੀਮਾਂਤ ਉਤਪਾਦਕਤਾ ਆਖਿਆ ਜਂਦਾ ਹੈ

ਜੇ. ਬੀ. ਕਲਾਰਕ ਦੇ ਅਨੁਸਾਰ, ''Static ਸਥਿਰ ਹਾਲਤਾਂ ਹੇਠ ਹਰੇਕ ਸਾਧਨ, ਉੱਦਮੀ ਨੂੰ ਵੀ ਵਿਚ ਸ਼ਾਮਿਲ ਕਰਕੇ, ਆਪਣੀ ਸੀਮਾਂਤ ਉਤਪਾਦਨ ਦੇ ਮੁਤਾਬਕ ਹੀ ਇਵਜ਼ਾਨਾ ਪ੍ਰਾਪਤ ਕਰੇਗਾ।'' (According to J.B. Clark, "Under static condition, every factor including entrepreneur would get a remuneration equal to marginal product")

. ਸੈਮੁਲਸਨ ਦੇ ਮੁਤਾਬਕ, ''ਕਿਸੇ ਉਤਪਾਦਨ ਦੇ ਕਾਰਕ ਦਾ ਸੀਮਾਂਤ ਉਤਪਾਦਨ ਉਹ ਅਧਿਕ ਉਪਜ ਜਾਂ ਉਤਪੰਨ ਹੈ, ਜਿਹੜਾ ਉਸ ਸਾਧਨ ਦੀ ਇਕ ਹੋਰ ਇਕਾਈ ਲਗਾਉਣ ਤੋਂ ਪ੍ਰਾਪਤ ਹੁੰਦਾ ਹੈ ਜਦ ਕਿ ਦੂਸਰੇ ਸਾਧਨਾਂ ਦੀਆਂ ਲਗਾਈਆਂ ਮਾਤਰਾਵਾਂ ਸਥਿਰ ਹੀ ਰਹਿਣ।'' (According to Sameulson, "The marginal product of a production factor is the extra product or output added by one extra unit of a factor, while other factors are being held constant.")

ਸੀਮਾਂਤ ਉਤਪਾਦਕਤਾ ਦੀਆਂ ਕਿਸਮਾਂ

ਸੀਮਾਂਤ ਉਤਪਾਦਕਤਾ ਨੂੰ ਤਿੰਨ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ :

(1) ਸੀਮਾਂਤ ਭੌਤਿਕ ਉਤਪਾਦਕਤਾ (Marginal Physical Productivity) : ਜਦੋਂ ਅਸੀਂ ਵਸਤਾਂ ਜਾਂ ਉਤਪਾਦ ਵਿਚ ਆਏ ਵਾਧੇ ਨਾਲ ਸੀਮਾਂਤ ਉਤਪਾਦਕਤਾ ਨੂੰ ਦੱਸਦੇ ਹਾਂ ਤਾਂ ਉਸ ਨੂੰ ਸੀਮਾਂਤ ਭੌਤਿਕ ਉਤਪਾਦਕਤਾ ਆਖਿਆ ਜਾਂਦਾ ਹੈ। ਮੰਨ ਲਵੋ ਇਕ ਤਰਖਾਣ ਇਕ ਦਿਨ ਵਿਚ 3 ਕੁਰਸੀਆਂ ਬਣਾਉਂਦਾ ਹੈ ਤੇ ਅਗਲੇ ਦਿਨ ਤੋਂ ਇਕ ਤਰਖਾਣ ਹੋਰ ਕੰਮ ਤੇ ਲਗਾਇਆ ਜਾਂਦਾ ਹੈ ਤੇ ਕੁੱਲ 5 ਕੁਰਸੀਆਂ ਬਣਦੀਆਂ ਹਨ ਤਾਂ ਦੂਜੇ ਤਰਖਾਣ ਦੀ ਸੀਮਾਂਤ ਭੌਤਿਕ ਉਤਪਾਦਕਤਾ ਹੋਈ 5 - 3 =2 ਕੁਰਸੀਆਂ

$$MPP_n - TPP_{n-1}$$

$MPP_n - n^{th}$ ਤਰਖਾਣ ਦੀ ਸੀਮਾਂਤ ਭੌਤਿਕ ਉਤਪਾਦਕਤਾ

$TPP_n = n$ ਤਰਖਾਣਾਂ ਦੀ ਕੁੱਲ ਭੌਤਿਕ ਉਤਪਾਦਕਤਾ

$TPP_{n-1} = n-1$ ਇਕਾਈ ਦੀ ਕੁੱਲ ਭੌਤਿਕ ਉਤਪਾਦਕਤਾ

(2) ਸੀਮਾਂਤ ਆਮਦਨ ਉਤਪਾਦਕਤਾ (Marginal Revenue Productivity) : ਜਦੋਂ ਆਮਦਨ ਵਿਚ ਆਏ ਵਾਧੇ ਨਾਲ ਸੀਮਾਂਤ ਉਤਪਾਦਕਤਾ ਨੂੰ ਦੱਸਦੇ ਹਾਂ ਤਾਂ ਉਸ ਨੂੰ ਸੀਮਾਂਤ ਆਮਦਨ ਉਤਪਾਦਕਤਾ ਆਖਿਆ ਜਾਂਦਾ ਹੈ। MRP = MPR*MR ਸੀਮਾਂਤ ਭੌਤਿਕ ਉਤਪਾਦਕਤਾ ਤੇ ਸੀਮਾਂਤ ਆਮਦਨ ਨੂੰ ਗੁਣਾ ਕਰਕੇ ਅਸੀਂ ਸੀਮਾਂਤ ਆਮਦਨ ਉਤਪਾਦਕਤਾ ਪ੍ਰਾਪਤ ਕਰ ਸਕਦੇ ਹਾਂ।

ਜਿਵੇਂ ਪਹਿਲਾ ਤਰਖਾਣ ਤਿੰਨ ਕੁਰਸੀਆਂ ਬਣਾਉਂਦਾ ਸੀ, 300 ਰੁਪਏ ਦੀਆਂ ਤੇ ਜਦੋਂ ਦੂਜਾ ਤਰਖਾਣ ਵੀ ਕੰਮ ਤੇ ਲਾਇਆ ਗਿਆ ਤਾਂ 500 ਰੁਪਏ ਦੀਆਂ 5 ਕੁਰਸੀਆਂ ਬਣੀਆਂ ਤਾਂ ਦੂਜੇ ਤਰਖਾਣ ਦੀ ਸੀਮਾਂਤ ਆਮਦਨ ਉਤਪਾਦਕਤਾ 500-300=200 ਰੁਪਏ ਹੋਈ।

(3) ਸੀਮਾਂਤ ਉਤਪਾਦਕਤਾ ਦਾ ਮੁੱਲ (Value of Marginal Productivity) : ਸੀਮਾਂਤ ਉਤਪਾਦਕਤਾ ਦਾ ਮੁੱਲ ਅਸੀਂ ਸੀਮਾਂਤ ਭੌਤਿਕ ਉਤਪਾਦਕਤਾ (MPP) ਤੇ ਕੀਮਤ (ਔਸਤ ਆਮਦਨ AR) ਨੂੰ ਗੁਣਾਂ ਕਰਕੇ ਕੱਢ ਸਕਦੇ ਹਾਂ।

$$VMP = MPP*AR$$

ਜਿਵੇਂ ਇਕ ਕੁਰਸੀ ਦਾ ਮੁੱਲ 100 ਰੁਪਏ ਸੀ ਤਾਂ ਦੂਜੇ ਤਰਖਾਣ ਦੁਆਰਾ ਦੋ ਕੁਰਸੀਆਂ ਬਣੀਆਂ ਤਾਂ ਸੀਮਾਂਤ ਉਤਪਾਦਕਤਾ ਦਾ ਮੁੱਲ ਹੋਇਆ = 2 × 100 = 200 ਰੁਪਏ।

2.3.3.2 ਸੀਮਾਂਤ ਉਤਪਾਦਕਤਾ ਸਿਧਾਂਤ ਦੀਆਂ ਮਨੌਤਾਂ

ਸੀਮਾਂਤ ਉਤਪਾਦਨ ਸਿਧਾਂਤ ਦੀਆਂ ਮਨੌਤਾਂ ਹੇਠ ਲਿਖੀਆਂ ਹਨ :

(1) ਸਾਧਨ ਬਾਜ਼ਾਰ ਵਿਚ ਪੂਰਨ ਮੁਕਾਬਲਾ (Perfect Competition) ਪਾਇਆ ਜਾਂਦਾ ਹੈ।

(2) ਸਾਰੇ ਸਾਧਨਾਂ ਦੀਆਂ ਇਕਾਈਆਂ ਸਮਰੂਪ ਭਾਵ ਇਕੋ ਜਿਹੀਆਂ (Homogeneous) ਹਨ। ਇਸ ਕਰਕੇ ਇਨ੍ਹਾਂ ਦੀ ਕੁਸ਼ਲਤਾ ਵੀ ਇਕੋ ਜਿਹੀ ਹੈ ਤੇ ਇਹ ਇਕਾਈਆਂ ਇਕ ਦੂਜੇ ਦੀਆਂ ਪੂਰਨ ਪ੍ਰਤਿਸਥਾਪਨ (Perfect Substitutes) ਹਨ। ਸਾਰੀਆਂ ਇਕਾਈਆਂ ਇਕੋ ਜਿਹੀਆਂ ਹਨ, ਇਸ ਕਰਕੇ ਇਕੋ ਜਿਹਾ ਇਵਜ਼ਾਨਾ ਵੀ ਮਿਲਦਾ ਹੈ।

(3) ਉਤਪਾਦਨ ਦੇ ਸਾਰੇ ਸਾਧਨਾਂ ਨੂੰ ਤਬਦੀਲ ਕਰਨ ਦੀ ਲੋੜ ਨਹੀਂ ਹੁੰਦੀ, ਕਿਸੇ ਇਕ ਸਾਧਨ ਦੀ ਮਾਤਰਾ ਘਟਾ-ਵਧਾ ਕੇ ਸੀਮਾਂਤ ਉਤਪਾਦਕਤਾ ਦਾ ਪਤਾ ਲਗਾਇਆ ਜਾ ਸਕਦਾ ਹੈ।

(4) ਹਰੇਕ ਉਤਪਾਦਨ ਸਾਧਨ ਦੀਆਂ ਇਕਾਈਆਂ ਦੀ ਵਰਤੋਂ ਉਸ ਹੱਦ ਤੱਕ ਕਰੇਗਾ, ਜਿਥੇ ਸੀਮਾਂਤ ਪ੍ਰਤੀਫ਼ਲ ਅਤੇ ਸੀਮਾਂਤ ਉਤਪਾਦਕਤਾ ਬਰਾਬਰ ਹੋ ਜਾਂਦੇ ਹਨ। ਕਿਉਂਕਿ ਹਰੇਕ ਉਤਪਾਦਕ ਦਾ ਟੀਚਾ ਵੱਧ ਤੋਂ ਵੱਧ ਲਾਭ ਕਮਾਉਣਾ ਹੁੰਦਾ ਹੈ।

(5) ਇਹ ਸਿਧਾਂਤ ਕੇਵਲ ਦੀਰਘਕਾਲ ਵਿਚ ਲਾਗੂ ਹੁੰਦਾ ਹੈ।

(6) ਹਰੇਕ ਸਾਧਨ ਦੀ ਇਕਾਈ ਵੱਖ-ਵੱਖ ਕਿੱਤਿਆਂ ਅਤੇ ਖੇਤਰਾਂ ਵਿਚਕਾਰ ਪੂਰਨ ਤੌਰ ਤੇ ਗਤੀਸ਼ੀਲ ਹੈ।

(7) ਪੂਰਨ ਮੁਕਾਬਲਾ ਹੋਣ ਕਰਕੇ ਸਾਰੇ ਸਾਧਨਾਂ ਨੂੰ ਇਕੋ ਜਿਹਾ ਇਵਜ਼ਾਨਾ ਦਿੱਤਾ ਜਾਵੇਗਾ ਜੇਕਰ ਕਿਸੇ ਸਾਧਨ ਨੂੰ ਘੱਟ ਇਵਜ਼ਾਨਾ ਦਿੱਤਾ ਜਾਂਦਾ ਹੈ ਤਾਂ ਉਹ ਸਾਧਨ, ਉਸ ਕਿੱਤੇ ਨੂੰ ਛੱਡਕੇ ਦੂਜਾ ਕਿੱਤਾ ਅਪਨਾ ਲੈਂਦਾ ਹੈ।

(8) ਅਰਥ-ਵਿਵਸਥਾ ਵਿਚ ਪੂਰਨ ਰੁਜ਼ਗਾਰ ਹੁੰਦਾ ਹੈ ਮਤਲਬ ਸਾਧਨਾਂ ਦੀ ਪੂਰਤੀ ਸਥਿਰ ਹੁੰਦੀ ਹੈ।

(9) ਸੀਮਾਂਤ ਉਤਪਾਦਕਤਾ ਸਿਧਾਂਤ ਦੀ ਇਹ ਮਾਨਤਾ ਵੀ ਹੈ ਕਿ ਉਤਪਾਦਨ ਦੀ ਤਕਨੀਕ ਵਿਚ ਕੋਈ ਪਰਿਵਰਤਨ ਨਹੀਂ ਆਉਂਦਾ।

ਸਾਰਣੀ-1 : ਸੀਮਾਂਤ ਉਤਪਾਦਕਤਾ

ਕਿਰਤੀਆਂ ਦੀ ਗਿਣਤੀ	ਕੁੱਲ ਉਤਪਾਦਨ	ਸੀਮਾਂਤ ਭੌਤਿਕ ਉਤਪਾਦਨ **(MPP)**	ਕੀਮਤ **AR=MR (Rs.)**	ਸੀਮਾਂਤ ਆਮਦਨ ਉਤਪਾਦਨ **MRP = MPP*MR (Rs.)**	ਸੀਮਾਂਤ ਉਤਪਾਦਕਤਾ ਮੁੱਲ **MRP = MPP*MR (Rs.)**
1	5	5	5	–	–
2	9	4	5	20	20
3	12	3	5	15	15
4	14	2	5	10	10
5	15	1	5	5	5

2.3.3.3 ਸੀਮਾਂਤ ਉਤਪਾਦਕਤਾ ਸਿਧਾਂਤ ਦੀ ਵਿਆਖਿਆ

ਪ੍ਰਾਪਤ ਹੋਵੇਗੀ, ਕਿਉਂਕਿ ਪੂਰਨ ਪ੍ਰਤੀਯੋਗਤਾ ਦੀ ਅਵਸਥਾ ਵਿਚ ਸਾਧਨ ਦੀ ਕੀਮਤ ਉਦਯੋਗ ਦੁਆਰਾ ਨਿਰਧਾਰਿਤ ਹੁੰਦੀ ਹੈ। ਜੋ ਉਦਯੋਗ ਕੀਮਤ ਨਿਰਧਾਰਿਤ ਕਰ ਦਿੰਦਾ ਹੈ, ਉਸ ਕੀਮਤ ਤੇ ਫ਼ਰਮ ਇਹ ਵਿਚਾਰ ਕਰਦੀ ਹੈ ਕਿ ਕਿਸੇ ਸਾਧਨ ਦੀਆਂ ਕਿੰਨੀਆਂ ਇਕਾਈਆਂ ਨੂੰ ਕੰਮ ਤੇ ਲਾਉਣਾ ਹੈ, ਜਿਸ ਤੇ ਉਸ ਸਾਧਨ ਦੀ ਕੀਮਤ ਉਸ ਦੀ ਸੀਮਾਂਤ ਉਤਪਾਦਕਤਾ ਦੇ ਬਰਾਬਰ ਹੋ ਜਾਂਦੀ ਹੈ ਅਤੇ ਇਕ ਉਦਯੋਗ ਦੀ ਦ੍ਰਿਸ਼ਟੀ ਤੋਂ ਇਹ ਸਿਧਾਂਤ ''ਸਾਧਨ ਸਿਧਾਂਤ'' ਹੈ, ਪਰ ਇਕ ਫ਼ਰਮ ਦੀ ਦ੍ਰਿਸ਼ਟੀ ਤੋਂ ਇਹ ਰੋਜ਼ਗਾਰ ਦਾ ਸਿਧਾਂਤ ਅਤੇ ਸਾਧਨ ਦੀ ਮੰਗ ਦਾ ਸਿਧਾਂਤ ਹੈ।

ਸੀਮਾਂਤ ਉਤਪਾਦਕਤਾ ਦਾ ਇਕ ਉਦਯੋਗ ਦੇ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ : ਪੂਰਨ ਪ੍ਰਤੀਯੋਗਤਾ ਦੀ ਅਵਸਥਾ ਵਿਚ, ਉਦਯੋਗ ਹੀ ਕੀਮਤ ਦਾ ਨਿਰਧਾਰਨ ਕਰਦਾ ਹੈ ਅਤੇ ਇਹ ਨਿਰਧਾਰਨ ਮੰਗ ਤੇ ਪੂਰਤੀ ਰਾਹੀਂ ਕੀਤਾ ਜਾ ਸਕਦਾ ਹੈ, ਜਿੱਥੇ ਮੰਗ ਅਤੇ ਪੂਰਤੀ ਬਰਾਬਰ ਹੁੰਦੇ ਹਨ, ਉਸ ਸੰਤੁਲਨ ਬਿੰਦੂ ਤੇ ਹੀ ਕੀਮਤ ਦਾ ਨਿਰਧਾਰਨ ਕੀਤਾ ਜਾਂਦਾ ਹੈ। ਪੂਰਨ ਰੁਜ਼ਗਾਰ ਦੀ ਮਾਨਤਾ, ਸੀਮਾਂਤ ਉਤਪਾਦਕਤਾ ਦੀਆਂ ਮਾਨਤਾਵਾਂ ਵਿਚੋਂ ਇਕ ਹੈ। ਇਸ ਵਿਚ ਸਾਧਨ ਦੀ ਪੂਰਤੀ ਨੂੰ ਸਥਿਰ ਮੰਨ ਲਿਆ ਗਿਆ ਹੈ ਇਸ ਲਈ ਕੀਮਤ ਸਾਧਨ ਦੀ ਮੰਗ ਰਾਹੀਂ ਨਿਰਧਾਰਿਤ ਕੀਤੀ ਜਾਂਦੀ ਹੈ। ਸਾਨੂੰ ਪਤਾ ਹੈ ਕਿ ਉਦਯੋਗ ਬਹੁਤ ਸਾਰੀਆਂ ਫ਼ਰਮਾਂ ਦਾ ਸਮੂਹ ਹੈ। ਜੇਕਰ ਸਾਨੂੰ ਸਾਰੀਆਂ ਫ਼ਰਮਾਂ ਦੇ ਮੰਗ ਵਕਰਾਂ ਦਾ ਪਤਾ ਹੋਵੇ ਤਾਂ ਅਸੀਂ ਉਦਯੋਗ ਦੀ ਮੰਗ ਵਕਰ ਪਤਾ ਕਰ ਸਕਦੇ ਹਾਂ। ਸੀਮਾਂਤ ਉਤਪਾਦਕਤਾ ਸਿਧਾਂਤ ਅਨੁਸਾਰ ਕਿਸੇ ਵੀ ਉੱਦਮੀ ਦੁਆਰਾ ਕਿਰਤ ਦੀ ਮੰਗ ਉੱਥੇ ਤੱਕ ਹੀ ਕੀਤੀ ਜਾਵੇਗੀ, ਜਿੱਥੇ ਤੱਕ ਕਿ ਮੰਗ ਉਸ ਦੀ ਸੀਮਾਂਤ ਆਮਦਨ ਉਤਪਾਦਕਤਾ ਦੇ ਬਰਾਬਰ ਹੋ ਜਾਵੇ। ਉੱਦਮੀ ਉਨੇ ਹੀ ਕਿਰਤੀਆਂ ਨੂੰ ਰੋਜ਼ਗਾਰ ਪ੍ਰਦਾਨ ਕਰਦਾ ਹੈ, ਜਿਸ ਨਾਲ ਕਿਰਤੀਆਂ ਦੀ ਸੀਮਾਂਤ ਆਮਦਨ ਉਤਪਾਦਕਤਾ ਅਤੇ ਮਜ਼ਦੂਰੀ ਦੀ ਦਰ ਬਰਾਬਰ ਰਹੇ। ਇਸ ਲਈ ਕਿਸੇ ਇਕ ਫ਼ਰਮ ਦੇ ਲਈ ਕਿਸੇ ਸਾਧਨ ਦੀ ਸੀਮਾਂਤ ਆਮਦਨ ਉਤਪਾਦਕਤਾ (MRP) ਵੱਕਰ ਉਸ ਦੀ ਮੰਗ ਵਕਰ (Demand Curve) ਵੀ ਹੁੰਦੀ ਹੈ।



ਚਿੱਤਰ ਨੰ: 3.1

ਇਹ ਮੰਗ ਵਕਰ ਇਸ ਮਾਨਤਾ ਤੇ ਆਧਾਰਿਤ ਹੈ ਕਿ ਜਿਹੜਾ ਵੀ ਸਾਧਨ ਲਿਆ ਗਿਆ ਹੈ, ਉਸ ਦੀ ਕੀਮਤ ਵਿਚ ਉਤਰਾਅ-ਚੜ੍ਹਾਅ ਆਉਣ ਤੇ ਕੋਈ ਵੀ ਫ਼ਰਮ ਉਤਪਾਦਨ ਘੱਟ-ਵੱਧ ਨਹੀਂ ਕਰੇਗੀ। ਅਸੀਂ ਦੇਖਦੇ ਹਾਂ ਕਿ ਅਜਿਹਾ ਨਹੀਂ ਹੁੰਦਾ ਜੇ ਕਿਰਤੀਆਂ ਦੀ ਮਜ਼ਦੂਰੀ ਘੱਟ ਜਾਵੇ ਤਾਂ ਉੱਦਮੀ ਜ਼ਿਆਦਾ ਤੋਂ ਜ਼ਿਆਦਾ ਕਿਰਤੀਆਂ ਨੂੰ ਕੰਮ ਤੇ ਲਾਵੇਗਾ ਕਿਉਂਕਿ ਇਸ ਨਾਲ ਉਸ ਦੇ ਲਾਭ ਵਿਚ ਵਾਧਾ ਹੋਵੇਗਾ। ਹਰ ਫ਼ਰਮ ਵਿਚ ਮਜ਼ਦੂਰਾਂ ਦੀ ਮੰਗ ਵੱਧ ਜਾਵੇਗੀ, ਕਿਉਂਕਿ ਸਾਰੀਆਂ ਫ਼ਰਮਾਂ ਆਪਣਾ ਉਤਪਾਦਨ ਵਧਾਉਣਗੀਆਂ। ਕਿਰਤੀਆਂ ਦੀ ਪੂਰਤੀ ਵਧਣ ਕਰਕੇ ਕੀਮਤ ਘੱਟ ਜਾਵੇਗੀ।



ਚਿੱਤਰ ਨੰ: 3.2 ਵਿਚ ਕਿਸੇ ਫ਼ਰਮ ਦੀ ਸ਼ੁਰੂਆਤ ਵਿਚ ਸੀਮਾਂਤ ਆਮਦਨ ਉਤਪਾਦਨ ਵਕਰ MRP_1 ਹੈ। ਇਸ ਉੱਤੇ ਮਜ਼ਦੂਰੀ ਦੀ ਦਰ OW ਹੈ ਅਤੇ ਕਿਰਤੀਆਂ ਦੀ ਮੰਗ OA (WL) ਹੈ। ਜੇਕਰ ਮਜ਼ਦੂਰੀ ਦੀ ਦਰ OW ਤੋਂ ਘੱਟ ਕੇ OP1 ਹੋ ਜਾਵੇ ਤਾਂ ਉੱਦਮੀਆਂ ਵੱਲੋਂ ਜ਼ਿਆਦਾ ਲਾਭ ਕਮਾਉਣ ਲਈ ਕਿਰਤੀਆਂ ਦੀ ਮੰਗ ਵੱਧ ਜਾਵੇਗੀ। ਜੇਕਰ ਸਾਰੀਆਂ ਫ਼ਰਮਾਂ ਜ਼ਿਆਦਾ ਕਿਰਤੀ ਲਗਾ ਕੇ ਉਤਪਾਦਨ ਵਧਾ ਲੈਣਗੀਆਂ ਤਾਂ ਬਾਜ਼ਾਰ ਵਿਚ ਉਸ

ਵਸਤੂ ਦੀ ਪੂਰਤੀ ਵਧਣ ਕਰਕੇ ਉਸ ਦੀ ਕੀਮਤ ਡਿੱਗ ਜਾਵੇਗੀ। ਇਸ ਕਰਕੇ ਸੀਮਾਂਤ ਆਮਦਨ ਉਤਪਾਦਕਤਾ ਵਕਰ ਖੱਬੇ ਪਾਸੇ ਨੂੰ ਖਿਸਕੇਗੀ MRP_2 ਤੇ OP ਮਜ਼ਦੂਰੀ ਦਰ ਹੈ ਅਤੇ ਇਸ ਮਜ਼ਦੂਰੀ ਦਰ ਤੇ ਕਿਰਤ ਦੀ ਮੰਗ OA ਤੋਂ ਵੱਧ ਕੇ OM (PN) ਹੋ ਗਈ ਹੈ। ਇਸ ਸਥਿਤੀ ਵਿਚ ਬਿੰਦੂ L ਅਤੇ N ਨੂੰ ਮਿਲਾਉਣ ਵਾਲੀ ਵਕਰ ਫ਼ਰਮ ਦੀ ਸਾਧਨ ਦੇ ਲਈ ਸੀਮਾਂਤ ਉਤਪਾਦਕਤਾ ਵਕਰ (Marginal Productivity Curve) ਹੁੰਦੀ ਹੈ ਜਾਂ ਮੰਗ ਵਕਰਾਂ ਦਾ ਸਮਸਤਰ ਜੋੜ ਲੈਣਾ ਪੈਂਦਾ ਹੈ, ਪਰ ਪੂਰਨ ਮੁਕਾਬਲੇ ਦੀ ਸਥਿਤੀ ਵਿਚ ਕੋਈ ਵੀ ਫ਼ਰਮ, ਉਦਯੋਗ ਵਿਚ ਆ ਸਕਦੀ ਹੈ। ਇਸ ਲਈ ਸਮਸਤਰ ਜੋੜ ਲਈ ਲਿਆ ਜਾਂਦਾ ਪਰ ਇਹ ਕਿਹਾ ਜਾ ਸਕਦਾ ਹੈ ਕਿ ਉਦਯੋਗ ਦਾ ਮੰਗ ਵਕਰ ਦੀ ਫ਼ਰਮ ਦੇ ਮੰਗ ਵਕਰ ਵਾਂਗ ਖੱਬੇ ਵੱਲ ਥੱਲੇ ਝੁਕਿਆ ਹੋਇਆ ਹੈ।

ਸਾਨੂੰ ਪਤਾ ਹੈ ਕਿ ਉਦਯੋਗ ਵਿਚ ਸਾਧਨ ਦੀ ਮੰਗ ਵਕਰ ਅਤੇ ਪੂਰਤੀ ਵਕਰ ਜਿਸ ਬਿੰਦੂ ਉੱਤੇ ਇਕ ਦੂਜੇ ਨੂੰ ਕੱਟਣਗੀਆਂ, ਉਸ ਬਿੰਦੂ ਰਾਹੀਂ ਉਸ ਸਾਧਨ ਦੀ ਕੀਮਤ ਦਾ ਪਤਾ ਲਗਾਇਆ ਜਾ ਸਕਦਾ ਹੈ। ਉਦਯੋਗ ਵਾਸਤੇ ਸਾਧਨ ਦੀ ਪੂਰਤੀ ਨੂੰ ਸਥਿਰ ਮੰਨਣ ਕਰਕੇ, ਸਾਧਨ ਦੀ ਕੀਮਤ ਮੁੱਖ ਰੂਪ ਨਾਲ ਮੰਗ ਵਕਰ ਰਾਹੀਂ ਨਿਰਧਾਰਿਤ ਹੋਵੇਗੀ, ਭਾਵ ਸੀਮਾਂਤ ਉਤਪਾਦਕਤਾ ਦੇ ਬਰਾਬਰ ਹੋਵੇਗੀ।



D_L

ਕਿਰਤੀਆਂ ਦੀ ਮੰਗ ਅਤੇ ਪੂਰਤੀ

ਚਿੱਤਰ S_L 3.3

ਚਿੱਤਰ ਨੰ: 3.3 ਵਿਚ OX ਧੁਰੇ ਤੇ ਕਿਰਤੀਆਂ ਦੀ ਸੰਖਿਆ ਅਤੇ OY ਤੇ ਸੀਮਾਂਤ ਆਮਦਨ ਉਤਪਾਦਕਤਾ ਪ੍ਰਗਟ ਕੀਤੀ ਹੈ। D_LD_L ਕਿਰਤੀਆਂ ਦੀ ਮੰਗ ਅਤੇ S_LS_L ਕਿਰਤੀਆਂ ਦੀ ਪੂਰਤੀ ਹੈ। ਪੂਰਤੀ ਸਥਿਰ ਮੰਨੀ ਗਈ ਹੈ। ਪੂਰਨ ਰੁਜ਼ਗਾਰ ਦੀ ਸਥਿਤੀ ਵਿਚ ਕਿਰਤ ਦੀ ਪੂਰਤੀ OS_L ਹੈ। ਮੰਗ ਅਤੇ ਪੂਰਤੀ E ਬਿੰਦੂ ਤੇ ਕੱਟਦੀਆਂ ਹਨ ਭਾਵ ਦੋਵੇਂ ਬਰਾਬਰ ਹਨ ਅਤੇ ਮਜ਼ਦੂਰੀ ਦਰ OW ਨਿਰਧਾਰਿਤ ਕੀਤੀ ਗਈ ਹੈ। ਇਹ ਮਜ਼ਦੂਰੀ ਦਰ OW ਕਿਰਤ ਦੀ ਸੀਮਾਂਤ ਉਤਪਾਦਕਤਾ ਦੇ ਬਰਾਬਰ ਹੈ ਭਾਵ $OW = ES_L$

ਸਵੈ ਅਭਿਆਸ-1

1. ਸੀਮਾਂਤ ਉਤਪਾਦਕਤਾ ਸਿਧਾਂਤ ਕੀ ਹੈ ?
2. ਇਕ ਉਦਯੋਗ ਦੇ ਦ੍ਰਿਸ਼ਟੀਕੋਣ ਤੋਂ ਸੀਮਾਂਤ ਉਤਪਾਦਕਤਾ ਦੇ ਸਿਧਾਂਤ ਦਾ ਵਿਸ਼ਲੇਸ਼ਣ ਕਿਵੇਂਕੀਤਾ ਜਾਂਦਾ ਹੈ ?

ਇਕ ਫ਼ਰਮ ਦੇ ਦ੍ਰਿਸ਼ਟੀਕੋਣ ਤੋਂ ਸੀਮਾਂਤ ਉਤਪਾਦਕਤਾ ਸਿਧਾਂਤ ਦਾ ਵਿਸ਼ਲੇਸ਼ਣ :ਪੂਰਨ ਪ੍ਰਤੀਯੋਗਤਾ

ਵਿਚ ਸਾਧਨ ਦੀ ਕੀਮਤ ਉਦਯੋਗ ਦੁਆਰਾ ਨਿਰਧਾਰਿਤ ਕੀਤੀ ਜਾਂਦੀ ਹੈ। ਫ਼ਰਮ ਨੂੰ ਇੰਨਾ ਤਹਿ ਕਰਨਾ ਹੁੰਦਾ ਹੈ ਕਿ ਉਸ ਨੇ ਕਿੰਨੇ ਕਿਰਤੀਆਂ ਨੂੰ ਕੰਮ ਤੇ ਲਾਉਣਾ ਹੈ। ਇਕ ਫ਼ਰਮ ਉਨੇ ਕਿਰਤੀਆਂ ਨੂੰ ਕੰਮ ਤੇ ਲਾਵੇਗੀ ਭਾਵ ਰੁਜ਼ਗਾਰ ਪ੍ਰਦਾਨ ਕਰੇਗੀ, ਜਿਸ ਤੇ ਉਨ੍ਹਾਂ ਦੀ ਕੀਮਤ ਅਤੇ ਸੀਮਾਂਤ ਉਤਪਾਦਕਤਾ ਦਾ ਮੁੱਲ ਬਰਾਬਰ ਹੋ ਜਾਵੇ। ਇਸੇ ਤਰ੍ਹਾਂ ਹੋਰ ਸਾਧਨਾਂ ਬਾਰੇ ਵੀ ਇਹੋ ਗੱਲ ਹੁੰਦੀ ਹੈ ਕਿ ਸਾਧਨ ਦੀਆਂ ਉਤਨੀਆਂ ਇਕਾਈਆਂ ਹੀ ਲਾਈਆਂ ਜਾਣਗੀਆਂ ਜਿਸ ਤੇ ਸਾਧਨ ਦੀ ਕੀਮਤ ਅਤੇ ਸੀਮਾਂਤ ਉਤਪਾਦਕਤਾ ਦਾ ਮੁੱਲ ਬਰਾਬਰ ਹੋ ਜਾਵੇ। ਇਸ ਲਈ ਇਸ ਸਿਧਾਂਤ ਨੂੰ ਸਾਧਨ ਮੰਗ ਦਾ ਸਿਧਾਂਤ ਵੀ ਕਿਹਾ ਜਾਂਦਾ ਹੈ। ਜੇਕਰ ਸਿਰਫ਼ ਕਿਰਤੀਆਂ ਦੀ ਗਿਣਤੀ ਵਧਾਈ ਜਾਵੇ ਅਤੇ ਬਾਕੀ ਗੱਲਾਂ ਸਮਾਨ ਰਹਿਣ ਤਾਂ ਜਿਉਂ ਜਿਉਂ ਫ਼ਰਮ ਕਿਰਤੀਆਂ ਨੂੰ ਕੰਮ ਤੇ ਲਾਵੇਗੀ ਤਿਉਂ ਤਿਉਂ ਉਨ੍ਹਾਂ ਦੀ ਭੌਤਿਕ ਸੀਮਾਂਤ ਉਤਪਾਦਕਤਾ ਘੱਟ ਜਾਵੇਗੀ, ਜੇਕਰ ਕਿਰਤੀਆਂ ਦੀ ਸੀਮਾਂਤ ਭੌਤਿਕ ਉਤਪਾਦਕਤਾ ਘਟੇਗੀ ਤਾਂ ਸੀਮਾਂਤ ਆਮਦਨ ਉਤਪਾਦਕਤਾ ਵੀ ਘੱਟ ਜਾਵੇਗੀ। ਇਸ ਲਈ ਇਕ ਫ਼ਰਮ ਉਨੇ ਕਿਰਤੀਆਂ ਨੂੰ ਹੀ ਕੰਮ ਤੇ ਲਾਵੇਗੀ, ਜਦੋਂ ਤੱਕ ਕਿਰਤ ਦੀ ਮਜ਼ਦੂਰੀ ਦਰ ਕਿਰਤ ਦੀ ਸੀਮਾਂਤ ਉਤਪਾਦਕਤਾ ਦੇ ਮੁੱਲ ਦੇ ਬਰਾਬਰ ਨਾ ਹੋ ਜਾਵੇ, ਜੇਕਰ ਮਜ਼ਦੂਰਾਂ ਦੀ ਸੀਮਾਂਤ ਉਤਪਾਦਕਤਾ ਘੱਟ ਰਹੀ ਹੈ, ਪਰ ਫਿਰ ਵੀ ਫ਼ਰਮ ਉਨ੍ਹਾਂ ਨੂੰ ਕੰਮ ਤੇ ਲਗਾ ਰਹੀ ਹੈ ਤਾਂ ਫ਼ਰਮ ਨੂੰ ਨੁਕਸਾਨ ਹੋਵੇਗਾ।

ਸਾਰਣੀ-2 : ਸੀਮਾਂਤ ਉਤਪਾਦਕਤਾ

ਕਿਰਤੀਆਂ ਦੀ ਸੰਖਿਆ	ਸੀਮਾਂਤ ਭੌਤਿਕ ਉਤਪਾਦਨ	ਕੀਮਤ **AR=MR**	ਸੀਮਾਂਤ ਆਮਦਨ ਉਤਪਾਦਕਤਾ	ਮਜ਼ਦੂਰੀ ਦਰ
1	10	4	10×4=40	16
2	8	4	8×4=32	16
3	6	4	6×4=24	16
4	4	4	4×4=16	16
5	2	4	2×4=8	16

ਜਦੋਂ ਫ਼ਰਮ ਪਹਿਲੇ ਕਿਰਤੀ ਨੂੰ ਕੰਮ ਤੇ ਲਾਉਂਦੀ ਹੈ ਤਾਂ ਸੀਮਾਂਤ ਆਮਦਨ ਉਤਪਾਦਕਤਾ 40 ਹੈ, ਕਿਉਂਕਿ ਵਸਤੂ ਦੀ ਕੀਮਤ 4 ਰੁਪਏ ਪ੍ਰਤੀ ਇਕਾਈ ਹੈ ਅਤੇ ਮਜ਼ਦੂਰੀ ਦਰ 16 ਰੁਪਏ ਹੈ। ਇਸੇ ਤਰ੍ਹਾਂ ਜਦੋਂ ਦੂਜੇ ਕਿਰਤੀ ਨੂੰ ਕੰਮ



ਚਿੱਤਰ ਨੰ: 3.4

ਤੇ ਲਾਇਆ ਜਾਂਦਾ ਹੈ ਤਾਂ ਸੀਮਾਂਤ ਆਮਦਨ ਉਤਪਾਦਕਤਾ 32 ਰੁਪਏ ਹੈ, ਤੀਜੇ ਕਿਰਤੀ ਨੂੰ ਲਾਉਣ ਤੇ ਇਹ 24 ਰੁਪਏ ਹੈ, ਜਦੋਂ ਚੌਥੇ ਕਿਰਤੀ ਨੂੰ ਲਗਾਇਆ ਜਾਂਦਾ ਹੈ ਉਦੋਂ ਸੀਮਾਂਤ ਆਮਦਨ ਉਤਪਾਦਕਤਾ ਅਤੇ ਮਜ਼ਦੂਰੀ ਦਰ ਦੋਵੇਂ 16 ਰੁਪਏ ਹਨ, ਭਾਵ ਦੋਵੇਂ ਬਰਾਬਰ ਹਨ, ਜੇਕਰ ਕੋਈ ਫ਼ਰਮ ਇਸ ਤੋਂ ਬਾਅਦ ਪੰਜਵੇਂ ਕਿਰਤੀ ਨੂੰ ਕੰਮ ਤੇ ਲਾਉਂਦੀ ਹੈ ਤਾਂ ਉਸ ਦੀ ਸੀਮਾਂਤ ਆਮਦਨ ਉਤਪਾਦਕਤਾ ਮਜ਼ਦੂਰੀ ਦਰ ਤੋਂ ਘੱਟ ਹੋਵੇਗੀ ਅਤੇ ਫ਼ਰਮ ਨੂੰ ਨੁਕਸਾਨ ਉਠਾਉਣਾ ਪਵੇਗਾ। ਫ਼ਰਮ ਉਸ ਪੱਧਰ ਤੱਕ ਹੀ ਕਿਰਤੀਆਂ ਨੂੰ ਕੰਮ ਤੇ ਲਗਾ ਸਕਦੀ ਹੈ ਜਦੋਂ ਤੱਕ ਮਜ਼ਦੂਰੀ ਦਰ ਸੀਮਾਂਤ ਆਮਦਨ ਉਤਪਾਦਕਤਾ ਦੇ ਬਰਾਬਰ ਹੋਵੇ।

ਚਿੱਤਰ ਨੰ: 3.4 ਵਿਚ OX ਅਕਸ ਤੇ ਕਿਰਤੀਆਂ ਦੀ ਸੰਖਿਆ ਅਤੇ OY ਤੇ ਕਿਰਤੀਆਂ ਦੀ ਮਜ਼ਦੂਰੀ ਅਤੇ ਸੀਮਾਂਤ ਆਮਦਨ ਉਤਪਾਦਕਤਾ ਪ੍ਰਗਟ ਕੀਤੀ ਗਈ ਹੈ। MRP ਸੀਮਾਂਤ ਉਤਪਾਦਕਤਾ ਵਕਰ ਹੈ ਅਤੇ WW ਮਜ਼ਦੂਰੀ ਵਕਰ ਹੈ। ਕਿਉਂਕਿ ਪੂਰਨ ਪ੍ਰਤੀਯੋਗਤਾ ਹੈ, ਮਜ਼ਦੂਰੀ ਦਰ ਸਥਿਰ ਰਹੇਗੀ। MRP ਵਕਰ ਹੇਠਾਂ ਵੱਲ ਵੱਧ ਰਹੀ ਹੈ ਅਤੇ E ਬਿੰਦੂ ਤੇ WW ਨੂੰ ਕੱਟ ਰਹੀ ਹੈ ਭਾਵ ਦੋਵੇਂ ਬਰਾਬਰ ਹਨ ਅਤੇ ਉੱਦਮੀ 16/- ਮਜ਼ਦੂਰੀ ਦਰ ਤੇ ਚਾਰ ਕਿਰਤੀਆਂ ਨੂੰ ਰੁਜ਼ਗਾਰ ਦੇਵੇਗਾ। ਜੇਕਰ ਉਹ ਪੰਜਵੇਂ ਕਿਰਤੀ ਨੂੰ ਰੁਜ਼ਗਾਰ ਦੇਵੇਗਾ ਤਾਂ ਉਸ ਨੂੰ ਨੁਕਸਾਨ ਉਠਾਉਣਾ ਪਵੇਗਾ। ਇਸ ਸਿਧਾਂਤ ਦੇ ਅਨੁਸਾਰ ਉਤਪਾਦਨ ਦੇ ਸਾਧਨ ਦੀ ਮੰਗ ਉਸ ਸੀਮਾ ਤੱਕ ਕੀਤੀ ਜਾਵੇਗੀ, ਜਿਸ ਤੇ ਸੀਮਾਂਤ ਉਤਪਾਦਕਤਾ ਅਤੇ ਸਾਧਨ ਦੀ ਕੀਮਤ ਬਰਾਬਰ ਹੋਵੇ।

2.3.3.4 ਸੀਮਾਂਤ ਉਤਪਾਦਕਤਾ ਸਿਧਾਂਤ ਦੀ ਆਲੋਚਨਾਤਮਕ ਵਿਅਖਿਆ(Criticism)

ਅਰਥ ਸ਼ਾਸਤਰੀਆਂ ਨੇ ਸੀਮਾਂਤ ਉਤਪਾਦਕਤਾ ਦੇ ਸਿਧਾਂਤ ਵਿਚ ਕਈ ਦੋਸ਼ ਪਾਏ ਹਨ, ਉਹ ਹੇਠ ਲਿਖੇ ਹਨ :

1. ਸੀਮਾਂਤ ਉਤਪਾਦਕਤਾ ਦਾ ਸਿਧਾਂਤ ਕਈ ਅਵਾਸਤਵਿਕ ਮਾਨਤਾਵਾਂ ਜਿਵੇਂ ਪੂਰਨ ਪ੍ਰਤੀਯੋਗਤਾ, ਪੂਰਨ ਰੁਜ਼ਗਾਰ ਆਦਿ ਤੇ ਨਿਰਭਰ ਕਰਦਾ ਹੈ। ਪਰ ਸਾਨੂੰ ਪਤਾ ਹੈ ਕਿ ਇਹ ਵਾਸਤਵ ਵਿਚ ਨਹੀਂ ਪਾਈਆਂ ਜਾਂਦੀਆਂ, ਇਸ ਕਰਕੇ ਇਸ ਸਿਧਾਂਤ ਦਾ ਵਾਸਤਵਿਕ ਅਤੇ ਵਿਵਹਾਰਿਕ ਮਹੱਤਵ ਘੱਟ ਜਾਂਦਾ ਹੈ।
2. ਇਹ ਸਿਧਾਂਤ ਇਹ ਵੀ ਮੰਨਦਾ ਹੈ ਕਿ ਸਾਰੇ ਸਾਧਨਾਂ ਨੂੰ ਛੋਟੇ-ਛੋਟੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ਪਰ ਅਸੀਂ ਕਈ ਸਾਧਨਾਂ ਨੂੰ ਨਹੀਂ ਵੰਡ ਸਕਦੇ।
3. ਮਾਰਸ਼ਲ, ਫਰੀਡਮੈਨ ਆਦਿ ਅਰਥ ਸ਼ਾਸਤਰੀਆਂ ਨੇ ਆਲੋਚਨਾ ਕੀਤੀ ਹੈ ਕਿ ਇਸ ਵਿਚ ਕੇਵਲ ਮੰਗ ਦਾ ਹੀ ਅਧਿਐਨ ਕੀਤਾ ਜਾਂਦਾ ਹੈ।
4. ਪ੍ਰੋ: ਕਲਾਰਕ ਨੇ ਕਿਹਾ ਕਿ ਦੀਰਘ ਕਾਲੀਨ ਅਵਸਥਾ ਵਿਚ ਜਦੋਂ ਜਨਸੰਖਿਆ ਰੁਚੀ, ਉਤਪਾਦਨ ਤਕਨੀਕ ਵਿਚ ਬਦਲਾਉ ਆਏਗਾ, ਉਸ ਸਮੇਂ ਸੰਤੁਲਨ ਦੀ ਸਥਿਤੀ ਪ੍ਰਾਪਤ ਕਰਨੀ ਸੰਭਵ ਨਹੀਂ ਹੋਵੇਗੀ।
5. ਪ੍ਰੋ: ਕਲਾਰਕ ਨੇ ਇਹ ਵੀ ਕਿਹਾ ਕਿ ਹਰੇਕ ਸਾਧਨ ਦੀ ਕੀਮਤ ਦਾ ਉਸ ਦੀ ਸੀਮਾਂਤ ਉਤਪਾਦਕਤਾ ਦਾ ਪ੍ਰਭਾਵ ਪੈਂਦਾ ਹੈ, ਇਸ ਕਰਕੇ ਸੀਮਾਂਤ ਉਤਪਾਦਕਤਾ ਕਾਰਨ ਹੈ ਅਤੇ ਸਾਧਨ ਦੀ ਕੀਮਤ ਪਰਿਣਾਮ ਹੈ।
6. ਪ੍ਰੋ: ਹਾਬਸਨ ਨੇ ਇਸ ਸਿਧਾਂਤ ਦੀ ਕਰੜੀ ਆਲੋਚਨਾ ਕਰਦੇ ਹੋਏ ਕਿਹਾ ਹੈ ਕਿ ਸੀਮਾਂਤ ਉਤਪਾਦਕਤਾ ਨੂੰ ਕਈ ਕਾਰਨਾਂ ਕਰਕੇ ਮਾਪਣਾ ਸੰਭਵ ਨਹੀਂ ਹੈ।

2.3.4 ਸਾਰਾਂਸ਼

ਸੀਮਾਂਤ ਉਤਪਾਦਕਤਾ ਤੋਂ ਭਾਵ ਹੈ ਕਿ ਜਿਵੇਂ-ਜਿਵੇਂ ਅਸੀਂ ਇਕ ਸਾਧਨ ਦੀ ਇਕਾਈਆਂ ਵਧਾਵਾਂਗੇ ਤਾਂ ਇਕ ਇਕਾਈ ਦੇ ਵਧਣ ਨਾਲ ਉਤਪਾਦਕਤਾ ਤੇ ਕੀ ਫ਼ਰਕ ਪੈਂਦਾ ਹੈ। ਸੀਮਾਂਤ ਉਤਪਾਦਕਤਾ ਤਿੰਨ ਤਰ੍ਹਾਂ ਦੀ ਹੁੰਦੀ ਹੈ : ਸੀਮਾਂਤ ਭੌਤਿਕ ਉਤਪਾਦਕਤਾ (MPP), ਸੀਮਾਂਤ ਆਮਦਨ ਉਤਪਾਦਕਤਾ (MRP) ਅਤੇ ਸੀਮਾਂਤ ਉਤਪਾਦਕਤਾ ਦਾ ਮੁੱਲ (VMP). ਸੀਮਾਂਤ ਉਤਪਾਦਕਤਾ ਸਿਧਾਂਤ ਅਨੁਸਾਰ ਕੋਈ ਵੀ ਫ਼ਰਮ ਉਸ ਸਮੇਂ ਤੱਕ ਕਿਸੇ ਸਾਧਨ ਦੀ ਮੰਗ ਕਰੇਗੀ, ਜਦੋਂ ਤੱਕ ਉਸ ਸਾਧਨ ਦੀ ਮੰਗ ਅਤੇ ਉਸ ਦੀ ਸੀਮਾਂਤ ਉਤਪਾਦਕਤਾ ਦਾ ਮੁੱਲ ਬਰਾਬਰ ਨਾ ਹੋ ਜਾਵੇ।

ਜੇਕਰ ਸੀਮਾਂਤ ਉਤਪਾਦਕਤਾ ਦਾ ਮੁੱਲ, ਸਾਧਨ ਦੇ ਮੁੱਲ ਤੋਂ ਘੱਟ ਰਿਹਾ ਹੋਵੇ ਉਸ ਸਮੇਂ ਸਾਧਨ ਦੀ ਮੰਗ ਨਹੀਂ ਕੀਤੀ ਜਾਵੇਗੀ ਜੇਕਰ ਫਿਰ ਵੀ ਮੰਗ ਕੀਤੀ ਜਾਵੇਗੀ ਤਾਂ ਫ਼ਰਮ ਨੂੰ ਨੁਕਸਾਨ ਉਠਾਉਣਾ ਪਵੇਗਾ।

ਸਵੈ ਅਭਿਆਸ-2

1. ਸੀਮਾਂਤ ਉਤਪਾਦਕਤਾ ਸਿਧਾਂਤ ਦੀ ਆਲੋਚਨਾਤਮਕ ਵਿਆਖਿਆ ਕਰੋ ?
2. ਦੀਰਘ ਕਾਲੀਨ ਅਵਸਥਾ ਵਿਚ ਸੰਤੁਲਨ ਦੀ ਸਥਿਤੀ ਆਉਣੀ ਕਿਉਂ ਮੁਸ਼ਕਿਲ ਹੈ ?

2.3.5 ਤਕਨੀਕੀ ਸ਼ਬਦ

1. ਸੀਮਾਂਤ ਭੌਤਿਕ ਉਤਪਾਦਕਤਾ : ਜਦੋਂ ਅਸੀਂ ਵਸਤਾਂ ਜਾਂ ਉਤਪਾਦ ਵਿਚ ਆਏ ਵਾਧੇ ਨਾਲ ਸੀਮਾਂਤ ਉਤਪਾਦਕਤਾ ਨੂੰ ਦੱਸਦੇ ਹਾਂ ਤਾਂ ਉਸ ਨੂੰ ਸੀਮਾਂਤ ਭੌਤਿਕ ਉਤਪਾਦਕਤਾ ਆਖਿਆ ਜਾਂਦਾ ਹੈ।
2. ਸੀਮਾਂਤ ਆਮਦਨ ਉਤਪਾਦਕਤਾ : ਜਦੋਂ ਆਮਦਨ ਵਿਚ ਆਏ ਵਾਧੇ ਨਾਲ ਸੀਮਾਂਤ ਉਤਪਾਦਕਤਾ ਨੂੰ ਦੱਸਦੇ ਹਾਂ ਤਾਂ ਉਸ ਨੂੰ ਸੀਮਾਂਤ ਆਮਦਨ ਉਤਪਾਦਕਤਾ ਆਖਿਆ ਜਾਂਦਾ ਹੈ।
3. ਸਾਧਨਾਂ ਦੀ ਸਮਰੂਪਤਾ : ਸਾਰੀਆਂ ਇਕਾਈਆਂ ਇਕੋ ਜਿਹੀਆਂ ਹੋਣ।

2.3.6 ਸੁਝਾਏ ਪ੍ਰਸ਼ਨ

1. ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਸੀਮਾਂਤ ਉਤਪਾਦਕਤਾ ਸਿਧਾਂਤ ਦੀਆਂ ਕਿਹੜੀਆਂ ਮਾਨਤਾਵਾਂ ਹਨ ?
2. ਸੀਮਾਂਤ ਭੌਤਿਕ ਉਤਪਾਦਕਤਾ ਕੀ ਹੈ ?
3. ਪੂਰਨ ਰੁਜ਼ਗਾਰ ਵਿਚ ਸਾਧਨ ਕੀਮਤ ਦਾ ਵਰਣਨ ਕਰੋ।
4. ਸਾਧਨਾਂ ਦੀ ਸਮਰੂਪਤਾ ਤੋਂ ਕੀ ਭਾਵ ਹੈ ?
5. ਸੀਮਾਂਤ ਆਮਦਨ ਉਤਪਾਦਕਤਾ ਤੋਂ ਕੀ ਭਾਵ ਹੈ ?

2. ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. ਵੰਡ ਦੇ ਸੀਮਾਂਤ ਉਤਪਾਦਕਤਾ ਸਿਧਾਂਤ ਦੀ ਵਿਆਖਿਆ ਕਰੋ।
2. ਪੂਰਨ ਪ੍ਰਤੀਯੋਗਤਾ ਅਧੀਨ ਸਾਧਨ ਕੀਮਤ ਨਿਰਧਾਰਣ ਕਰੋ।
3. ਸੀਮਾਂਤ ਉਤਪਾਦਕਤਾ ਸਿਧਾਂਤ ਅਨੁਸਾਰ ਮਜ਼ਦੂਰੀ ਦੀ ਦਰ ਕਿਵੇਂ ਨਿਰਧਾਰਨ ਕੀਤੀ ਜਾਂਦੀ ਹੈ ?
4. ਸੀਮਾਂਤ ਉਤਪਾਦਕਤਾ ਸਿਧਾਂਤ ਦੀ ਆਲੋਚਨਾਤਮਕ ਵਿਆਖਿਆ ਕਰੋ।

2.3.7 ਸਹਾਇਕ ਪੁਸਤਕਾਂ

Stonier and Hague	:	A Text book of Economic Theory
H. L. Ahuja	:	Principles of Microeconomics
Joginder Singh,P. N. Chopra & P.S Grewal	:	Price Theory and Distribution

ਇਹ ਪਾਠ D.E.C. ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।

ਪਾਠ ਨੰ: 2.4 ਲੇਖਿਕਾ : ਡਾ. ਮਨੀਸ਼ਾ

ਲਗਾਨ (Rent)

2.4.1 ਉਦੇਸ਼
2.4.2 ਭੂਮਿਕਾ
2.4.3 ਲਗਾਨ ਦੀਆਂ ਪਰਿਭਾਸ਼ਾਵਾਂ ਅਤੇ ਕਿਸਮਾਂ
2.4.4 ਰਿਕਾਰਡੋ ਦਾ ਲਗਾਨ ਸਿਧਾਂਤ
2.4.4.1 ਸਿਧਾਂਤ ਦੀਆਂ ਮਾਨਤਾਵਾਂ
2.4.4.2 ਸਿਧਾਂਤ ਦੀ ਵਿਆਖਿਆ
2.4.4.3 ਲਗਾਨ ਦਾ ਨਿਰਧਾਰਣ
2.4.4.4 ਰਿਕਾਰਡੋ ਦੇ ਸਿਧਾਂਤ ਦੀ ਆਲੋਚਨਾ
2.4.5 ਲਗਾਨ ਦਾ ਆਧੁਨਿਕ ਸਿਧਾਂਤ
2.4.5.1 ਹਸਤਾਂਤਰਣ ਆਮਦਨ ਜਾਂ ਅਵਸਰ ਲਾਗਤ
2.4.5.2 ਲਗਾਨ ਦਾ ਨਿਰਧਾਰਣ
2.4.5.3 ਲਗਾਨ ਦੇ ਆਧੁਨਿਕ ਸਿਧਾਂਤ ਦੀਆਂ ਵਿਸ਼ੇਸ਼ਤਾਵਾਂ
2.4.6 ਰਿਕਾਰਡੋ ਦੇ ਲਗਾਨ ਸਿਧਾਂਤ ਅਤੇ ਆਧੁਨਿਕ ਸਿਧਾਂਤ ਵਿਚ ਅੰਤਰ
2.4.7 ਲਗਾਨ ਅਤੇ ਕੀਮਤ
2.4.8 ਆਭਾਸ ਲਗਾਨ
2.4.8.1 ਲਗਾਨ ਅਤੇ ਆਭਾਸ ਲਗਾਨ ਵਿਚ ਸਮਾਨਤਾ
2.4.8.2 ਲਗਾਨ ਅਤੇ ਆਭਾਸ ਲਗਾਨ ਵਿਚ ਅੰਤਰ
2.4.9 ਸਾਰਾਂਸ਼
2.4.10 ਤਕਨੀਕੀ ਸ਼ਬਦ
2.4.11 ਸੁਝਾਏ ਪ੍ਰਸ਼ਨ
2.4.12 ਸਹਾਇਕ ਪੁਸਤਕਾਂ

2.4.1 ਉਦੇਸ਼

ਇਸ ਪਾਠ ਵਿਚ ਅਸੀਂ ਜਾਣਕਾਰੀ ਹਾਸਲ ਕਰਾਂਗੇ ਕਿ :

- ਲਗਾਨ ਕੀ ਹੈ
- ਇਸ ਦੀਆਂ ਕਿੰਨੀਆਂ ਕਿਸਮਾਂ ਹਨ
- ਲਗਾਨ ਨੂੰ ਨਿਰਧਾਰਿਤ ਕਰਨ ਲਈ ਕਿਹੜੇ ਸਿਧਾਂਤ ਹਨ
- ਆਭਾਸ ਲਗਾਨ ਕੀ ਹੈ

2.4.2 ਭੂਮਿਕਾ

ਇਕ ਸਮਾਜ ਵਿਚ ਵੱਖ-ਵੱਖ ਤਰ੍ਹਾਂ ਦੇ ਮਨੁੱਖਾਂ ਵਾਸਤੇ ਵੱਖਰੀ-ਵੱਖਰੀ ਕਿਸਮਾਂ ਦੀਆਂ ਲੋੜਾਂ ਹੁੰਦੀਆਂ ਹਨ। ਉਨ੍ਹਾਂ ਲੋੜਾਂ ਦੀ ਪੂਰਤੀ ਲਈ ਵਸਤਾਂ ਪੈਦਾ ਕਰਨ ਵਾਸਤੇ ਉਤਪਾਦਨ ਸਾਧਨਾਂ ਦੀਆਂ ਸੇਵਾਵਾਂ ਦੀ ਲੋੜ ਹੁੰਦੀ ਹੈ। ਕਿਸੇ ਵੀ ਇਕੋ ਉਤਪਾਦਨ ਕਰਨ ਵਾਲੇ ਕੋਲ ਸਾਰੇ ਸਾਧਨ ਉਪਲੱਬਧ ਨਹੀਂ ਹੁੰਦੇ, ਇਸ ਲਈ ਉਸ ਨੂੰ ਬਾਕੀ ਦੇ ਸਾਧਨਾਂ (ਜਿਹੜੇ ਉਸ ਕੋਲ ਨਹੀਂ ਹੁੰਦੇ) ਵਾਸਤੇ ਅਦਾਇਗੀ ਕਰਨੀ ਪੈਂਦੀ ਹੈ। ਇਸ ਪਾਠ ਵਿਚ ਅਸੀਂ ਅਦਾਇਗੀ ਦੀ ਹੀ ਗੱਲ ਕਰਾਂਗੇ, ਜਿਸ ਨੂੰ ਲਗਾਨ ਆਖਿਆ ਜਾਂਦਾ ਹੈ।

ਆਮ ਬੋਲਚਾਲ ਦੀ ਭਾਸ਼ਾ ਵਿਚ ਲਗਾਨ ਦਾ ਅਰਥ ਹੁੰਦਾ ਹੈ ਉਹ ਅਦਾਇਗੀ ਜੋ ਤੁਸੀਂ ਇਕ ਮਕਾਨ ਜਾਂ

ਦੁਕਾਨ ਆਦਿ ਕੁਝ ਨਿਸ਼ਚਿਤ ਸਮੇਂ ਦੇ ਲਈ ਪ੍ਰਯੋਗ ਕਰਨ ਦੇ ਬਦਲੇ ਕਰਦੇ ਹੋ। ਅਰਥ ਵਿਗਿਆਨ ਵਿਚ ਜ਼ਮੀਨ ਦਾ ਮਤਲਬ ਮਿੱਟੀ ਨਹੀਂ ਹੁੰਦਾ। ਮਾਰਸ਼ਲ ਦੇ ਸ਼ਬਦਾਂ ਅਨੁਸਾਰ, ''ਜ਼ਮੀਨ ਦਾ ਮਤਲਬ ਹੁੰਦਾ ਹੈ ਉਹ ਮੈਟੀਰੀਅਲ ਤੇ ਸ਼ਕਤੀਆਂ ਜੋ ਕੁਦਰਤ, ਮਨੁੱਖ ਦੀ ਸਹਾਇਤਾ ਲਈ ਬਿਨ੍ਹਾਂ ਕਿਸੀ ਕੀਮਤ ਦੇ ਦਿੰਦੀ ਹੈ ਜਿਵੇਂ ਮਿੱਟੀ, ਪਾਣੀ, ਹਵਾ, ਚਾਨਣ ਜਾਂ ਗਰਮੀ ਆਦਿ।'' ("Land means, the material and forces which nature gives freely for man's aid, in land and water, in air and light and heat.") ਜ਼ਮੀਨ ਦਾ ਮਤਲਬ ਹੁੰਦਾ ਹੈ ਉਹ ਕੁਦਰਤੀ ਸੋਮੇ, ਜਿਹੜੇ ਥੋੜ੍ਹੇ ਹਨ, ਪਰ ਬਹੁਤ ਤਰ੍ਹਾਂ ਲਾਭਕਾਰੀ ਹੁੰਦੇ ਹਨ ਤੇ ਆਮਦਨ ਵੀ ਕਮਾਉਣ ਵਿਚ ਸਹਾਇਤਾ ਕਰਦੇ ਹਨ। ਪਰੰਪਰਾਵਾਦੀ ਦ੍ਰਿਸ਼ਟੀ ਦੇ ਅਨੁਸਾਰ ਆਰਥਿਕ ਲਗਾਨ ਭੂਮੀ ਦੀਆਂ ਸੇਵਾਵਾਂ ਤੋਂ ਪ੍ਰਾਪਤ ਆਮਦਨ ਹੈ। ਭੂਮੀ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ :

1. ਭੂਮੀ ਕੁਦਰਤ ਦਾ ਮਨੁੱਖ ਨੂੰ ਦਿੱਤਾ ਤੋਹਫ਼ਾ ਹੈ, ਜਿਸ ਦਾ ਕੋਈ ਮੁੱਲ ਨਹੀਂ ਹੁੰਦਾ।
2. ਇਸ ਦੀ ਮਿਕਦਾਰ (Quantity) ਸਥਿਰ ਹੈ।
3. ਭੂਮੀ ਦੀ ਸ਼ਕਤੀਆਂ ਮੌਲਿਕ ਤੇ ਨਾਂ ਖਤਮ ਹੋਣ ਵਾਲੀਆਂ ਹੁੰਦੀਆਂ ਹਨ।
4. ਭੂਮੀ ਭੂਗੋਲਿਕ ਦ੍ਰਿਸ਼ਟੀ ਤੋਂ ਗਤੀਹੀਨ (Immobile) ਹੈ।
5. ਭੂਮੀ ਦੇ ਹਰ ਟੁਕੜੇ ਦੀ ਉਤਪਾਦਨ ਸ਼ਕਤੀ ਅਲੱਗ-ਅਲੱਗ ਹੁੰਦੀ ਹੈ। ਇਸ ਕਰਕੇ ਕਈ ਟੁਕੜੇ ਇਕੋ ਤਰ੍ਹਾਂ ਦੇ ਨਹੀਂ ਹੋ ਸਕਦੇ।

2.4.3 ਲਗਾਨ ਦੀਆਂ ਪਰਿਭਾਸ਼ਾਵਾਂ ਅਤੇ ਕਿਸਮਾਂ

1. ਪਰਿਭਾਸ਼ਾਵਾਂ (Definitions)

1. ਪਰੰਪਰਾਵਾਦੀ ਪਰਿਭਾਸ਼ਾਵਾਂ (Classical Definitions)

1. ਪ੍ਰੋ. ਕਾਰਵਰ ਦੇ ਅਨੁਸਾਰ, ''ਭੂਮੀ ਦੀ ਵਰਤੋਂ ਲਈ ਦਿੱਤੀ ਗਈ ਕੀਮਤ ਲਗਾਨ ਹੈ।'' (Rent is the price paid for the use of land. —Carver.)
2. ਐਨਾਤੋਲ ਮੁਰਾਦ ਦੇ ਸ਼ਬਦਾਂ ਵਿਚ, ''ਇਕ ਭੂਮੀ ਮਾਲਕ ਦੀ ਆਮਦਨ ਦਾ ਉਹ ਭਾਗ, ਜੋ ਕੇਵਲ ਭੂਮੀ ਦੀ ਮਲਕੀਅਤ ਦੇ ਕਾਰਨ ਪ੍ਰਾਪਤ ਹੁੰਦਾ ਹੈ, ਆਰਥਿਕ ਲਗਾਨ ਅਖਵਾਉਂਦਾ ਹੈ।'' (Economic Rent is that portion of a landlord's income which is attributable to his ownership of land. —Anatol Murad)

2. ਆਧੁਨਿਕ ਪਰਿਭਾਸ਼ਾਵਾਂ (Modern Definitions)

1. ਬੋਲਡਿੰਗ ਦੇ ਅਨੁਸਾਰ, ''ਆਰਥਿਕ ਲਗਾਨ ਦੀ ਪਰਿਭਾਸ਼ਾ ਉਸ ਭੁਗਤਾਨ ਦੇ ਰੂਪ ਵਿਚ ਕੀਤੀ ਜਾ ਸਕਦੀ ਹੈ, ਜੋ ਉਤਪਾਦਨ ਦੇ ਕਿਸੇ ਸਾਧਨ ਨੂੰ ਉਸ ਦੇ ਵਰਤਮਾਨ ਕਿੱਤੇ ਵਿਚ ਰੱਖਣ ਵਾਲੀ ਜ਼ਰੂਰੀ ਘੱਟ ਤੋਂ ਘੱਟ ਰਕਮ ਤੋਂ ਵੱਧ ਹੁੰਦਾ ਹੈ।'' (Economic Rent may be defined as any payment to a factor of production which is an excess of the minimum amount necessary to keep the factor in its present occupation. — Boulding)
2. ਸਟੋਨਿਯਰ ਅਤੇ ਹੇਗ ਦੇ ਅਨੁਸਾਰ, ''ਲਗਾਨ ਉਹ ਭੁਗਤਾਨ ਹੈ, ਜੋ ਹਸਤਾਂਤਰਣ ਆਮਦਨ ਤੋਂ ਵਧੇਰੇ ਹੁੰਦਾ ਹੈ।'' (Rent is a payment in excess of transferring. — Stonier and Hague)

2. ਲਗਾਨ ਦੀਆਂ ਕਿਸਮਾਂ (Types of Rent)

1. **ਆਰਥਿਕ ਲਗਾਨ (Economic Rent)** : ਭੂਮੀ ਦੇ ਪ੍ਰਯੋਗ ਦੇ ਲਈ ਦਿੱਤੇ ਜਾਣ ਵਾਲੇ ਭੁਗਤਾਨ ਨੂੰ ਆਰਥਿਕ ਲਗਾਨ ਕਹਿੰਦੇ ਹਨ। ਰਿਕਾਰਡੋ ਅਤੇ ਦੂਜੇ ਪਰੰਪਰਾਵਾਦੀ ਅਰਥ ਸ਼ਾਸਤਰੀਆਂ ਦੇ ਅਨੁਸਾਰ, ਆਰਥਿਕ ਲਗਾਨ ਉਹ ਲਗਾਨ ਹੈ ਜੋ ਸਿਰਫ਼ ਭੂਮੀ ਦੀ ਸੇਵਾਵਾਂ ਦੇ ਲਈ ਪ੍ਰਾਪਤ ਹੁੰਦਾ ਹੈ। ਕਿਉਂਕਿ ਭੂਮੀ ਕੁਦਰਤ ਦੀ ਦੇਣ ਹੈ ਅਤੇ ਭੂਮੀ ਦੀ ਪੂਰਤੀ ਨੂੰ ਕਾਇਮ ਰੱਖਣ ਲਈ ਅਰਥ-ਵਿਵਸਥਾ ਦੇ ਦ੍ਰਿਸ਼ਟੀਕੋਣ ਤੋਂ ਕਿਸੇ ਅਦਾਇਗੀ ਦੀ ਲੋੜ ਨਹੀਂ। ਭੂਮੀ ਦੀ ਪੂਰਤੀ ਨਿਸ਼ਚਿਤ ਹੈ, ਸੋ ਭੂਮੀ ਦੀ ਵਰਤੋਂ ਬਦਲੇ ਪ੍ਰਾਪਤ ਹੋਈ ਸਾਰੀ ਕਮਾਈ ਵਾਫਰ (Surplus)

ਦੇ ਰੂਪ ਵਿਚ ਹੁੰਦੀ ਹੈ। ਆਰਥਿਕ ਲਗਾਨ ਨੂੰ ਬੇਸ਼ੀ (Surplus) ਵੀ ਕਹਿੰਦੇ ਹਨ। ਕਿਉਂਕਿ ਉਹ ਭੂ ਸੁਆਮੀ ਦੇ ਵੱਲੋਂ ਬਿਨ੍ਹਾਂ ਕੋਈ ਪ੍ਰਯਤਨ ਕੀਤੇ ਹੀ ਪ੍ਰਾਪਤ ਹੁੰਦਾ ਹੈ।

2. **ਕੁਲ ਲਗਾਨ (Gross Rent)** : ਜਦੋਂ ਲਗਾਨ ਵਿਚ ਭੂਮੀ ਦੀ ਵਰਤੋਂ ਬਦਲੇ ਅਦਾਇਗੀ, ਭੂਮੀ ਵਿਚ ਨਿਵੇਸ਼ ਕੀਤੀ ਪੂੰਜੀ ਦਾ ਇਵਜ਼ਾਨਾ, ਭੂਮੀਪਤੀ ਦੁਆਰਾ ਭੂਮੀ ਦੇ ਕੀਤੇ ਗਏ ਨਿਵੇਸ਼ ਦੀ ਦੇਖਭਾਲ ਬਦਲੇ ਇਵਜ਼ਾਨਾ ਅਤੇ ਭੂਮੀ ਨੂੰ ਉਪਜਾਊ ਬਣਾਉਣ ਲਈ ਸਹਿਣ ਕੀਤੇ ਗਏ ਜੋਖਮ ਦਾ ਇਵਜ਼ਾਨਾ ਵੀ ਸ਼ਾਮਿਲ ਹੁੰਦਾ ਹੈ, ਉਸ ਨੂੰ ਕੁੱਲ ਲਗਾਨ ਆਖਿਆ ਜਾਂਦਾ ਹੈ।

3. **ਠੇਕਾ ਲਗਾਨ (Contract Rent)** : ਜਦੋਂ ਕੋਈ ਕਿਸਾਨ ਕਿਰਾਏ ਤੇ ਭੂਮੀ ਲੈਂਦਾ ਹੈ ਤਾਂ ਅਕਸਰ ਉਹ ਫ਼ੈਸਲਾ ਕਰਕੇ ਲੈਂਦਾ ਹੈ ਕਿ ਉਹ ਇਸ ਬਦਲੇ ਭੂਮੀਪਤੀ ਨੂੰ ਕਿੰਨੀ ਰਕਮ ਦੇਵੇਗਾ, ਇਸ ਨੂੰ ਠੇਕਾ ਲਗਾਨ ਕਿਹਾ ਜਾਂਦਾ ਹੈ। ਇਹ ਠੇਕਾ ਜ਼ਮੀਨ ਲੈਣ ਲਈ ਮੁਕਾਬਲੇ ਤੇ ਨਿਰਭਰ ਹੋਣ ਕਰਕੇ ਆਰਥਿਕ ਲਗਾਨ ਨਾਲੋਂ ਵੱਧ ਵੀ ਹੋ ਸਕਦਾ ਹੈ ਅਤੇ ਘੱਟ ਵੀ।

4. **ਦੁਰਲਭਤਾ ਲਗਾਨ (Scarcity Rent)** : ਭੂਮੀ ਦੀ ਦੁਰਲਭਤਾ ਭਾਵ ਜਦੋਂ ਭੂਮੀ ਦੀ ਪੂਰਤੀ ਮੰਗ ਤੋਂ ਘੱਟ ਹੋਵੇ, ਉਸ ਵੇਲੇ ਜੋ ਲਗਾਨ ਦੇਣਾ ਪੈਂਦਾ ਹੈ, ਉਸ ਨੂੰ ਦੁਰਲਭ ਲਗਾਨ ਆਖਿਆ ਜਾਂਦਾ ਹੈ। ਇਹ ਲਗਾਨ ਉਸ ਸਮੇਂ ਹੀ ਉਤਪੰਨ ਹੋਵੇਗਾ, ਜਦ ਭੂਮੀ ਦੀ ਪੂਰਤੀ ਬੇਲੋਚਦਾਰ (Inelastic) ਹੈ। ਅਰਥਾਤ ਮੰਗ ਦੇ ਵਧਣ ਤੇ ਪੂਰਤੀ ਨੂੰ ਨਹੀਂ ਵਧਾਇਆ ਜਾ ਸਕਦਾ।

5. **ਭੇਦ ਮੂਲਕ ਲਗਾਨ (Differential Rent)** : ਰਿਕਾਰਡੋ ਦੇ ਅਨੁਸਾਰ ਭੂਮੀ ਦੀ ਉਪਜਾਊ ਸ਼ਕਤੀ (Fertility) ਵਿਚ ਅੰਤਰ ਪਾਏ ਜਾਣ ਦੇ ਫਲਸਰੂਪ ਲਗਾਨ ਪੈਦਾ ਹੁੰਦਾ ਹੈ। ਹਰੇਕ ਭੂਮੀ ਦਾ ਟੁਕੜਾ ਇਕੋ ਜਿਹਾ ਉਪਜਾਊ ਨਹੀਂ ਹੁੰਦਾ, ਕਿਸੇ ਉੱਤੇ ਉਪਜਾਊ ਸ਼ਕਤੀ ਜ਼ਿਆਦਾ ਹੁੰਦੀ ਹੈ ਅਤੇ ਕਿਸੇ ਉੱਤੇ ਘੱਟ। ਜਦੋਂ ਘੱਟ ਉਪਜਾਊ ਸ਼ਕਤੀ ਵਾਲੀ ਭੂਮੀ ਤੇ ਵੀ ਖੇਤੀ ਕਰਨੀ ਪੈਂਦੀ ਹੈ ਤਾਂ ਵਧੇਰੇ ਉਪਜਾਊ ਸ਼ਕਤੀ ਵਾਲੀ ਭੂਮੀ ਦੇ ਸਵਾਮੀ ਨੂੰ ਨਿਸਬਤ ਵਧੇਰੇ ਉਤਪਾਦਨ ਪ੍ਰਾਪਤ ਹੁੰਦਾ ਹੈ। ਇਹ ਵਾਧੂ ਉਤਪਾਦਨ ਜਾਂ ਵਾਫਰ, ਜੋ ਭੂਮੀ ਦੀ ਉਪਜਾਊ ਸ਼ਕਤੀ ਵਿਚ ਭੇਦ (Difference) ਪਾਏ ਜਾਣ ਕਾਰਨ ਮਿਲਦਾ ਹੈ, ਇਸ ਨੂੰ ਭੇਦ ਮੂਲਕ (Differential) ਲਗਾਨ ਆਖਿਆ ਜਾਂਦਾ ਹੈ।

6. **ਸਥਿਤੀ ਲਗਾਨ (Situation Rent)** : ਭੂਮੀ ਦੀ ਸਥਿਤੀ ਵਿਚ ਅੰਤਰ ਪਾਏ ਜਾਣ ਕਾਰਨ ਵੀ ਲਗਾਨ ਪਾਇਆ ਜਾਂਦਾ ਹੈ ਇਸ ਨੂੰ ਸਥਿਤੀ ਲਗਾਨ ਕਹਿੰਦੇ ਹਨ। ਜੋ ਭੂਮੀ ਮੰਡੀ ਦੇ ਵੱਧ ਨਜ਼ਦੀਕ ਹੁੰਦੀ ਹੈ, ਉਸ ਨੂੰ ਮੰਡੀ ਤੋਂ ਦੂਰ ਸਥਿਤ ਭੂਮੀ ਦੇ ਮੁਕਾਬਲੇ ਵੱਧ ਲਗਾਨ ਪ੍ਰਾਪਤ ਹੁੰਦਾ ਹੈ।

ਸਵੈ ਅਭਿਆਸ-1

1. ਲਗਾਨ ਕੀ ਹੁੰਦਾ ਹੈ ?
2. ਆਰਥਿਕ ਲਗਾਨ ਤੇ ਇੱਕ ਟਿੱਪਣੀ ਲਿਖੋ।
3. ਭੇਦਾਤਮਕ ਅਤੇ ਸਥਿਤੀ ਲਗਾਨ ਤੇ ਇਕ ਨੋਟ ਲਿਖੋ।

ਲਗਾਨ ਦੇ ਸਿਧਾਂਤ (Theories of Rent)

1. ਰਿਕਾਰਡੋ ਦਾ ਲਗਾਨ ਸਿਧਾਂਤ
2. ਲਗਾਨ ਦਾ ਆਧੁਨਿਕ ਸਿਧਾਂਤ

2.4.4 ਰਿਕਾਰਡੋ ਦਾ ਲਗਾਨ ਸਿਧਾਂਤ (Ricardian Theory of Rent) : ਰਿਕਾਰਡੋ ਅਨੁਸਾਰ ਲਗਾਨ ਭੂਮੀ ਦੇ ਉਤਪਾਦਨ ਦਾ ਉਹ ਭਾਗ ਹੈ, ਜੋ ਭੂਮੀਪਤੀਆਂ ਨੂੰ ਜ਼ਮੀਨ ਦੀਆਂ ਮੌਲਿਕ ਅਤੇ ਅਵਿਨਾਸ਼ੀ ਸ਼ਕਤੀਆਂ ਦੀ ਵਰਤੋਂ ਬਦਲੇ ਦਿੱਤਾ ਜਾਂਦਾ ਹੈ। ਰਿਕਾਰਡੋ ਦਾ ਸਿਧਾਂਤ ਤਿੰਨ ਤੱਤਾਂ ਤੇ ਆਧਾਰਿਤ ਹੈ।

1. ਭੂਮੀ ਦੇ ਹਰ ਟੁਕੜੇ ਦੀ ਉਪਜਾਊ ਸ਼ਕਤੀ ਤੇ ਸਥਿਤੀ ਇਕੋ ਜਿਹੀ ਨਹੀਂ ਹੁੰਦੀ, ਉਸ ਵਿਚ ਫ਼ਰਕ ਹੁੰਦਾ ਹੈ।
2. ਭੂਮੀ ਦੀ ਉਪਜਾਊ ਸ਼ਕਤੀ ਵਿਚ ਵਖਰੇਵੇਂ ਜ਼ਮੀਨ ਦੀਆਂ ਮੌਲਿਕ ਅਤੇ ਅਵਿਨਾਸ਼ੀ ਸ਼ਕਤੀਆਂ ਕਾਰਨ ਹਨ।

3. ਭੂਮੀ ਦਾ ਕੁਝ ਭਾਗ ਲਗਾਨ ਰਹਿਤ ਵੀ ਹੁੰਦਾ ਹੈ (No-rent Land) ਉਸ ਵਿਚੋਂ ਪ੍ਰਾਪਤ ਹੋਈ ਉਪਜ ਆਪਣੀ ਉਤਪਾਦਨ ਲਾਗਤ ਦੇ ਬਰਾਬਰ ਹੀ ਹੁੰਦੀ ਹੈ।

ਰਿਕਾਰਡੋ ਦੇ ਸਿਧਾਂਤ ਨੂੰ ਸਮਝਣ ਲਈ ਪਹਿਲਾਂ ਉਸ ਦੁਆਰਾ ਦਿੱਤੀਆਂ ਮਨੌਤਾਂ ਨੂੰ ਸਮਝੀਏ।

2.4.4.1 ਸਿਧਾਂਤ ਦੀਆਂ ਮਾਨਤਾਵਾਂ (Assumptions of the Theory)

1. ਭੂਮੀ ਦੀ ਉਪਜਾਊ ਸ਼ਕਤੀ ਵਿਚ ਅੰਤਰ ਹੈ।
2. ਭੂਮੀ ਕੁਦਰਤ ਦੀ ਦੇਣ ਹੈ, ਇਸ ਕਰਕੇ ਇਸ ਦੀ ਪੂਰਤੀ ਸਥਿਰ ਹੈ।
3. ਭੂਮੀ ਦੀ ਉਪਜਾਊ ਸ਼ਕਤੀ ਮੌਲਿਕ ਅਤੇ ਅਵਿਨਾਸ਼ੀ ਹੈ।
4. ਭੂਮੀ ਦਾ ਕੇਵਲ ਇਕ ਹੀ ਉਪਯੋਗ ਹੁੰਦਾ ਹੈ, ਉਸ ਉੱਤੇ ਖੇਤੀ ਕਰਨਾ, ਇਸ ਤੋਂ ਇਲਾਵਾ ਭੂਮੀ ਦੇ ਵਿਕਲਪੀ ਉਪਯੋਗ ਨਹੀਂ ਹੁੰਦੇ।
5. ਖੇਤੀ ਕਰਨ ਲੱਗੇ ਭੂਮੀ ਦੇ ਸਭ ਤੋਂ ਉਪਜਾਊ ਟੁਕੜੇ ਉੱਤੇ ਸਭ ਤੋਂ ਪਹਿਲਾਂ ਖੇਤੀ ਕੀਤੀ ਜਾਂਦੀ ਹੈ, ਉਸ ਤੋਂ ਬਾਅਦ ਘੱਟ ਉਪਜਾਊ ਟੁਕੜੇ ਉੱਤੇ।
6. ਭੂਮੀ ਦਾ ਕੁਝ ਭਾਗ ਲਗਾਨ ਰਹਿਤ ਵੀ ਹੁੰਦਾ ਹੈ। ਉਸ ਨੂੰ ਸੀਮਾਂਤ ਭੂਮੀ (Marginal Land) ਭਾਵ ਲਗਾਨ ਰਹਿਤ ਭੂਮੀ (No Rent Land) ਆਖਿਆ ਜਾਂਦਾ ਹੈ।
7. ਵਸਤੂ ਬਾਜ਼ਾਰ ਵਿਚ ਪੂਰਨ ਪ੍ਰਤੀਯੋਗਤਾ ਪਾਈ ਜਾਂਦੀ ਹੈ। ਭਾਵ ਵਸਤੂ ਇਕੋ ਹੀ ਕੀਮਤ ਤੇ ਬਾਜ਼ਾਰ ਵਿਚ ਵਿਕਦੀ ਹੈ।
8. ਜਨ-ਸੰਖਿਆ ਵਿਚ ਵਾਧਾ ਹੋਣ ਨਾਲ ਖੇਤੀ ਪਦਾਰਥਾਂ ਦੀ ਮੰਗ ਵਧਦੀ ਹੈ।
9. ਖੇਤੀ ਦੇ ਖੇਤਰ ਵਿਚ ਘਟਦੇ ਪ੍ਰਤੀਫ਼ਲ ਦਾ ਨਿਯਮ ਲਾਗੂ ਹੁੰਦਾ ਹੈ।
10. ਇਹ ਸਿਧਾਂਤ ਦੀਰਘ ਕਾਲ ਦੀ ਮਨੌਤ ਉੱਤੇ ਆਧਾਰਿਤ ਹੈ।

2.4.4.2 ਰਿਕਾਰਡੋ ਦੇ ਸਿਧਾਂਤ ਦੀ ਵਿਆਖਿਆ

ਇਸ ਸਿਧਾਂਤ ਵਿਚ ਰਿਕਾਰਡੋ ਨੇ ਭੇਦ ਮੂਲਕ ਲਗਾਨ ਲਿਆ ਹੈ। ਉਹ ਮੰਨਦਾ ਹੈ ਕਿ ਲਗਾਨ ਭੂਮੀ ਦੀ ਉਪਜਾਊ ਸ਼ਕਤੀ ਵਿਚ ਭੇਦ ਹੋਣ ਦੇ ਕਾਰਨ ਪੈਦਾ ਹੁੰਦਾ ਹੈ। ਉਹ ਮੰਨਦਾ ਹੈ ਕਿ ਲਗਾਨ ਪ੍ਰਕ੍ਰਿਤੀ ਦੀ ਉਦਾਰਤਾ ਕਰਕੇ ਪੈਦਾ ਨਹੀਂ ਹੁੰਦਾ, ਸਗੋਂ ਪ੍ਰਕ੍ਰਿਤੀ ਦੀ ਕੰਜੂਸੀ ਕਰਕੇ ਪੈਦਾ ਹੁੰਦਾ ਹੈ। ਲਗਾਨ ਉਹ ਵਾਫਰ ਹੈ, ਜੋ ਕਿ ਸੀਮਾਂਤ ਜਾਂ ਲਗਾਨ ਰਹਿਤ ਭੂਮੀ ਅਤੇ ਲਗਾਨ ਵਾਲੀ ਭੂਮੀ ਦੇ ਅੰਤਰ ਕਰਕੇ ਪੈਦਾ ਹੁੰਦਾ ਹੈ। ਭੇਦ ਮੂਲਕ ਲਗਾਨ ਦੀ ਸੰਘਣੀ ਖੇਤੀ ਅਤੇ ਵਿਸਤ੍ਰਿਤ ਖੇਤੀ ਦੋਹਾਂ ਵਿਚ ਹੀ ਵਿਆਖਿਆ ਕੀਤੀ ਜਾਂਦੀ ਹੈ।

ਰਿਕਾਰਡੋ ਨੇ ਸਿਧਾਂਤ ਦੀ ਵਿਆਖਿਆ ਲਈ ਇਕ ਇਹੋ ਜਿਹਾ ਟਾਪੂ ਲਿਆ, ਜਿੱਥੇ ਲੋਕ ਰਹਿਣ ਲਈ ਆਉਂਦੇ ਹਨ, ਉਨ੍ਹਾਂ ਤੋਂ ਪਹਿਲਾਂ ਉੱਥੇ ਕੋਈ ਨਹੀਂ ਰਹਿੰਦਾ ਹੁੰਦਾ। ਨਵੇਂ ਟਾਪੂ ਤੇ ਸ਼ੁਰੂ ਵਿਚ ਜਨਸੰਖਿਆ ਘੱਟ ਹੁੰਦੀ ਹੈ। ਇਸ ਲਈ ਸਭ ਤਰ੍ਹਾਂ ਦੀ ਭੂਮੀ ਦੀ ਮੰਗ ਉਸ ਦੀ ਪੂਰਤੀ ਤੋਂ ਘੱਟ ਹੁੰਦੀ ਹੈ। ਭੂਮੀ ਪ੍ਰਕ੍ਰਿਤੀ ਦਾ ਮੁਫ਼ਤ ਸਾਧਨ ਹੈ, ਲੋਕਾਂ ਨੂੰ ਖੇਤੀ ਲਈ ਭੂਮੀ ਮੁਫ਼ਤ ਮਿਲ ਜਾਂਦੀ ਹੈ। ਭੂਮੀ ਦੀ ਉਪਜਾਊ ਸ਼ਕਤੀ ਵਿਚ ਜਨਸੰਖਿਆ ਵੱਸਣ ਕਾਰਨ ਉਹ ਅੰਤਰ ਹੋਣ ਕਾਰਨ, ਲੋਕ ਸਭ ਤੋਂ ਪਹਿਲਾਂ ਵੱਧ ਉਪਜਾਊ ਟੁਕੜੇ ਤੇ ਖੇਤੀ ਕਰਨਗੇ, ਫਿਰ ਉਪਜਾਊ ਸ਼ਕਤੀ ਘਟਦੇ ਕ੍ਰਮ ਅਨੁਸਾਰ ਖੇਤੀ ਕਰਨਗੇ। ਜਿਵੇਂ-ਜਿਵੇਂ ਜਨਸੰਖਿਆ ਵਧਦੀ ਜਾਵੇਗੀ ਭੂਮੀ ਦੀ ਮੰਗ ਵਧੇਗੀ, ਪਰੰਤੂ ਪੂਰਤੀ ਸਥਿਰ ਰਹੇਗੀ। ਭੂਮੀ ਦੀ ਪੂਰਤੀ ਮੰਗ ਤੋਂ ਘੱਟ ਹੋਣ ਕਾਰਨ ਲੋਕ ਭੂਮੀ ਪ੍ਰਾਪਤ ਕਰਨ ਲਈ ਕੁਝ ਭੁਗਤਾਨ ਕਰਨ ਵਾਸਤੇ ਵੀ ਤਿਆਰ ਹੋ ਜਾਣਗੇ, ਇਸ ਭੁਗਤਾਨ ਨੂੰ ਲਗਾਨ ਕਿਹਾ ਜਾਵੇਗਾ। ਜੇਕਰ ਭੂਮੀ ਦੀ ਉਪਜਾਊ ਸ਼ਕਤੀ ਵਿਚ ਕੋਈ ਅੰਤਰ ਨਹੀਂ ਹੈ ਤਾਂ ਭੂਮੀ ਦੀ ਦੁਰਲਭਤਾ ਕਰਕੇ ਲਗਾਨ ਪੈਦਾ ਹੋਵੇਗਾ।

2.4.4.3 ਲਗਾਨ ਦਾ ਨਿਰਧਾਰਣ

ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਕਿ ਲਗਾਨ ਦਾ ਨਿਰਧਾਰਣ ਦੋ ਤਰ੍ਹਾਂ ਕੀਤਾ ਜਾ ਸਕਦਾ ਹੈ :

(1) ਵਿਸਤ੍ਰਿਤ ਖੇਤੀ (2) ਸੰਘਣੀ ਖੇਤੀ

ਵਿਸਤ੍ਰਿਤ ਖੇਤੀ (Extensive Cultivation) ਵਿਚ ਲਗਾਨ ਨਿਰਧਾਰਣ ਵਿਸਤ੍ਰਿਤ ਖੇਤੀ ਵਿਚ ਉਤਪਾਦਨ ਵਧਾਉਣ ਦੇ ਲਈ ਹਰ ਵਾਰ ਵੱਧ ਭੂਮੀ ਦਾ ਉਪਯੋਗ ਕੀਤਾ ਜਾਂਦਾ ਹੈ। ਜਿਵੇਂ ਕਿ ਉੱਪਰ ਗੱਲ ਕਰ

ਚੁੱਕੇ ਹਾਂ ਕਿ ਜਦੋਂ ਨਵੀਂ ਬਸਤੀ ਟਾਪੂ ਤੇ ਵੱਸਣ ਲੱਗੀ ਤਾਂ ਮੰਨ ਲਓ ਭੂਮੀ ਨੂੰ ਉਪਜਾਊ ਸ਼ਕਤੀ ਅਨੁਸਾਰ ਚਾਰ ਗਰੇਡਾਂ (ਸ੍ਰੇਣੀਆਂ) ਵਿਚ ਵੰਡਿਆ ਗਿਆ A, B, C ਅਤੇ D। ਸ਼ੁਰੂ ਵਿਚ ਜਦੋਂ ਜਨ-ਸੰਖਿਆ ਘੱਟ ਹੁੰਦੀ ਹੈ ਉਦੋਂ ਸਭ ਤੋਂ ਉਪਜਾਊ A ਸ੍ਰੇਣੀ ਦੀ ਭੂਮੀ ਦਾ ਉਪਯੋਗ ਹੁੰਦਾ ਹੈ ਅਤੇ ਇਸ ਉੱਤੇ ਕਿਰਤ ਅਤੇ ਪੂੰਜੀ ਦੀ ਇਕਾਈ ਜਿਸ ਦੀ ਕੀਮਤ 10 ਰੁਪਏ ਹੈ ਲਗਾਉਣ ਨਾਲ 25 ਕੁਇੰਟਲ ਕਣਕ ਪੈਦਾ ਕੀਤੀ ਜਾਂਦੀ ਹੈ। ਹਾਲੇ ਕੋਈ ਲਗਾਨ ਪੈਦਾ ਨਹੀਂ ਹੁੰਦਾ, ਕਿਉਂਕਿ ਭੂਮੀ ਦੀ ਪੂਰਤੀ ਕਾਫ਼ੀ ਹੁੰਦੀ ਹੈ। ਜਦੋਂ ਜਨ-ਸੰਖਿਆ ਵਿਚ ਵਾਧਾ ਹੁੰਦਾ ਹੈ ਤਾਂ B ਸ੍ਰੇਣੀ ਦੀ ਭੂਮੀ ਖੇਤੀ ਹੇਠ ਲਿਆਈ ਜਾਂਦੀ ਹੈ। ਇਸ ਉੱਤੇ ਵੀ ਕਿਰਤ ਤੇ ਪੂੰਜੀ ਦੀ ਕੀਮਤ 10 ਰੁਪਏ ਖਰਚਣ ਨਾਲ 20 ਕੁਇੰਟਲ ਕਣਕ ਪੈਦਾ ਹੁੰਦੀ ਹੈ। A ਭੂਮੀ ਦੇ ਮਾਲਕ ਨੂੰ B ਭੂਮੀ ਦੇ ਮਾਲਕ ਤੋਂ ਜਿੰਨਾ ਜ਼ਿਆਦਾ ਉਤਪਾਦਨ ਕਰੇਗਾ, ਉਹ ਲਗਾਨ ਪ੍ਰਾਪਤ ਹੋਵੇਗਾ। B ਵਾਲੇ ਨੂੰ ਕੋਈ ਲਗਾਨ ਨਹੀਂ ਮਿਲੇਗਾ। ਜਨਸੰਖਿਆ ਵਿਚ ਵਾਧੇ ਕਾਰਨ ਹੁਣ C ਤੇ ਫਿਰ ਹੋਰ ਵਾਧੇ ਕਾਰਨ D ਸ੍ਰੇਣੀ ਦੀ ਭੂਮੀ ਵੀ ਵਾਹੀ ਹੇਠ ਆਉਂਦੀ ਹੈ। 10 ਰੁਪਏ ਲਾਗਤ ਦੀ ਕਿਰਤ ਤੇ ਪੂੰਜੀ ਲਗਾਉਣ ਤੋਂ ਬਾਅਦ C ਤੋਂ 15 ਕੁਇੰਟਲ ਤੇ D ਤੋਂ 10 ਕੁਇੰਟਲ ਕਣਕ ਪੈਦਾ ਹੁੰਦੀ ਹੈ। D ਸਭ ਤੋਂ ਘਟੀਆ ਕਿਸਮ ਦੀ ਭੂਮੀ ਹੈ, ਪਰ ਮੰਗ ਹੋਣ ਕਾਰਨ ਇਸ ਉੱਤੇ ਵੀ ਖੇਤੀ ਕਰਨੀ ਪਵੇਗੀ ਪਰ ਇਹ ਲਗਾਨ ਰਹਿਤ ਭੂਮੀ ਹੋਵੇਗੀ। ਇਸ ਤੋਂ ਪਹਿਲੀਆਂ ਸ੍ਰੇਣੀਆਂ ਨੂੰ ਕ੍ਰਮਵਾਰ 15, 10 ਅਤੇ 5 ਕੁਇੰਟਲ ਕਣਕ ਦਾ ਲਗਾਨ ਮਿਲੇਗਾ।

ਸਾਰਣੀ 4.1 : ਲਗਾਨ ਦਾ ਨਿਰਧਾਰਨ

ਭੂਮੀ	ਉਤਪਾਦਨ (ਕੁਇੰਟਲ)	ਉਤਪਾਦਨ ਦੀ ਲਾਗਤ (ਰੁਪਏ)	ਸੀਮਾਂਤ ਭੂਮੀ ਉੱਤੇ ਵਾਫਰ	ਲਗਾਨ
A	25	10	25–10	15
B	20	10	20–10	10
C	15	10	15–10	5
D (ਸੀਮਾਂਤ ਭੂਮੀ)	10	10	10–10 (ਲਗਾਨ ਰਹਿਤ ਭੂਮੀ)	0



ਚਿੱਤਰ ਨੰ: 4.1

ਚਿੱਤਰ ਨੰ: 4.1 ਵਿਚ OX ਅਕਸ ਤੇ ਭੂਮੀ ਦੀਆਂ ਸ੍ਰੇਣੀਆਂ ਅਤੇ OY ਉੱਤੇ ਉਤਪਾਦਨ ਨੂੰ ਲਿਆ ਗਿਆ ਹੈ। A ਸ੍ਰੇਣੀ ਦੀ ਭੂਮੀ ਤੇ 25 ਕੁਇੰਟਲ B ਸ੍ਰੇਣੀ ਤੇ 20 ਕੁਇੰਟਲ C ਸ੍ਰੇਣੀ ਤੇ 15 ਅਤੇ D ਸ੍ਰੇਣੀ ਤੇ 10 ਕੁਇੰਟਲ ਕਣਕ ਦਾ ਉਤਪਾਦਨ ਹੁੰਦਾ ਹੈ। D ਸ੍ਰੇਣੀ ਦੀ ਭੂਮੀ ਸਭ ਤੋਂ ਘਟੀਆ ਕਿਸਮ ਦੀ ਹੈ, ਇਸ ਕਰਕੇ ਇਸ ਦਾ ਕੋਈ ਲਗਾਨ ਨਹੀਂ ਹੋਵੇਗਾ। A, B ਅਤੇ C ਸ੍ਰੇਣੀ ਦੀ ਭੂਮੀਆਂ ਤੇ D ਸ੍ਰੇਣੀ ਦੀ ਭੂਮੀ ਨਾਲੋਂ ਜਿੰਨੀ ਵੱਧ ਉਪਜ ਹੋਵੇਗੀ, ਉਨਾਂ ਹੀ ਲਗਾਨ ਪ੍ਰਾਪਤ ਹੋਵੇਗਾ। ਛਾਂਦਾਰ ਭਾਗ ਕੁੱਲ ਲਗਾਨ ਦਰਸਾਉਂਦਾ ਹੈ।



ਚਿੱਤਰ ਨੰ: 4.2

ਚਿੱਤਰ ਨੰ: 4.2 ਵਿਚ ਚਾਰ ਚਿੱਤਰਾਂ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਹਰ ਸ਼੍ਰੇਣੀ ਦੀ ਭੂਮੀ ਕਿੰਨਾ ਲਗਾਨ ਪੈਦਾ ਕਰੇਗੀ ਚਿੱਤਰ (I) A ਸ਼੍ਰੇਣੀ ਭਾਵ ਸਭ ਤੋਂ ਚੰਗੀ ਕਿਸਮ ਦੀ ਭੂਮੀ ਤੇ ਲਗਾਨ ਨਿਰਧਾਰਣ ਨੂੰ ਪ੍ਰਗਟ ਕੀਤਾ ਗਿਆ ਹੈ। (II) B ਸ਼੍ਰੇਣੀ ਭਾਵ ਦੂਜੇ ਸ਼੍ਰੇਣੀ ਦੀ ਭੂਮੀ (III) ਤੀਜੇ ਦਰਜੇ ਦੀ ਭੂਮੀ ਜਿਸ ਵਿਚ ਲਗਾਨ A ਅਤੇ B ਭੂਮੀਆਂ ਨਾਲੋਂ ਵੀ ਘੱਟ ਹੈ। ਸਭ ਤੋਂ ਨਿਮਨ ਸ਼੍ਰੇਣੀ ਦੀ ਭੂਮੀ (IV) ਹੈ, ਜਿਸ ਤੇ ਕੋਈ ਲਗਾਨ ਨਹੀਂ ਮਿਲੇਗਾ। ਆਰਥਿਕ ਲਗਾਨ ਦਾ ਅਨੁਮਾਨ ਅਨਾਜ ਦੀ ਕੀਮਤ ਅਤੇ ਔਸਤ ਲਾਗਤ ਦੇ ਅੰਤਰ ਰਾਹੀਂ ਦਰਸਾਇਆ ਗਿਆ ਹੈ।

ਲਗਾਨ = ਕੀਮਤ – ਔਸਤ ਲਾਗਤ

ਚਿੱਤਰ ਨੰ: 4.2 (V) ਤੋਂ ਪਤਾ ਲੱਗਦਾ ਹੈ ਕਿ ਕੀਮਤ OP ਨਿਰਧਾਰਿਤ ਹੋਈ ਹੈ ਤੇ ਇਸ ਕੀਮਤ ਤੇ A ਸ਼੍ਰੇਣੀ ਦੀ ਭੂਮੀ ਨੂੰ ACBP ਦੇ ਬਰਾਬਰ ਮਿਲੇਗਾ ਕਿਉਂਕਿ ਪ੍ਰਤੀ ਇਕਾਈ AM – CM = AC ਲਗਾਨ ਮਿਲੇਗਾ ਤੇ ਕੁੱਲ ਲਗਾਨ AC × BC = APBC. ਇਸ ਤਰ੍ਹਾਂ B ਸ਼੍ਰੇਣੀ ਦੀ ਭੂਮੀ ਨੂੰ PTSR ਅਤੇ D ਸ਼੍ਰੇਣੀ ਦੀ ਭੂਮੀ ਨੂੰ ਕੋਈ ਲਗਾਨ ਨਹੀਂ ਮਿਲੇਗਾ, ਕਿਉਂਕਿ ਕੀਮਤ ਤੇ ਔਸਤ ਲਾਗਤ ਬਰਾਬਰ ਹਨ।

ਸੰਘਣੀ ਖੇਤੀ ਵਿਚ ਲਗਾਨ ਨਿਰਧਾਰਣ (Rent in Intensive Cultivation)

ਸੰਘਣੀ ਖੇਤੀ ਉਸ ਖੇਤੀ ਨੂੰ ਕਹਿੰਦੇ ਹਨ, ਜਿਸ ਵਿਚ ਉਤਪਾਦਨ ਵਧਾਉਣ ਵਾਸਤੇ ਨਿਸ਼ਚਿਤ ਭੂ ਖੇਤਰਫ਼ਲ ਤੇ ਵੱਧ ਕਿਰਤ ਅਤੇ ਪੂੰਜੀ ਦੀਆਂ ਇਕਾਈਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਸੰਘਣੀ ਖੇਤੀ ਕਰਨ ਦੇ ਫਲਸਰੂਪ ਕਿਰਤ ਅਤੇ ਪੂੰਜੀ ਦੀ ਹਰੇਕ ਇਕਾਈ ਨਾਲ ਉਪਜ ਵਿਚ ਘਟਦੇ ਪ੍ਰਤੀਫ਼ਲ ਦੇ ਨਿਯਮ ਦੇ ਅਨੁਸਾਰ ਵਾਧਾ ਹੁੰਦਾ ਹੈ। ਪਹਿਲਾਂ ਦਿੱਤੀ ਉਦਾਹਰਣ ਵਿਚ ਹੀ ਆਪਾਂ ਹੁਣ ਸੰਘਣੀ ਖੇਤੀ ਵਿਚ ਲਗਾਨ ਨਿਰਧਾਰਨ ਕਰਾਂਗੇ। ਪਹਿਲਾਂ ਲੋਕ ਟਾਪੂ ਉੱਤੇ ਆਏ, ਸਭ ਤੋਂ ਪਹਿਲੀ ਇਕਾਈ ਪੂੰਜੀ ਅਤੇ ਕਿਰਤ ਦੀ ਲਗਾ ਕੇ ਉਨ੍ਹਾਂ ਨੂੰ 25 ਕੁਇੰਟਲ ਕਣਕ

ਮਿਲੀ ਜਨ-ਸੰਖਿਆ ਵਧਣ ਤੇ ਇਕ ਹੋਰ ਇਕਾਈ ਪੂੰਜੀ ਅਤੇ ਕਿਰਤ ਦੀ ਲਗਾਈ ਉਦੋਂ 20 ਕੁਇੰਟਲ ਕਣਕ ਮਿਲੀ, ਹੋਰ ਜਨ-ਸੰਖਿਆ ਵਧਣ ਤੇ ਜਦੋਂ ਤੀਜੀ ਇਕਾਈ ਪੂੰਜੀ ਅਤੇ ਕਿਰਤ ਦੀ ਲਗਾਈ ਗਈ ਤਾਂ ਉਤਪਾਦਨ ਹੋਇਆ 15 ਕੁਇੰਟਲ, ਅਖੀਰਲੀ ਇਕਾਈ ਪੂੰਜੀ ਅਤੇ ਕਿਰਤ ਦੀ ਲਗਾਉਣ ਤੇ 10 ਕੁਇੰਟਲ ਕਣਕ ਮਿਲਦੀ ਹੈ। ਭੂਮੀ ਤੇ ਉਦੋਂ ਤੱਕ ਹੀ ਹੋਰ ਇਕਾਈਆਂ ਪੂੰਜੀ ਅਤੇ ਕਿਰਤ ਦੀਆਂ ਲੱਗਣਗੀਆਂ ਜਦੋਂ ਤਕ ਸੀਮਾਂਤ ਉਪਜ ਦੀ ਕੀਮਤ ਅਤੇ ਲਾਗਤ ਬਰਾਬਰ ਨਾ ਹੋ ਜਾਵੇ। ਜਿਸ ਇਕਾਈ ਤੇ ਇਹ ਦੋਵੇਂ ਬਰਾਬਰ ਹੋ ਜਾਂਦੇ ਹਨ, ਉਸ ਨੂੰ ਸੀਮਾਂਤ ਇਕਾਈ ਤੇ ਉਸ ਤੋਂ ਪਹਿਲੀਆਂ ਨੂੰ ਪੂਰਵ ਸੀਮਾਂਤ ਇਕਾਈ ਆਖਿਆ ਜਾਂਦਾ ਹੈ। ਦੋਵਾਂ ਦੀ ਉਪਜ ਵਿਚ ਜੋ ਅੰਤਰ ਹੋਵੇਗਾ, ਉਸ ਨੂੰ ਲਗਾਨ ਆਖਿਆ ਜਾਂਦਾ ਹੈ। ਚਿੱਤਰ ਨੰ: 4.3 ਵਿਚ ਦਰਸਾਇਆ ਗਿਆ ਹੈ। OX ਅਕਸ ਉੱਤੇ ਪੂੰਜੀ ਅਤੇ ਕਿਰਤ ਦੀਆਂ ਇਕਾਈਆਂ OY ਉੱਤੇ ਚੌਥੀ ਇਕਾਈ ਲਗਾਉਣ ਤੇ ਉਤਪਾਦਨ 10 ਕੁਇੰਟਲ ਹੋਇਆ ਹੈ, ਤਾਂ ਇਸ ਤੋਂ ਪਹਿਲੀਆਂ ਇਕਾਈਆਂ ਕ੍ਰਮਵਾਰ 15, 10 ਅਤੇ 5 ਕੁਇੰਟਲ ਕਣਕ ਦਾ ਲਗਾਨ ਪਾਉਣਗੀਆਂ।



ਚਿੱਤਰ ਨੰ: 4.3

2.4.4.4 ਰਿਕਾਰਡੋ ਦੇ ਸਿਧਾਂਤ ਦੀ ਆਲੋਚਨਾ (Criticism of Ricardian Theory of Rent)

ਰਿਕਾਰਡੋ ਦੇ ਸਿਧਾਂਤ ਵਿਚ ਕੁਝ ਦੋਸ਼ ਪਾਏ ਜਾਂਦੇ ਹਨ :

1. ਭੂਮੀ ਦੀ ਸ਼ਕਤੀ ਨਾ ਤਾਂ ਮੌਲਿਕ ਹੈ ਅਤੇ ਨਾ ਹੀ ਅਵਿਨਾਸ਼ੀ, ਕਿਉਂਕਿ ਜੇ ਖਾਦਾਂ ਜਾਂ ਮਸ਼ੀਨਾਂ ਦਾ ਪ੍ਰਯੋਗ ਕੀਤਾ ਜਾਵੇ ਤਾਂ ਉਤਪਾਦਨ ਵਧਾਇਆ ਜਾ ਸਕਦਾ ਹੈ।
2. ਸੀਮਾਂਤ ਜਾਂ ਲਗਾਨ ਰਹਿਤ ਭੂਮੀ ਵਾਲੀ ਮਨੌਤ ਵਾਸਤੇ ਆਲੋਚਕਾਂ ਦਾ ਮੰਨਣਾ ਹੈ ਕਿ ਹਰ ਦੇਸ਼ ਵਿਚ ਲਗਾਨ ਰਹਿਤ ਭੂਮੀ ਨਹੀਂ ਮਿਲੇਗੀ, ਕਿਉਂਕਿ ਜਿਹੜੇ ਸੰਘਣੀ ਵਸੋਂ ਵਾਲੇ ਦੇਸ਼ ਹਨ, ਉੱਥੇ ਮਾੜੀ ਤੋਂ ਮਾੜੀ ਜ਼ਮੀਨ ਦਾ ਵੀ ਲਗਾਨ ਮਿਲੇਗਾ।
3. ਹਮੇਸ਼ਾਂ ਸਭ ਤੋਂ ਚੰਗੀ ਭੂਮੀ ਤੇ ਪਹਿਲਾਂ ਖੇਤੀ ਹੁੰਦੀ ਹੈ, ਇਹ ਇਤਿਹਾਸਕ ਪੱਖੋਂ ਤਾਂ Carey ਨੇ ਗਲਤ ਦੱਸਿਆ ਹੈ ਕਿਉਂਕਿ ਅਮਰੀਕਾ ਵਿਚ ਉਸ ਭੂਮੀ ਤੇ ਪਹਿਲਾਂ ਖੇਤੀ ਹੋਈ ਸੀ, ਜਿਹੜੀ ਸੌਖ ਨਾਲ ਮਿਲ ਗਈ, ਚੰਗੀ ਭੂਮੀ ਤਾਂ ਬਾਅਦ ਵਿਚ ਮਿਲੀ ਕਿਉਂਕਿ ਉਹ ਜੰਗਲਾਂ ਨਾਲ ਢੱਕੀ ਹੋਈ ਸੀ।
4. ਰਿਕਾਰਡੋ ਨੇ ਸਾਰੇ ਸਿਧਾਂਤ ਵਿਚ ਇਹ ਨਹੀਂ ਦੱਸਿਆ ਕਿ ਲਗਾਨ ਭੂਮੀ ਦੀ ਦੁਰਲਭਤਾ ਕਾਰਨ ਮਿਲਦਾ ਹੈ, ਜਦੋਂ ਕਿ ਰਿਕਾਰਡੋ ਨੇ ਸਿਰਫ਼ ਉਪਜਾਊ ਸ਼ਕਤੀ ਦੇ ਭੇਦ ਨੂੰ ਲਗਾਨ ਪੈਦਾ ਕਰਨ ਵਾਲਾ ਮੰਨਿਆ ਹੈ। ਮਾਲਥਸ ਅਨੁਸਾਰ ਜੇਕਰ ਉਪਜਾਊ ਸ਼ਕਤੀ ਇਕ ਸਮਾਨ ਹੋਵੇ, ਪਰ ਉਸ ਦੀ ਮੰਗ ਪੂਰਤੀ ਤੋਂ ਵੱਧ ਹੈ ਤਾਂ ਉਸ ਨੂੰ ਲਗਾਨ ਮਿਲੇਗਾ।

5. ਰਿਕਾਰਡੋ ਅਨੁਸਾਰ ਲਗਾਨ ਕੇਵਲ ਭੂਮੀ ਦੇ ਉਪਯੋਗ ਦੇ ਲਈ ਦਿੱਤਾ ਜਾਂਦਾ ਹੈ, ਪਰੰਤੂ ਆਧੁਨਿਕ ਅਰਥ ਸ਼ਾਸਤਰੀਆਂ ਮੁਤਾਬਕ ਲਗਾਨ ਕੇਵਲ ਭੂਮੀ ਦੇ ਲਈ ਹੀ ਨਹੀਂ ਸਗੋਂ ਉਤਪਾਦਨ ਦੇ ਸਾਰੇ ਸਾਧਨਾਂ ਦੇ ਉਪਯੋਗ ਲਈ ਦਿੱਤਾ ਜਾਂਦਾ ਹੈ।
6. ਪੂਰਨ ਪ੍ਰਤੀਯੋਗਤਾ ਇਕ ਅਵਾਸਤਵਿਕ ਮਾਨਤਾ ਹੈ ਕਿਉਂਕਿ ਵਾਸਤਵਿਕ ਜੀਵਨ ਵਿਚ ਸੰਪੂਰਨ ਪ੍ਰਤੀਯੋਗਤਾ ਪਾਈ ਜਾਂਦੀ ਹੈ ਹਰ ਚੀਜ਼ ਦੀ ਕੀਮਤ ਇਕੋ ਨਹੀਂ ਹੋ ਸਕਦੀ।
7. ਘਟਦੇ ਪ੍ਰਤੀਫ਼ਲ ਦਾ ਨਿਯਮ ਖੇਤੀ ਤੇ ਉਦੋਂ ਲਾਗੂ ਨਹੀਂ ਹੋਵੇਗਾ, ਜਦੋਂ ਨਵੀਂ ਤਕਨੀਕ ਦੁਆਰਾ ਉਤਪਾਦਨ ਵਧੇਗਾ।
8. ਰਿਕਾਰਡੋ ਇਹ ਤਾਂ ਦੱਸਦਾ ਹੈ ਕਿ ਚੰਗੀ ਚੀਜ਼ ਭਾਵ ਵੱਧ ਉਪਜਾਊ ਵਾਲੀ ਭੂਮੀ ਦੀ ਕੀਮਤ ਵੱਧ ਹੋਵੇਗੀ, ਪਰ ਉਹ ਇਹ ਨਹੀਂ ਦੱਸ ਪਾਇਆ ਕਿ ਲਗਾਨ ਕਿਉਂ ਉਤਪੰਨ ਹੁੰਦਾ ਹੈ।

ਸਿੱਟਾ

ਇਹ ਸਿਧਾਂਤ ਇਕ ਮਹੱਤਵਪੂਰਨ ਸਿਧਾਂਤ ਹੈ। ਰਿਕਾਰਡੋ ਨੇ ਸਭ ਤੋਂ ਪਹਿਲਾਂ ਲਗਾਨ ਦੀ ਵਿਗਿਆਨਕ ਢੰਗ ਨਾਲ ਵਿਵੇਚਨਾ ਕਰਨ ਦਾ ਯਤਨ ਕੀਤਾ ਹੈ ਭਾਵੇਂ ਇਸ ਸਿਧਾਂਤ ਵਿਚ ਕੁਝ ਦੋਸ਼ ਹਨ, ਪਰ ਫਿਰ ਵੀ ਇਹ ਸਿਧਾਂਤ, ਸਿਧਾਂਤਕ ਅਤੇ ਵਿਵਹਾਰਿਕ ਤੌਰ ਤੇ ਮਹੱਤਵਪੂਰਨ ਹੈ। ਇਕ ਸਾਧਨ ਦੀ ਪੂਰਤੀ ਸੀਮਿਤ ਹੁੰਦੀ ਹੈ ਤਾਂ ਉਸ ਦੀ ਮੰਗ ਵਧਣ ਤੇ ਇਕ ਬੇਸ਼ੀ ਪ੍ਰਾਪਤ ਹੁੰਦੀ ਹੈ, ਉਸ ਨੂੰ ਆਰਥਿਕ ਲਗਾਨ ਆਖਿਆ ਜਾਂਦਾ ਹੈ।

ਸਵੈ ਅਭਿਆਸ-2

1. ਰਿਕਾਰਡੋ ਦੇ ਸਿਧਾਂਤ ਦੀਆਂ ਮਨੌਤਾਂ ਤੇ ਟਿੱਪਣੀ ਕਰੋ।
2. ਸੰਘਣੀ ਖੇਤੀ ਅਤੇ ਵਿਸਤ੍ਰਿਤ ਖੇਤੀ ਵਿਚ ਕੀ ਅੰਤਰ ਹੈ?
3. ਸੰਘਣੀ ਖੇਤੀ ਵਿਚ ਲਗਾਨ ਨਿਰਧਾਰਨ ਕਿਵੇਂ ਕੀਤਾ ਜਾਂਦਾ ਹੈ?
4. ਰਿਕਾਰਡੋ ਦੇ ਸਿਧਾਂਤ ਦਾ ਆਲੋਚਨਾਤਮਕ ਅਧਿਐਨ ਕਰੋ।

2.4.5 ਲਗਾਨ ਦਾ ਆਧੁਨਿਕ ਸਿਧਾਂਤ (Modern Theory of Rent)

ਲਗਾਨ ਦਾ ਆਧੁਨਿਕ ਸਿਧਾਂਤ ਰਿਕਾਰਡੋ ਦੇ ਲਗਾਨ ਸਿਧਾਂਤ ਦਾ ਇਕ ਵਿਸਤ੍ਰਿਤ ਅਤੇ ਸੁਧਰਿਆ ਹੋਇਆ ਰੂਪ ਹੈ। ਇਸ ਸਿਧਾਂਤ ਦੀ ਵਿਆਖਿਆ ਸਭ ਤੋਂ ਪਹਿਲਾਂ ਜੇ.ਐਸ. ਮਿਲ ਨੇ ਕੀਤੀ ਸੀ। ਇਸ ਦਾ ਵਿਕਾਸ ਪੈਰਿਟੋ, ਮਾਰਸ਼ਲ ਅਤੇ ਸ੍ਰੀਮਤੀ ਰੋਬਿਨਸਨ ਆਦਿ ਅਰਥ ਸ਼ਾਸਤਰੀਆਂ ਨੇ ਕੀਤਾ ਸੀ। ਇਸ ਸਿਧਾਂਤ ਦੇ ਅਨੁਸਾਰ ਲਗਾਨ ਇਕ ਬੇਸ਼ੀ ਹੈ, ਜੋ ਕੇਵਲ ਭੂਮੀ ਦੇ ਉਪਯੋਗ ਦੇ ਲਈ ਹੀ ਨਹੀਂ ਪ੍ਰਾਪਤ ਹੁੰਦਾ, ਸਗੋਂ ਕਿਰਤ, ਪੂੰਜੀ ਆਦਿ ਸਾਧਨਾਂ ਦਾ ਵੀ ਇਕ ਭਾਗ ਹੋ ਸਕਦਾ ਹੈ। ਆਧੁਨਿਕ ਅਰਥ-ਸ਼ਾਸਤਰੀਆਂ ਦੇ ਅਨੁਸਾਰ ਆਰਥਿਕ ਲਗਾਨ ਉਹ ਆਮਦਨ ਹੈ, ਜੋ ਉਤਪਾਦਨ ਦੇ ਕਿਸੇ ਸਾਧਨ ਜਿਵੇਂ ਭੂਮੀ, ਕਿਰਤ, ਪੂੰਜੀ ਆਦਿ ਨੂੰ ਉਸ ਦੀ ਕੁੱਲ ਪੂਰਤੀ ਤੋਂ ਵੱਧ ਮਾਤਰਾ ਵਿਚ ਪ੍ਰਾਪਤ ਹੁੰਦਾ ਹੈ। (Economic Rent may be defined as any payment to a factor of production which is in excess of its total supply price.) ਪੂਰਤੀ ਕੀਮਤ ਤੋਂ ਭਾਵ ਕਿਸੇ ਸਾਧਨ ਦੀ ਆਪਣੇ ਵਰਤਮਾਨ ਕੰਮ ਵਿਚ ਹੋਣ ਵਾਲੀ ਘੱਟ ਤੋਂ ਘੱਟ ਆਮਦਨ ਅਰਥਾਤ ਹਸਤਾਂਤਰਿਤ ਆਮਦਨ ਹੈ।

2.4.5.1 ਹਸਤਾਂਤਰਣ ਆਮਦਨ ਜਾਂ ਅਵਸਰ ਲਾਗਤ (Transfer Earning or Opportunity Cost)

ਉਤਪਾਦਨ ਦੇ ਵੱਖ-ਵੱਖ ਸਾਧਨਾਂ ਦੇ ਵੱਖ-ਵੱਖ ਉਪਯੋਗ ਹੁੰਦੇ ਹਨ। ਜਦੋਂ ਅਸੀਂ ਕਿਸੇ ਸਾਧਨ ਨੂੰ ਇਕ ਉਪਯੋਗ ਵਿਚੋਂ ਹਸਤਾਂਤਰਣ ਕਰਦੇ ਹਾਂ ਤਾਂ ਸਾਨੂੰ ਪਹਿਲੇ ਉਦਯੋਗ ਤੋਂ ਪ੍ਰਾਪਤ ਆਮਦਨ ਦਾ ਤਿਆਗ ਕਰਨਾ ਪੈਂਦਾ ਹੈ। ਆਮਦਨ ਦਾ ਇਹ ਤਿਆਗ ਹੀ ਹਸਤਾਂਤਰਣ ਆਮਦਨ ਅਖਵਾਉਂਦਾ ਹੈ। ਪ੍ਰੋ. ਬੇਨਹਮ ਦੇ ਅਨੁਸਾਰ, ਹਸਤਾਂਤਰਣ ਆਮਦਨ ਮੁਦਰਾ ਦੀ ਉਹ ਮਾਤਰਾ ਹੈ, ਜੋ ਉਤਪਾਦ ਦੇ ਸਾਧਨ ਦੀ ਇਕਾਈ ਸਰਵ ਸ੍ਰੇਸ਼ਠ ਵਿਕਲਪਕ ਪ੍ਰਯੋਗ ਵਿਚ ਪ੍ਰਾਪਤ ਕਰ ਸਕਦੀ ਹੈ। (The amount of money which a particular unit could earn in its best alternative use is called its transfer earning. — Benham) ਇਸ ਪ੍ਰਕਾਰ ਹਸਤਾਂਤਰਣ ਆਮਦਨ ਉਤਪਾਦਨ ਦੇ ਸਾਧਨ ਦੀ ਉਹ ਆਮਦਨ ਹੈ, ਜੋ ਉਸ ਦੇ ਦੂਜੇ ਸਭ ਤੋਂ ਚੰਗੇ ਵਿਕਲਪਕ ਪ੍ਰਯੋਗ ਵਿਚ

ਪ੍ਰਾਪਤ ਹੁੰਦੀ ਹੈ। ਇਸ ਨੂੰ ਅਵਸਰ ਲਾਗਤ (Opportunity Cost) ਵੀ ਕਹਿੰਦੇ ਹਨ।

ਪ੍ਰੋ: ਬੀਜਰ ਨੇ ਉਤਪਾਦਨ ਦੇ ਸਾਰੇ ਸਾਧਨਾਂ ਨੂੰ ਦੋ ਭਾਗਾਂ ਵਿਚ ਵੰਡਿਆ ਹੈ – ਵਿਸ਼ਿਸ਼ਟ (Specific) ਸਾਧਨ ਅਤੇ ਅਵਿਸ਼ਿਸ਼ਟ (non-specific) ਸਾਧਨ। ਵਿਸ਼ਿਸ਼ਟ ਸਾਧਨ ਉਹ ਸਾਧਨ ਹਨ, ਜਿਨ੍ਹਾਂ ਦਾ ਕੇਵਲ ਇਕ ਹੀ ਪ੍ਰਯੋਗ ਹੁੰਦਾ ਹੈ, ਜਿਵੇਂ ਭੂਮੀ 'ਤੇ ਕਣਕ ਉਗਾਉਣਾ। ਇਸ ਤਰ੍ਹਾਂ ਇਨ੍ਹਾਂ ਦੀ ਅਵਸਰ ਲਾਗਤ ਅਤੇ ਹਸਤਾਂਤਰਿਤ ਆਮਦਨ ਵੀ ਜ਼ੀਰੋ ਹੁੰਦੀ ਹੈ। ਇਸ ਦੇ ਉਲਟ ਅਵਿਸ਼ਿਸ਼ਟ ਸਾਧਨਾਂ ਨੂੰ ਕਈ ਤਰ੍ਹਾਂ ਨਾਲ ਪ੍ਰਯੋਗ ਕੀਤਾ ਜਾਂਦਾ ਹੈ, ਕਿਉਂਕਿ ਵਿਸ਼ਿਸ਼ਟ ਸਾਧਨਾਂ ਦੀ ਅਵਸਰ ਅਤੇ ਹਸਤਾਂਤਰਿਤ ਆਮਦਨ ਜ਼ੀਰੋ ਹੁੰਦੀ ਹੈ। ਇਸ ਲਈ ਉਸ ਦੀ ਸਾਰੀ ਵਾਸਤਵਿਕ ਆਮਦਨ ਹੀ ਲਗਾਨ ਅਖਵਾਉਂਦੀ ਹੈ। ਸਾਧਨਾਂ ਦੀ ਵਿਸ਼ਿਸ਼ਟਤਾ ਕਾਰਨ ਹੀ ਲਗਾਨ ਉਤਪੰਨ ਹੁੰਦਾ ਹੈ।

2.4.5.2 ਲਗਾਨ ਦਾ ਨਿਰਧਾਰਣ

ਆਧੁਨਿਕ ਅਰਥ-ਸ਼ਾਸਤਰੀਆਂ ਦੇ ਅਨੁਸਾਰ ਜਿਸ ਤਰ੍ਹਾਂ ਕਿਸੇ ਵਸਤੂ ਦੀ ਕੀਮਤ ਉਸਦੀ ਮੰਗ ਅਤੇ ਪੂਰਤੀ ਦੁਆਰਾ ਨਿਰਧਾਰਿਤ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਲਗਾਨ ਵੀ ਉਤਪਾਦਨ ਦੇ ਹਰੇਕ ਸਾਧਨ ਦੀ ਪੂਰਤੀ ਅਤੇ ਮੰਗ ਰਾਹੀਂ ਨਿਰਧਾਰਿਤ ਕੀਤਾ ਜਾਂਦਾ ਹੈ। ਆਧੁਨਿਕ ਅਰਥ-ਸ਼ਾਸਤਰੀਆਂ ਦਾ ਇਹ ਵੀ ਮੰਨਣਾ ਹੈ ਕਿ ਲਗਾਨ ਕੇਵਲ ਭੂਮੀ ਦਾ ਹੀ ਨਹੀਂ ਸਗੋਂ ਬਾਕੀ ਸਾਧਨਾਂ ਤੇ ਵੀ ਹੋ ਸਕਦਾ ਹੈ, ਇਸ ਲਈ ਉਨ੍ਹਾਂ ਨੇ ਦੋ ਭਾਗਾਂ ਵਿਚ ਲਗਾਨ ਨਿਰਧਾਰਨ ਕੀਤਾ ਹੈ।

1. ਭੂਮੀ ਦਾ ਲਗਾਨ
2. ਵਾਸਤਵਿਕ ਆਮਦਨ ਅਤੇ ਹਸਤਾਂਤਰਣ ਆਮਦਨ ਦੇ ਅੰਤਰ ਦੇ ਰੂਪ ਵਿਚ ਲਗਾਨ ਦੀ ਸਾਧਾਰਨ ਧਾਰਣਾ।

1. **ਭੂਮੀ ਦੇ ਲਗਾਨ ਦਾ ਨਿਰਧਾਰਨ ਜਾਂ ਲਗਾਨ ਦਾ ਦੁਰਲਭਤਾ ਸਿਧਾਂਤ** (Determination of Rent of Land or Scarcity Theory of Rent) : ਭੂਮੀ ਦੀ ਦੁਰਲਭਤਾ ਦਾ ਅਰਥ ਹੈ ਕਿ ਭੂਮੀ ਦੀ ਪੂਰਤੀ ਮੰਗ ਨਾਲੋਂ ਘੱਟ ਹੈ। ਜਿੱਥੇ ਮੰਗ ਅਤੇ ਪੂਰਤੀ ਬਰਾਬਰ ਹੋਣਗੇ, ਉੱਥੇ ਲਗਾਨ ਦਾ ਨਿਰਧਾਰਨ ਹੋ ਜਾਵੇਗਾ।

(i) **ਭੂਮੀ ਦੀ ਮੰਗ** : ਭੂਮੀ ਦੀ ਮੰਗ ਖੇਤੀ ਪਦਾਰਥਾਂ ਦੀ ਮੰਗ ਤੇ ਨਿਰਭਰ ਕਰਦੀ ਹੈ ਜੇਕਰ ਅਨਾਜ ਦੀ ਮੰਗ ਵਧੇਗੀ ਤਾਂ ਭੂਮੀ ਦੀ ਮੰਗ ਵੀ ਵਧੇਗੀ।

(ii) **ਭੂਮੀ ਦੀ ਪੂਰਤੀ** : ਕਿਸੇ ਵੀ ਅਰਥ-ਵਿਵਸਥਾ ਵਿਚ ਭੂਮੀ ਦੀ ਪੂਰਤੀ ਸਥਿਰ ਹੁੰਦੀ ਹੈ। ਇਸ ਦੀ ਪੂਰਤੀ ਪੂਰਨ ਤੌਰ ਤੇ ਬੇਲੋਚਦਾਰ ਹੁੰਦੀ ਹੈ। ਭਾਵ ਭੂਮੀ ਦੀ ਕੀਮਤ ਵਿਚ ਵਾਧਾ ਹੋਣ ਤੇ ਵੀ ਪੂਰਤੀ ਵਿਚ ਵਾਧਾ ਨਹੀਂ ਹੁੰਦਾ ਹੈ।



ਚਿੱਤਰ ਨੰ: 4.4

ਚਿੱਤਰ ਨੰ: 4.4 ਵਿਚ SS ਪੂਰਤੀ ਵਕਰ ਹੈ DD ਪ੍ਰਾਰੰਭਕ ਮੰਗ ਹੈ ਦੋਵੇਂ E ਤੇ ਬਰਾਬਰ ਹਨ ਅਤੇ OR ਲਗਾਨ ਹੈ। ਜਨਸੰਖਿਆ ਵਧਣ ਤੇ ਮੰਗ ਵਕਰ D_1D_1 ਉੱਪਰ ਚੱਲੀ ਜਾਂਦੀ ਹੈ, ਸੰਤੁਲਨ ਦਾ ਨਵਾਂ ਬਿੰਦੂ E1 ਹੋਵੇਗਾ ਅਤੇ ਲਗਾਨ OR1 ਇਸ ਦੇ ਉਲਟ ਜੇਕਰ ਮੰਗ ਘੱਟ ਜਾਵੇ ਤਾਂ ਮੰਗ ਵਕਰ D_2D_2 ਹੇਠਾਂ ਨੂੰ ਸਰਕ ਜਾਵੇਗੀ ਤੇ ਲਗਾਨ OR_2 ਹੋਵੇਗਾ ਕਿਉਂਕਿ ਨਵਾਂ ਸੰਤੁਲਨ ਬਿੰਦੂ E_2 ਤੇ ਹੋਵੇਗਾ।

2. **ਵਾਸਤਵਿਕ ਆਮਦਨ ਅਤੇ ਹਸਤਾਂਤਰਣ ਆਮਦਨ ਦੇ ਅੰਤਰ ਦੇ ਰੂਪ ਵਿਚ ਲਗਾਨ** : ਆਧੁਨਿਕ ਅਰਥ-ਸ਼ਾਸਤਰੀਆਂ ਦੇ ਅਨੁਸਾਰ ਵਾਸਤਵਿਕ ਆਮਦਨ ਅਤੇ ਅਵਸਰ ਲਾਗਤ ਜਾਂ ਹਸਤਾਂਤਰਣ ਆਮਦਨ ਦਾ ਅੰਤਰ ਹੁੰਦਾ ਹੈ।

ਲਗਾਨ = ਵਾਸਤਵਿਕ ਆਮਦਨ – ਹਸਤਾਂਤਰਣ ਆਮਦਨ

Rent = Actual Earnings – Transfer Earnings

ਕਿਸੇ ਵੀ ਸਾਧਨ ਨੂੰ ਲਗਾਨ ਉਸ ਸਮੇਂ ਪ੍ਰਾਪਤ ਹੋਵੇਗਾ, ਜਦੋਂ ਇਨ੍ਹਾਂ ਦੀ ਪੂਰਤੀ ਪੂਰਨ ਲੋਚ ਤੋਂ ਘੱਟ ਹੋਵੇ। ਲੋਚਦਾਰ ਪੂਰਤੀ ਦੀ ਅਵਸਥਾ ਵਿਚ ਵੀ ਲਗਾਨ ਮੰਗ ਅਤੇ ਪੂਰਤੀ ਦੀਆਂ ਸ਼ਕਤੀਆਂ ਦੁਆਰਾ ਨਿਰਧਾਰਣ ਹੁੰਦਾ ਹੈ।

ਸਾਰਣੀ 4.2

ਕਿਰਤੀਆਂ ਦੀ ਮੰਗ	ਵਾਸਤਵਿਕ ਆਮਦਨ (ਕੁਇੰਟਲ)	ਹਸਤਾਂਤਰਣ ਆਮਦਨ ਪ੍ਰਤੀ ਕਿਰਤੀ (ਰੁਪਏ)	ਲਗਾਨ (ਰੁਪਏ)
10	10	10	10 – 10 = 0
20	15	10	15 – 10 = 5
30	20	10	20 – 10 = 10

ਸਾਰਣੀ 4.2 ਤੋਂ ਪਤਾ ਲੱਗਦਾ ਹੈ ਕਿ ਜਦੋਂ ਕਿਰਤੀਆਂ ਦੀ ਮੰਗ 10 ਹੈ ਤਾਂ ਉਨ੍ਹਾਂ ਦੀ ਹਸਤਾਂਤਰਣ ਆਮਦਨ ਅਤੇ ਵਾਸਤਵਿਕ ਆਮਦਨ ਦੋਵੇਂ ਬਰਾਬਰ (10) ਹਨ। ਕੋਈ ਵੀ ਕਿਰਤੀ ਉਦੋਂ ਦੂਜੀ ਜਗ੍ਹਾਂ ਜਾਂਦਾ ਹੈ, ਜਦੋਂ ਉਸ ਨੂੰ ਪਹਿਲਾਂ ਤੋਂ ਜ਼ਿਆਦਾ ਆਮਦਨ ਪ੍ਰਾਪਤ ਹੁੰਦੀ ਹੋਵੇ। ਜੇਕਰ ਕਿਰਤੀਆਂ ਦੀ ਮੰਗ 20 ਹੋ ਜਾਵੇ ਪਰੰਤੂ ਪੂਰਤੀ ਵਿਚ ਵਾਧਾ ਨਾ ਹੋਵੇ ਤਾਂ ਮਜ਼ਦੂਰੀ ਦੀ ਦਰ ਵਧੇਗੀ, ਵਾਸਤਵਿਕ ਆਮਦਨ ਵੱਧ ਕੇ 15 ਰੁਪਏ ਹੋ ਜਾਵੇਗੀ, ਪਰ ਕਿਉਂਕਿ ਹਸਤਾਂਤਰਣ ਆਮਦਨ 10 ਰੁਪਏ ਪ੍ਰਤੀ ਕਿਰਤੀ ਹੈ ਤਾਂ ਲਗਾਨ 5 ਰੁਪਏ ਦਾ ਹੋਵੇਗਾ। ਇਸੇ ਤਰ੍ਹਾਂ ਜੇਕਰ ਕਿਰਤੀਆਂ ਦੀ ਮੰਗ ਵੱਧ ਕੇ 30 ਹੋ ਜਾਵੇ ਪਰੰਤੂ ਪੂਰਤੀ ਵਿਚ ਵਾਧਾ ਨਾ ਹੋਵੇ ਤਾਂ ਵਾਸਤਵਿਕ ਆਮਦਨ 20 ਰੁਪਏ ਹੋ ਜਾਵੇਗੀ ਜਦੋਂ ਕਿ ਹਸਤਾਂਤਰਣ ਆਮਦਨ 10 ਰੁਪਏ ਪ੍ਰਤੀ ਕਿਰਤੀ ਤਾਂ ਲਗਾਨ 20-10=10 ਰੁਪਏ ਹੋਵੇਗਾ।



ਚਿੱਤਰ ਨੰ: 4.5

ਚਿਤਰ ਨੰ. 4.5 ਵਿੱਚ OX ਤੇ ਕਿਰਤੀਆਂ ਦੀ ਗਿਣਤੀ ਤੇ OY ਤੇ ਮਜ਼ਦੂਰੀ/ਲਗਾਨ ਲਿਆ ਹੈ। DD ਅਤੇ SS ਦੋਵੇਂ E ਤੇ ਕੱਟਦੀਆਂ ਹਨ, ਇਹ ਸੰਤੁਲਨ ਬਿੰਦੂ ਹੋਵੇਗਾ। ਇਸ ਬਿੰਦੂ ਤੇ ON ਕਿਰਤੀਆਂ ਦੀ ਮੰਗ ਕੀਤੀ ਗਈ ਹੈ ਤੇ OW ਮਜ਼ਦੂਰੀ ਉਨ੍ਹਾਂ ਨੂੰ ਦਿੱਤੀ ਜਾਂਦੀ ਹੈ। ਕਿਰਤੀਆਂ ਦੀ ਨਿਊਨਤਮ ਪੂਰਤੀ ਕੀਮਤ OS ਹੈ। ਇਸ ਲਈ ਕਿਰਤੀਆਂ ਦੀ ਹਸਤਾਂਤਰਣ ਆਮਦਨ OSEN ਹੈ ਅਤੇ ਅਸਲ ਮਜ਼ਦੂਰੀ OWEN ਕਿਰਤੀਆਂ ਨੂੰ ਲਗਾਨ ਮਿਲੇਗਾ। OWEN – OSEN = SEW ਜਦੋਂ ਮੰਗ ਵਿਚ ਵਾਧਾ ਹੋਵੇਗਾ, ਉਦੋਂ ਲਗਾਨ OWEN – OSEN = SWE ਹੋ ਜਾਵੇਗਾ। ਇਸ ਕਰਕੇ ਜਿਵੇਂ-ਜਿਵੇਂ ਕਿਰਤੀਆਂ ਦੀ ਮੰਗ ਵਧਦੀ ਜਾਵੇਗੀ, ਉਨ੍ਹਾਂ ਦੀ ਵਾਸਤਵਿਕ ਅਤੇ ਹਸਤਾਂਤਰਣ ਆਮਦਨ ਵਿਚ ਅੰਤਰ ਵੀ ਵੱਧ ਜਾਵੇਗਾ, ਭਾਵ ਲਗਾਨ ਵੀ ਵੱਧਦਾ ਜਾਵੇਗਾ।

2.4.5.3 ਲਗਾਨ ਦੇ ਆਧੁਨਿਕ ਸਿਧਾਂਤ ਦੀਆਂ ਵਿਸ਼ੇਸ਼ਤਾਵਾਂ

(i) ਲਗਾਨ ਉਤਪਾਦਨ ਦੇ ਸਾਰੇ ਸਾਧਨਾਂ ਤੇ ਲਾਗੂ ਹੁੰਦਾ ਹੈ ਨਾ ਕਿ ਸਿਰਫ਼ ਭੂਮੀ ਤੇ।

(ii) ਲਗਾਨ ਉਤਪਾਦਨ ਦੇ ਸਾਰੇ ਸਾਧਨਾਂ ਨੂੰ ਪ੍ਰਾਪਤ ਆਮਦਨ ਦਾ ਇਕ ਭਾਗ ਹੋ ਸਕਦਾ ਹੈ ਪਰ ਭੂਮੀ ਦੀ ਸਾਰੀ ਆਮਦਨ ਲਗਾਨ ਹੁੰਦੀ ਹੈ ਕਿਉਂਕਿ ਪੂਰਤੀ ਬੇਲੋਚਦਾਰ ਹੈ।

(iii) ਲਗਾਨ, ਵਾਸਤਵਿਕ ਆਮਦਨ ਤੇ ਹਸਤਾਂਤਰਣ ਆਮਦਨ ਦਾ ਅੰਤਰ ਹੁੰਦਾ ਹੈ।

(iv) ਲਗਾਨ ਉਦੋਂ ਪੈਦਾ ਹੁੰਦਾ ਹੈ ਜਦੋਂ ਸਾਧਨਾਂ ਦੀ ਪੂਰਤੀ ਪੂਰਨ ਜਾਂ ਪੂਰਨ ਤੋਂ ਘੱਟ ਲੋਚਕਦਾਰ ਹੋਵੇ।

ਸਵੈ ਅਭਿਆਸ-3

1. ਲਗਾਨ ਦੇ ਆਧੁਨਿਕ ਸਿਧਾਂਤ ਦੀ ਵਿਆਖਿਆ ਕਰੋ।
2. ਲਗਾਨ ਕਿਉਂ ਪੈਦਾ ਹੁੰਦਾ ਹੈ?
3. ਲਗਾਨ ਦੇ ਆਧੁਨਿਕ ਸਿਧਾਂਤ ਵਿਚ ਲਗਾਨ ਦਾ ਨਿਰਧਾਰਨ ਕਿਵੇਂ ਕੀਤਾ ਜਾਂਦਾ ਹੈ ?
4. ਲਗਾਨ ਦੇ ਆਧੁਨਿਕ ਸਿਧਾਂਤ ਦੀਆਂ ਕੀ ਵਿਸ਼ੇਸ਼ਤਾਵਾਂ ਹਨ ?

2.4.6 ਰਿਕਾਰਡੋ ਦੇ ਲਗਾਨ ਸਿਧਾਂਤ ਅਤੇ ਆਧੁਨਿਕ ਲਗਾਨ ਸਿਧਾਂਤ ਵਿਚ ਅੰਤਰ

ਦੋਵੇਂ ਸਿਧਾਂਤਾਂ ਦੇ ਵਿਚ ਅੰਤਰ ਹੇਠ ਲਿਖੇ ਹਨ :

1. ਰਿਕਾਰਡੋ ਦੇ ਅਨੁਸਾਰ ਲਗਾਨ ਕੇਵਲ ਭੂਮੀ ਨੂੰ ਪ੍ਰਾਪਤ ਹੋਣ ਵਾਲੀ ਆਮਦਨ ਹੈ, ਜਦੋਂ ਕਿ ਆਧੁਨਿਕ ਲਗਾਨ ਸਿਧਾਂਤ ਅਨੁਸਾਰ ਹਰੇਕ ਸਾਧਨ ਤੇ ਲਗਾਨ ਮਿਲ ਸਕਦਾ ਹੈ।
2. ਰਿਕਾਰਡੋ ਦੇ ਅਨੁਸਾਰ ਭੂਮੀ ਦੀਆਂ ਮੌਲਿਕ ਤੇ ਅਵਿਨਾਸ਼ੀ ਸ਼ਕਤੀਆਂ ਕਾਰਨ ਲਗਾਨ ਪੈਦਾ ਹੁੰਦਾ ਹੈ। ਆਧੁਨਿਕ ਸਿਧਾਂਤ ਅਨੁਸਾਰ ਲਗਾਨ, ਵਾਸਤਵਿਕ ਅਤੇ ਹਸਤਾਂਤਰਣ ਆਮਦਨ ਦਾ ਅੰਤਰ ਹੈ।
3. ਰਿਕਾਰਡੋ ਅਨੁਸਾਰ ਲਗਾਨ, ਕੀਮਤ ਵਿਚ ਸ਼ਾਮਿਲ ਨਹੀਂ ਹੁੰਦਾ, ਪਰੰਤੂ ਆਧੁਨਿਕ ਲਗਾਨ ਸਿਧਾਂਤ ਦੇ ਅਨੁਸਾਰ ਲਗਾਨ ਤੇ ਕੀਮਤ ਦਾ ਸੰਬੰਧ ਇੰਨਾ ਸਰਲ ਨਹੀਂ ਹੁੰਦਾ।

ਸਵੈ ਅਭਿਆਸ-4

1. ਰਿਕਾਰਡੋ ਦੇ ਲਗਾਨ ਸਿਧਾਂਤ ਅਤੇ ਲਗਾਨ ਦੇ ਆਧੁਨਿਕ ਸਿਧਾਂਤ ਵਿਚ ਅੰਤਰ ਦੱਸੋ।

2.4.7 ਲਗਾਨ ਅਤੇ ਕੀਮਤ (Rent and Price)

ਰਿਕਾਰਡੋ ਅਨੁਸਾਰ ਭੂਮੀ ਦਾ ਲਗਾਨ ਉਤਪਾਦਨ ਲਾਗਤ ਨਾਲੋਂ ਵਧੀਕ ਰਕਮ ਹੁੰਦਾ ਹੈ ਅਤੇ ਇਸ ਲਈ ਭੂਮੀ ਦੀ ਉਪਜ ਦੀ ਕੀਮਤ ਵਿਚ ਸ਼ਾਮਿਲ ਨਹੀਂ ਹੁੰਦਾ। ਉਸ ਦੇ ਸਿਧਾਂਤ ਅਨੁਸਾਰ ਉਪਜ ਦੀ ਕੀਮਤ ਸੀਮਾਂਤ ਭੂਮੀ ਜਾਂ ਲਗਾਨ ਰਹਿਤ ਭੂਮੀ ਉੱਤੇ ਖੇਤੀ ਕੇਵਲ ਉਦੋਂ ਹੀ ਕੀਤੀ ਜਾਂਦੀ ਹੈ, ਜਦੋਂ ਉਪਜ ਦੀ ਕੀਮਤ ਘਟੀਆ ਕਿਸਮ ਦੀ ਭੂਮੀ ਦੀ ਉਤਪਾਦਨ ਲਾਗਤ ਦੇ ਬਰਾਬਰ ਹੁੰਦੀ ਹੈ। ਇਸ ਲਈ ਲਗਾਨ, ਉਪਜ ਦੀ ਕੀਮਤ ਵਿਚ ਸ਼ਾਮਲ ਨਹੀਂ ਹੁੰਦਾ। ਇਸ ਤੋਂ ਇਲਾਵਾ ਉਹ ਮੰਨਦਾ ਹੈ ਕਿ ਘਟੀਆ ਕਿਸਮ ਦੀ ਭੂਮੀ ਦੀ ਉਤਪਾਦਨ ਲਾਗਤ ਦੇ ਬਰਾਬਰ ਹੋਵੇ। ਇਸ ਲਈ ਲਗਾਨ ਕੀਮਤ ਵਿਚ ਵਾਧੇ ਦੇ ਫਲਸਰੂਪ ਉਤਪੰਨ ਹੁੰਦਾ ਹੈ। ਸੋ ਲਗਾਨ, ਕੀਮਤ ਨੂੰ ਨਿਰਧਾਰਿਤ ਨਹੀਂ ਕਰਦਾ ਸਗੋਂ ਕੀਮਤ, ਲਗਾਨ ਨਿਰਧਾਰਿਤ ਕਰਦੀ ਹੈ ਕਿਉਂਕਿ ਰਿਕਾਰਡੋ ਨੇ ਆਖਿਆ ਹੈ,

ਅਨਾਜ ਦੀ ਕੀਮਤ ਵਧੇਰੇ ਇਸ ਲਈ ਨਹੀਂ ਹੁੰਦੀ ਕਿ ਇਹ ਵੀ ਮੰਨਿਆ ਜਾਂਦਾ ਹੈ ਕਿ ਲਗਾਨ ਵੱਧ ਹੈ, ਸਗੋਂ ਲਗਾਨ ਉਦੋਂ ਵੱਧ ਹੁੰਦਾ ਹੈ, ਜਦੋਂ ਉਪਜ ਦੀ ਕੀਮਤ ਵਧੇਰੇ ਹੁੰਦੀ ਹੈ।

ਇਹ ਵੀ ਮੰਨਿਆ ਜਾਂਦਾ ਹੈ ਕਿ ਭੂਮੀ ਕੁਦਰਤ ਦੀ ਦੇਣ ਹੈ ਤੇ ਇਸ ਦੀ ਵਰਤੋਂ ਲਈ ਕੋਈ ਅਦਾਇਗੀ ਦੀ ਲੋੜ ਨਹੀਂ ਪਰੰਤੂ ਭੂਮੀ ਨੂੰ ਵਿਕਲਪੀ ਢੰਗਾਂ ਨਾਲ ਵੀ ਉਪਯੋਗ ਕੀਤਾ ਜਾਂਦਾ ਹੈ। ਮੰਨ ਲਵੋ ਭੂਮੀ ਦੇ ਟੁਕੜੇ ਨੂੰ ਖੇਤੀ ਵਿਚ ਵਰਤਣਾ ਸੀ ਅਤੇ ਉਸ ਦਾ ਕੁਝ ਭਾਗ ਖੇਤੀ ਵਾਸਤੇ ਵਰਤ ਲਿਆ ਗਿਆ ਤੇ ਬਾਕੀ ਕਿਸੇ ਹੋਰ ਕੰਮ ਵਾਸਤੇ। ਹੁਣ ਇਕ ਵਾਰੀ ਜ਼ਿਆਦਾ ਹਿੱਸਾ ਖੇਤੀ ਲਈ ਵਰਤਿਆ ਗਿਆ ਤਾਂ ਲੋਕਾਂ ਨੂੰ ਇਸ ਲਈ ਉਨੀ ਰਕਮ ਅਦਾ ਕਰਨੀ ਪਵੇਗੀ, ਜਿੰਨੀ ਇਸ ਦੀ ਕਿਸੇ ਹੋਰ ਮੁਨਾਫੇਦਾਰ ਉਪਯੋਗ ਵਿਚ ਮਿਲ ਸਕਦੀ ਸੀ ਇਸ ਨੂੰ ਤਬਾਦਲਾ ਲਾਗਤ ਆਖਿਆ ਜਾਂਦਾ ਹੈ। ਇਹ ਵਿਸ਼ੇਸ਼ ਫ਼ਸਲ ਪੈਦਾ ਕਰਨ ਦਾ ਹਿੱਸਾ ਹੁੰਦਾ ਹੈ ਅਤੇ ਕੀਮਤ ਵਿਚ ਵੀ ਸ਼ਾਮਲ ਹੁੰਦਾ ਹੈ।

2.4.8 ਆਭਾਸ (ਅਰਧ) ਲਗਾਨ

ਆਭਾਸ (ਅਰਧ) ਲਗਾਨ ਸ਼ਬਦ ਦਾ ਪ੍ਰਯੋਗ ਸਭ ਤੋਂ ਪਹਿਲਾਂ ਡਾ. ਮਾਰਸ਼ਲ ਨੇ ਕੀਤਾ ਸੀ। ਡਾ. ਮਾਰਸ਼ਲ ਦੇ ਅਨੁਸਾਰ, ''ਆਭਾਸ ਲਗਾਨ ਸ਼ਬਦ ਦਾ ਪ੍ਰਯੋਗ ਉਸ ਆਮਦਨ ਦੇ ਲਈ ਕੀਤਾ ਜਾਵੇਗਾ ਜੋ ਕਿ ਉਤਪਾਦਨ ਲਈ ਮਨੁੱਖ ਰਾਹੀਂ ਬਣਾਈਆਂ ਮਸ਼ੀਨਾਂ ਤੇ ਹੋਰ ਔਜ਼ਾਰਾਂ ਤੋਂ ਪ੍ਰਾਪਤ ਹੁੰਦੀ ਹੈ।'' ਡਾ. ਮਾਰਸ਼ਲ ਨੇ ਭੂਮੀ ਦੇ ਇਲਾਵਾ ਮਨੁੱਖ ਰਾਹੀਂ ਬਣਾਏ ਗਏ ਉਨ੍ਹਾਂ ਸਾਧਨਾਂ ਤੋਂ ਪ੍ਰਾਪਤ ਆਮਦਨ ਲਈ ਕੀਤਾ ਹੈ, ਜਿਨ੍ਹਾਂ ਦੀ ਪੂਰਤੀ ਅਲਪਕਾਲ ਵਿਚ ਸਥਿਰ ਰਹਿੰਦੀ ਹੈ। Quasi ਸ਼ਬਦ ਲਾਤੀਨੀ ਭਾਸ਼ਾ ਸ਼ਬਦ ਹੈ, ਜਿਸ ਦਾ ਅਰਥ 'as if' ਦਾ ਭਾਵ 'ਜਿਵੇਂ ਕਿ' Quasi Rent ਦਾ ਭਾਵ ਨਿਕਲਿਆ ਜਿਵੇਂ ਕਿ ਲਗਾਨ ਹੈ। ਅਲਪਕਾਲ ਵਿਚ ਸਾਧਨ ਸੀਮਤ ਹੁੰਦੇ ਹਨ ਤਾਂ ਲਗਾਨ ਪੈਦਾ ਹੁੰਦਾ ਹੈ, ਪਰੰਤੂ ਦੀਰਘਕਾਲ ਵਿਚ ਸਾਧਨਾਂ ਦੀ ਪੂਰਤੀ ਨੂੰ ਜਦੋਂ ਵਧਾ ਲਿਆ ਜਾਵੇਗਾ ਤਾਂ ਕੋਈ ਲਗਾਨ ਨਹੀਂ ਮਿਲਦਾ। ਆਭਾਸ ਲਗਾਨ ਦੀ ਧਾਰਨਾ ਨੂੰ ਉਤਪਾਦਨ ਦੇ ਉਸ ਕਿਸੇ ਵੀ ਸਾਧਨ ਦੇ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ, ਜਿਸ ਦੀ ਪੂਰਤੀ ਅਲਪਕਾਲ ਵਿਚ ਸਥਿਰ ਰਹਿੰਦੀ ਹੈ।

ਆਭਾਸ ਲਗਾਨ ਦਾ ਵਿਸਤ੍ਰਿਤ ਅਰਥਾਂ ਵਿਚ ਸੰਬੰਧ ਕਿਸੇ ਵਿਸ਼ੇਸ਼ ਸਾਧਨ ਨਾਲ ਨਹੀਂ, ਸਗੋਂ ਇਸ ਦਾ ਸੰਬੰਧ ਇਕ ਫ਼ਰਮ ਦੀ ਕੁੱਲ ਲਾਗਤ ਨਾਲ ਹੈ। ਅਲਪਕਾਲ ਵਿਚ ਕੁੱਲ ਲਾਗਤ ਦੋ ਪ੍ਰਕਾਰ ਦੀ ਹੁੰਦੀ ਹੈ। ਬੱਧੀ ਲਾਗਤ (Fixed Costs) ਅਤੇ ਬਦਲਦੀ ਲਾਗਤ (Variable Costs) ਇਕ ਫ਼ਰਮ ਉਦੋਂ ਤੱਕ ਉਤਪਾਦਨ ਕਰਦੀ ਹੈ, ਜਦੋਂ ਤੱਕ ਉਸ ਦੀਆਂ ਘਟਦੀਆਂ-ਵਧਦੀਆਂ ਲਾਗਤਾਂ (Variable Costs) ਮਿਲਦੀਆਂ ਰਹਿਣ ਭਾਵੇਂ ਬੱਧੀਆਂ ਲਾਗਤਾਂ ਦੀ ਹਾਨੀ ਹੋ ਰਹੀ ਹੋਵੇ। ਕੁੱਲ ਆਮਦਨ ਅਤੇ ਘਟਦੀਆਂ ਵਧਦੀਆਂ ਲਾਗਤਾਂ ਦੇ ਅੰਤਰ ਨੂੰ ਆਭਾਸ ਲਗਾਨ ਕਹਿੰਦੇ ਹਨ।

ਆਭਾਸ ਲਗਾਨ = ਕੁੱਲ ਆਮਦਨ – ਕੁੱਲ ਘਟਦੀਆਂ ਵਧਦੀਆਂ ਲਾਗਤਾਂ

Quasi Rent = Total Revenue – Total Variable Cost



ਚਿੱਤਰ ਨੰ: 4.6

ਮੰਨ ਲਓ ਇਕ ਫ਼ਰਮ 20 ਸਵੈਟਰ ਬਣਾਉਂਦੀ ਹੈ, ਜਿਸ ਦੀ ਕੀਮਤ 2000 ਰੁਪਏ ਹੈ, ਜੇਕਰ ਸਵੈਟਰ ਬਣਾਉਣ ਲਈ ਲੋੜੀਂਦਾ ਸਾਮਾਨ ਹੀ 2000 ਰੁਪਏ ਦਾ ਹੋਵੇ ਤਾਂ ਕੋਈ ਵੀ ਆਭਾਸ ਲਗਾਨ ਨਹੀਂ ਮਿਲੇਗਾ ਪਰ ਜੇਕਰ ਸਰਦੀਆਂ ਵਿਚ ਸਵੈਟਰਾਂ ਦੀ ਮੰਗ ਵੱਧਣ ਕਾਰਨ ਕੀਮਤ 2400 ਰੁਪਏ ਹੋ ਜਾਂਦੀ ਹੈ ਪਰ ਘਟਦੀ ਵਧਦੀ ਲਾਗਤ 2000 ਰੁਪਏ ਹੀ ਰਹਿੰਦੀ ਹੈ ਤਾਂ ਫ਼ਰਮ ਨੂੰ 2400 – 2000 ਰੁਪਏ = 400 ਰੁਪਏ ਦਾ ਵਾਫਰ ਹੋਵੇਗਾ। ਇਹ ਆਭਾਸ ਲਗਾਨ ਅਖਵਾਏਗਾ।

ਚਿੱਤਰ ਨੰ: 4.6 ਵਿਚ OX ਅਕਸ ਤੇ ਉਤਪਾਦਨ ਅਤੇ OY ਅਕਸ ਤੇ ਕੀਮਤ ਅਤੇ ਲਾਗਤ ਪ੍ਰਗਟ ਕੀਤੀ ਗਈ ਹੈ। ABC ਔਸਤ ਘਟਦੀ-ਵਧਦੀ ਲਾਗਤ ਵਕਰ ਹੈ। ਜਦੋਂ ਕੀਮਤ OP ਹੈ ਤਾਂ ਉਤਪਾਦਨ OQ ਹੈ ਕਿਉਂਕਿ ਵਸਤੂ ਦੀ ਕੀਮਤ ਔਸਤ ਘਟਦੀ-ਵਧਦੀ ਲਾਗਤ ਦੇ ਬਰਾਬਰ ਹੈ। ਫ਼ਰਮ ਨੂੰ ਕੋਈ ਆਭਾਸ ਲਗਾਨ ਨਹੀਂ ਮਿਲ ਰਿਹਾ ਹੈ। ਜੇਕਰ ਕੀਮਤ ਵੱਧ ਕੇ OP_1 ਤਾਂ ਉਤਪਾਦਨ OQ_1 ਹੋਵੇਗਾ। OQ_1 ਮਾਤਰਾ ਦੀ ਕੀਮਤ (AQ_1) ਉਸ ਦੀ ਘਟਦੀ ਵਧਦੀ ਲਾਗਤ (BQ_1) ਤੋਂ AB ਦੇ ਬਰਾਬਰ ਵੱਧ ਹੈ। ਫ਼ਰਮ ਨੂੰ ਪ੍ਰਤੀ ਇਕਾਈ AB ਆਭਾਸ ਲਗਾਨ ਪ੍ਰਾਪਤ ਹੋਵੇਗਾ। ਕੁੱਲ ਆਭਾਸ ਲਗਾਨ $ABTP_1$ ਹੋਵੇਗਾ। ਜੇਕਰ ਕੀਮਤ ਵੱਧ ਕੇ $OP_2\,(OQ_2)$ ਹੋ ਜਾਂਦੀ ਹੈ ਤਾਂ ਆਭਾਸ ਲਗਾਨ DCP_1P_2 ਹੋ ਜਾਵੇਗਾ।

ਸਵੈ ਅਭਿਆਸ-5

1. ਆਭਾਸ ਲਗਾਨ ਕੀ ਹੈ ?
2. ਲਗਾਨ ਅਤੇ ਆਭਾਸ ਲਗਾਨ ਵਿਚ ਕੀ ਅੰਤਰ ਹੈ?

2.4.8.1 ਲਗਾਨ ਅਤੇ ਆਭਾਸ ਲਗਾਨ ਵਿੱਚ ਸਮਾਨਤਾ

1. ਲਗਾਨ ਅਤੇ ਆਭਾਸ ਲਗਾਨ ਦੋਵੇਂ ਹੀ ਵਾਫਰ ਹਨ।
2. ਭੂਮੀ ਤੇ ਉਤਪਾਦਨ ਦੀ ਮੰਗ ਘੱਟਣ ਤੇ ਵੱਧਣ ਨਾਲ ਲਗਾਨ ਘਟਦਾ ਤੇ ਵੱਧਦਾ ਰਹਿੰਦਾ ਹੈ। ਇਸੇ ਤਰ੍ਹਾਂ ਉਤਪਾਦਨ ਦੇ ਸਾਧਨਾਂ ਅਤੇ ਮਸ਼ੀਨਾਂ ਦੀ ਮੰਗ ਘਟਣ ਜਾਂ ਵੱਧਣ ਨਾਲ ਆਭਾਸ ਲਗਾਨ ਵਿਚ ਬਦਲਾਉ ਆਉਂਦਾ ਹੈ।
3. ਭੂਮੀ ਦੀ ਪੂਰਤੀ ਸਥਿਰ ਹੋਣ ਕਾਰਨ ਲਗਾਨ ਵਧਣ ਤੇ ਉਸ ਨੂੰ ਵਧਾਇਆ ਨਹੀਂ ਜਾ ਸਕਦਾ। ਇਸੇ ਤਰ੍ਹਾਂ ਆਭਾਸ ਲਗਾਨ ਦੇ ਵਧਣ ਜਾਂ ਘਟਣ ਨਾਲ ਮਸ਼ੀਨਾਂ ਅਤੇ ਦੂਜੀ ਪੂੰਜੀਗਤ ਵਸਤੂਆਂ ਦੀ ਪੂਰਤੀ ਨੂੰ ਅਲਪਕਾਲ ਵਿਚ ਵਧਾਇਆ ਘਟਾਇਆ ਨਹੀਂ ਜਾ ਸਕਦਾ।

2.4.8.2 ਲਗਾਨ ਅਤੇ ਆਭਾਸ ਲਗਾਨ ਵਿੱਚ ਅੰਤਰ

1. ਲਗਾਨ, ਕੁਦਰਤੀ ਸਾਧਨ ਜਿਵੇਂ ਕਿ ਭੂਮੀ ਦੇ ਪ੍ਰਯੋਗ ਤੇ ਮਿਲਦਾ ਹੈ ਪਰੰਤੂ ਆਭਾਸ ਲਗਾਨ ਮਨੁੱਖਾਂ ਅਤੇ ਉਨ੍ਹਾਂ ਰਾਹੀਂ ਨਿਰਮਿਤ ਸਾਧਨਾਂ ਦੇ ਉਪਯੋਗ ਵਾਸਤੇ ਮਿਲਦਾ ਹੈ।
2. ਲਗਾਨ, ਦੀਰਘਕਾਲ ਵਿਚ ਮਿਲਦਾ ਹੈ ਜਦੋਂ ਕਿ ਆਭਾਸ ਲਗਾਨ ਅਲਪਕਾਲ ਵਿੱਚ ਮਿਲਦਾ ਹੈ।
3. ਲਗਾਨ ਸਥਾਈ ਹੁੰਦਾ ਹੈ, ਆਭਾਸ ਲਗਾਨ ਅਸਥਾਈ ਹੈ।
4. ਲਗਾਨ ਕੁੱਲ ਆਮਦਨ ਅਤੇ ਕੁੱਲ ਲਾਗਤ ਦਾ ਅੰਤਰ ਹੈ, ਜਦੋਂ ਕਿ ਆਭਾਸ ਲਗਾਨ ਕੁੱਲ ਆਮਦਨ ਅਤੇ ਕੁੱਲ ਘਟਦੀਆਂ ਵਧਦੀਆਂ ਲਾਗਤਾਂ ਦਾ ਅੰਤਰ ਹੈ।

ਸਵੈ ਅਭਿਆਸ-6

1. ਆਭਾਸ ਲਗਾਨ ਅਤੇ ਲਗਾਨ ਵਿਚ ਕੀ ਅੰਤਰ ਹਨ ?
2. ਆਭਾਸ ਲਗਾਨ ਅਤੇ ਲਗਾਨ ਵਿਚ ਕੀ ਸਮਾਨਤਾਵਾਂ ਪਾਈਆਂ ਜਾਂਦੀਆਂ ਹਨ ?

2.4.9 ਸਾਰਾਂਸ਼

ਲਗਾਨ, ਅਰਥ ਵਿਗਿਆਨ ਦੀ ਭਾਸ਼ਾ ਵਿਚ ਅਲੱਗ-ਅਲੱਗ ਤਰ੍ਹਾਂ ਨਾਲ ਪਰਿਭਾਸ਼ਿਤ ਹੋਇਆ ਹੈ। ਪਰੰਪਰਾਵਾਦੀ ਅਰਥ-ਸ਼ਾਸਤਰੀ ਕੇਵਲ ਭੂਮੀ ਦੇ ਪ੍ਰਯੋਗ ਕਰਨ ਤੇ ਜਿਹੜੀ ਅਦਾਇਗੀ ਕੀਤੀ ਜਾਂਦੀ ਹੈ, ਉਸ ਨੂੰ ਲਗਾਨ ਕਹਿੰਦੇ ਹਨ ਪਰੰਤੂ ਆਧੁਨਿਕ ਅਰਥ-ਸ਼ਾਸਤਰੀਆਂ ਦਾ ਮੰਨਣਾ ਹੈ ਕਿ ਸਾਰੇ ਸਾਧਨਾਂ ਦੇ ਪ੍ਰਯੋਗ ਲਈ ਲਗਾਨ ਪੈਦਾ ਹੁੰਦਾ

ਹੈ। ਇਸੇ ਤਰ੍ਹਾਂ ਡਾ. ਮਾਰਸ਼ਲ ਨੇ ਆਭਾਸ ਲਗਾਨ ਦੀ ਧਾਰਨਾ ਦਿੱਤੀ ਕਿ ਲਗਾਨ ਸਿਰਫ਼ ਕੁਦਰਤੀ ਸੋਮਿਆਂ ਦੇ ਪ੍ਰਯੋਗ ਦੀ ਅਦਾਇਗੀ ਨਹੀਂ ਸਗੋਂ ਮਨੁੱਖ ਦੁਆਰਾ ਬਣਾਈਆਂ ਮਸ਼ੀਨਾਂ ਅਤੇ ਹੋਰ ਪੂੰਜੀਗਤ ਸੋਮਿਆਂ ਦੇ ਉਪਯੋਗ ਵਾਸਤੇ ਅਦਾਇਗੀ ਹੁੰਦਾ ਹੈ।

2.4.10 ਤਕਨੀਕੀ ਸ਼ਬਦ

1. ਸੀਮਾਂਤ ਭੂਮੀ – ਭੂਮੀ ਦਾ ਉਹ ਹਿੱਸਾ ਜਿਸ ਦੀ ਉਪਜਾਊ ਸ਼ਕਤੀ ਘੱਟ ਹੋਣ ਕਾਰਨ ਲਗਾਨ ਪੈਦਾ ਹੀ ਨਹੀਂ ਹੁੰਦਾ।
2. ਲਗਾਨ ਰਹਿਤ ਭੂਮੀ – ਜਿਸ ਭੂਮੀ ਤੇ ਕੋਈ ਲਗਾਨ ਨਹੀਂ ਮਿਲਦਾ।
3. ਹਸਤਾਂਤਰਣ ਆਮਦਨ – ਜੋ ਸਾਧਨ ਦੀ ਇਕਾਈ ਸਰਵਸ੍ਰੇਸ਼ਠ ਵਿਕਲਪ ਪ੍ਰਯੋਗ ਵਿਚ ਪ੍ਰਾਪਤ ਕਰ ਸਕਦੀ ਹੈ।
4. ਤਬਾਦਲਾ ਲਾਗਤ – ਉਹ ਲਾਗਤ ਜੋ ਇਕ ਸਾਧਨ ਨੂੰ ਦੂਜੇ ਉਤਪਾਦਨ ਵਿਚ ਪ੍ਰਯੋਗ ਕਰਨ ਤੇ ਆਉਂਦੀ ਹੈ।
5. ਆਭਾਸ ਲਗਾਨ – ਉਹ ਆਮਦਨ ਜੋ ਮਸ਼ੀਨਾਂ ਦੇ ਪ੍ਰਯੋਗ ਤੋਂ ਪ੍ਰਾਪਤ ਹੁੰਦੀ ਹੈ।
6. ਭੇਦਾਤਮਕ ਲਗਾਨ – ਜਦੋਂ ਉਪਜਾਊ ਸ਼ਕਤੀ ਵਿਚ ਭੇਦ ਪਾਏ ਜਾਣ ਨਾਲ ਲਗਾਨ ਪੈਦਾ ਹੁੰਦਾ ਹੈ।
7. ਦੁਰਲਭਤਾ ਲਗਾਨ – ਜਦੋਂ ਭੂਮੀ ਦੀ ਪੂਰਤੀ, ਮੰਗ ਤੋਂ ਘੱਟ ਹੋਵੇ, ਇਹ ਲਗਾਨ ਉਦੋਂ ਪੈਦਾ ਹੁੰਦਾ ਹੈ।
8. ਅਵਿਨਾਸੀ ਸ਼ਕਤੀਆਂ – ਜਿਨ੍ਹਾਂ ਸ਼ਕਤੀਆਂ ਦਾ ਵਿਨਾਸ਼ (ਖਾਤਮਾ) ਨਾ ਹੋ ਸਕੇ।
9. ਆਰਥਿਕ ਲਗਾਨ – ਜਿਹੜਾ ਲਗਾਨ ਭੂਮੀ ਦੇ ਪ੍ਰਯੋਗ ਲਈ ਦਿੱਤਾ ਜਾਂਦਾ ਹੈ।
10. ਅਵਸਰ ਲਾਗਤ – ਉਤਪਾਦਨ ਦੇ ਸਾਧਨ ਦੀ ਉਹ ਆਮਦਨ ਜੋ ਉਸ ਦੇ ਦੂਜੇ ਸਭ ਤੋਂ ਚੰਗੇ ਵਿਕਲਪਕ ਵਿਚ ਪ੍ਰਾਪਤ ਹੁੰਦੀ ਹੈ।

2.4.11 ਸੁਝਾਏ ਪ੍ਰਸ਼ਨ

1. ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਲਗਾਨ ਕੀ ਹੁੰਦਾ ਹੈ ?
2. ਅਰਥ ਲਗਾਨ ਦੀ ਪਰਿਭਾਸ਼ਾ ਦਿਓ ?
3. ਤਬਾਦਲਾ ਲਾਗਤ ਕੀ ਹੁੰਦੀ ਹੈ ?
4. ਵਾਸਤਵਿਕ ਅਤੇ ਹਸਤਾਂਤਰਣ ਆਮਦਨ ਵਿਚ ਕੀ ਅੰਤਰ ਹੈ ?
5. ਲਗਾਨ ਅਤੇ ਕੀਮਤ ਵਿਚਕਾਰ ਕੀ ਸੰਬੰਧ ਹੁੰਦਾ ਹੈ ?
6. ਲਗਾਨ ਅਤੇ ਭੇਦਾਤਮਕ ਲਗਾਨ ਦੀ ਪਰਿਭਾਸ਼ਾ ਦਿਉ।

2. ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. ਰਿਕਾਰਡੋ ਦੇ ਲਗਾਨ ਸਿਧਾਂਤ ਦੀ ਵਿਆਖਿਆ ਕਰੋ।
2. ਲਗਾਨ ਦੇ ਆਧੁਨਿਕ ਸਿਧਾਂਤ ਵਿਚ ਲਗਾਨ ਕਿਵੇਂ ਨਿਰਧਾਰਿਤ ਹੁੰਦਾ ਹੈ ?
3. ਆਭਾਸ ਲਗਾਨ ਕੀ ਹੈ ਅਤੇ ਇਹ ਲਗਾਨ ਨਾਲੋਂ ਕਿਵੇਂ ਵੱਖਰਾ ਹੈ ?

2.4.12 ਸਹਾਇਕ ਪੁਸਤਕਾਂ

1.	Stonier A.W. and Hague D. C.	:	A Text Book of Economic Theory
2.	Ahuja, H. L.	:	Principles of Microeconomics
3.	Sharma B. K. & Gulshan Kumar	:	Price Theory and Distribution (Punjabi Medium)
4.	P. N. Chopra	:	Micro Economic Theory and Welfare Economics

---

ਇਹ ਪਾਠ D.E.C. ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।

ਪਾਠ ਨੰ: 2.5 ਲੇਖਿਕਾ : ਡਾ. ਮਨੀਸ਼ਾ

ਵਿਆਜ ਦੇ ਸਿਧਾਂਤ

2.5.1 ਉਦੇਸ਼
2.5.2 ਭੂਮਿਕਾ
2.5.3 ਵਿਆਜ ਦੀਆਂ ਪਰਿਭਾਸ਼ਾਵਾਂ ਅਤੇ ਕਿਸਮਾਂ
2.5.4 ਵਿਆਜ ਦੀ ਦਰ ਨਿਰਧਾਰਣ ਦੇ ਸਿਧਾਂਤ
2.5.4.1 ਉਤਪਾਦਕਤਾ ਸਿਧਾਂਤ
2.5.4.2 ਉਪਭੋਗ ਤਿਆਗ ਅਤੇ ਉਡੀਕ ਦਾ ਸਿਧਾਂਤ
2.5.4.3 ਏਜੀਓ ਸਿਧਾਂਤ
2.5.4.4 ਸਮਾਂ ਤਰਜੀਹ ਸਿਧਾਂਤ
2.5.4.5 ਪਰੰਪਰਾਵਾਦੀ ਸਿਧਾਂਤ ਅਤੇ ਰਿਣਯੋਗ ਕੋਸ਼ ਸਿਧਾਂਤ
2.5.5 ਪਰੰਪਰਾਵਾਦੀ ਅਤੇ ਰਿਣਯੋਗ ਕੋਸ਼ ਸਿਧਾਂਤ ਵਿਚ ਅੰਤਰ
2.5.6 ਸਾਰਾਂਸ਼
2.5.7 ਤਕਨੀਕੀ ਸ਼ਬਦ
2.5.8 ਸੁਝਾਏ ਪ੍ਰਸ਼ਨ
2.5.9 ਸਹਾਇਕ ਪੁਸਤਕਾਂ

2.5.1 ਉਦੇਸ਼

ਇਸ ਪਾਠ ਵਿਚ ਅਸੀਂ ਜਾਣਕਾਰੀ ਹਾਸਲ ਕਰਾਂਗੇ ਕਿ :

- ਵਿਆਜ ਕੀ ਹੈ ?
- ਵਿਆਜ ਕਿੰਨੀ ਤਰ੍ਹਾਂ ਦਾ ਹੁੰਦਾ ਹੈ ?
- ਵਿਆਜ ਨਿਰਧਾਰਨ ਦੇ ਕਿਹੜੇ-ਕਿਹੜੇ ਸਿਧਾਂਤ ਹਨ ?

2.5.2 ਭੂਮਿਕਾ

ਹੁਣ ਤੱਕ ਅਸੀਂ ਪਹਿਲੇ ਪਾਠਾਂ ਵਿਚ ਦੇਖਿਆ ਹੈ ਕਿ ਉਤਪਾਦਨ ਦੇ ਸਾਰੇ ਸਾਧਨਾਂ ਦੇ ਉਪਯੋਗ ਬਦਲੇ ਉਨ੍ਹਾਂ ਨੂੰ ਕੁਝ ਨਾ ਕੁਝ ਇਵਜ਼ਾਨਾ ਦਿੱਤਾ ਜਾਂਦਾ ਹੈ। ਇਸ ਪਾਠ ਵਿਚ ਅਸੀਂ ਪੂੰਜੀ ਦੀ ਸੇਵਾਵਾਂ ਦੇ ਲਈ ਦਿੱਤੇ ਜਾਣ ਵਾਲੇ ਭੁਗਤਾਨ ਬਾਰੇ ਜਾਣਕਾਰੀ ਹਾਸਲ ਕਰਾਂਗੇ। ਜਿਵੇਂ ਕਿ ਅਸੀਂ ਸਾਰੇ ਜਾਣਦੇ ਹੀ ਹਾਂ ਕਿ ਕਿਰਤ ਅਤੇ ਭੂਮੀ ਨੂੰ ਉਤਪਾਦਨ ਦੇ ਮੂਲ ਸਾਧਨ ਕਿਹਾ ਜਾਂਦਾ ਹੈ, ਪ੍ਰੰਤੂ ਪੂੰਜੀ ਨੂੰ ਮਾਧਮਿਕ ਉਤਪਾਦਨ ਸਾਧਨ ਕਿਹਾ ਜਾਂਦਾ ਹੈ, ਕਿਉਂਕਿ ਇਸ ਦਾ ਨਿਰਮਾਣ ਅਰਥ ਪ੍ਰਣਾਲੀ ਵਿਚ ਹੁੰਦਾ ਹੈ, ਇਸ ਕਾਰਨ ਇਸ ਨੂੰ ਉਤਪਾਦਿਤ ਸਾਧਨ ਵੀ ਕਿਹਾ ਜਾਂਦਾ ਹੈ। ਪੂੰਜੀ ਦਾ ਅਰਥ ਹੁੰਦਾ ਹੈ ਮਨੁੱਖ ਦੇ ਧਨ ਦਾ ਉਹ ਹਿੱਸਾ ਜਿਹੜਾ ਕਿ ਅੱਗੋਂ ਹੋਰ ਧਨ ਜਾਂ ਆਮਦਨ ਕਮਾਉਣ ਲਈ ਪ੍ਰਯੋਗ ਕੀਤਾ ਜਾਂਦਾ ਹੈ। ਪੂੰਜੀ ਦਾ ਮਤਲਬ ਹੁੰਦਾ ਹੈ ਪੂੰਜੀਗਤ ਵਸਤਾਂ ਜਿਵੇਂ ਕਿ ਮਸ਼ੀਨਰੀ, ਸੰਦ, ਔਜ਼ਾਰ ਅਤੇ ਕੱਚੇ ਮਾਲ ਦਾ ਸਟਾਕ ਆਦਿ। ਪੂੰਜੀ ਮਨੁੱਖ ਦੁਆਰਾ ਕੁਦਰਤ ਦੀ ਸਹਾਇਤਾ ਨਾਲ ਬਣਾਈ ਜਾਂਦੀ ਹੈ। ਸਾਰਾ ਧਨ ਪੂੰਜੀ ਨਹੀਂ ਹੁੰਦਾ ਪਰ ਸਾਰੀ ਪੂੰਜੀ ਧਨ ਹੁੰਦੀ ਹੈ। ਧਨ ਦਾ ਹਿੱਸਾ ਜਿਹੜਾ ਕਿ ਉਤਪਾਦਨ ਲਈ ਉਪਯੋਗ ਕੀਤਾ ਜਾਂਦਾ ਹੈ ਉਸ ਨੂੰ ਪੂੰਜੀ ਕਿਹਾ ਜਾਂਦਾ ਹੈ। ਸਾਰੇ ਉਤਪਾਦਨ ਸਾਧਨਾਂ ਨੂੰ ਜਦੋਂ ਅਸੀਂ ਉਤਪਾਦਨ ਦੇ ਲਈ ਪ੍ਰਯੋਗ ਕਰਦੇ ਹਾਂ ਤਾਂ ਕੁਝ ਨਾ ਕੁਝ ਅਦਾਇਗੀ ਕਰਨੀ ਪੈਂਦੀ ਹੈ, ਇਸੇ ਤਰ੍ਹਾਂ ਜਦੋਂ ਇਕ ਉੱਦਮੀ ਪੂੰਜੀ ਦੀ ਸੇਵਾਵਾਂ ਦਾ ਪ੍ਰਯੋਗ ਕਰਦਾ ਹੈ ਉਸ ਨੂੰ ਉਸ ਦੇ ਬਦਲੇ ਉਸ ਦਾ ਸੇਵਾਫਲ ਵੀ ਦੇਣਾ ਪੈਂਦਾ ਹੈ। ਪੂੰਜੀ ਦੇ ਉਪਯੋਗ ਬਦਲੇ ਜਿਹੜਾ ਸੇਵਾਫਲ ਦਿੱਤਾ ਜਾਂਦਾ ਹੈ, ਉਸ ਨੂੰ 'ਵਿਆਜ' ਕਹਿੰਦੇ ਹਨ। ਇਸ ਨੂੰ ਹਮੇਸ਼ਾਂ ਮੂਲ ਦੇ ਪ੍ਰਤੀਸ਼ਤ ਦੇ ਰੂਪ ਵਿਚ ਪ੍ਰਗਟ ਕੀਤਾ ਜਾਂਦਾ ਹੈ। ਪੂੰਜੀ ਦੇ ਹਰ ਰੂਪ ਦੇ ਉਪਯੋਗ ਲਈ ਵਿਆਜ ਨਹੀਂ ਦਿੱਤਾ ਜਾਂਦਾ, ਸਗੋਂ

ਮੁਦਰਾ ਰੂਪ ਪੂੰਜੀ ਦੇ ਇਕ ਨਿਸ਼ਚਿਤ ਸਮੇਂ ਦੇ ਲਈ ਦਿੱਤੇ ਜਾਣ ਵਾਲੇ ਭੁਗਤਾਨ ਨੂੰ ਵਿਆਜ ਆਖਿਆ ਜਾਂਦਾ ਹੈ। ਜਦੋਂ ਸਾਨੂੰ ਕਿਸੇ ਕੰਮ ਲਈ ਪੂੰਜੀ ਦੀ ਲੋੜ ਹੁੰਦੀ ਹੈ ਤਾਂ ਅਸੀਂ ਉਧਾਰ ਲੈ ਲੈਂਦੇ ਹਾਂ, ਜੋ ਉਧਾਰ ਦਿੰਦਾ ਹੈ ਉਸ ਨੂੰ ਰਿਣਦਾਤਾ ਆਖਿਆ ਜਾਂਦਾ ਹੈ ਅਤੇ ਮੁਦਰਾ ਉਧਾਰ ਲੈਣ ਵਾਲੇ ਨੂੰ ਰਿਣੀ ਆਖਿਆ ਜਾਂਦਾ ਹੈ। ਜਦੋਂ ਤੱਕ ਰਿਣਦਾਤਾ ਨੂੰ ਆਪਣੀ ਰਕਮ ਵਾਪਿਸ ਨਹੀਂ ਮਿਲਦੀ, ਉਦੋਂ ਤੱਕ ਉਹ ਉਸ ਰਕਮ ਦਾ ਇਸਤੇਮਾਲ ਨਹੀਂ ਕਰ ਸਕਦਾ ਭਾਵ ਉਸਨੇ ਤਰਲਤਾ ਦਾ ਤਿਆਗ ਕੀਤਾ ਹੁੰਦਾ ਹੈ, ਉਸ ਤਿਆਗ ਦੇ ਬਦਲੇ ਵਿਚ ਜੋ ਆਮਦਨ ਪ੍ਰਾਪਤ ਹੋਵੇਗੀ ਉਹ ਵਿਆਜ ਅਖਵਾਉਂਦੀ ਹੈ।

2.5.3 ਵਿਆਜ ਦੀਆਂ ਪਰਿਭਾਸ਼ਾਵਾਂ ਅਤੇ ਕਿਸਮਾਂ

1. **ਪਰਿਭਾਸ਼ਾਵਾਂ** (Definitions)

ਮਾਰਸ਼ਲ ਦੇ ਅਨੁਸਾਰ, ''ਵਿਆਜ ਕਿਸੇ ਵੀ ਮੰਡੀ ਵਿਚ ਪੂੰਜੀ ਦੇ ਉਪਯੋਗ ਲਈ ਅਦਾ ਕੀਤੀ ਕੀਮਤ ਹੈ।'' (Interest is the price paid for the use of capital in any market. – Marshal) ਸੈਲਿਗਮੈਨ ਦੇ ਅਨੁਸਾਰ, ''ਵਿਆਜ ਦੀ ਪੂੰਜੀ ਦੇ ਫੰਡ ਵਿਚੋਂ ਦਿੱਤਾ ਗਿਆ ਰਿਟਰਨ ਹੈ।'' (Interest is the return from the fund of captial. – Seligmen) ਪ੍ਰੋ: ਐਨਾਤੋਲ ਮੁਰਾਦ ਦੇ ਅਨੁਸਾਰ, ''ਰਿਣਯੋਗ ਫੰਡ ਦੇ ਉਪਭੋਗ ਦੇ ਲਈ ਦਿੱਤੀ ਜਾਣ ਵਾਲੀ ਕੀਮਤ ਜਾਂ ਰਿਣਯੋਗ ਫੰਡ ਨੂੰ ਉਧਾਰ ਦੇਣ ਨਾਲ ਪ੍ਰਾਪਤ ਆਮਦਨ ਵਿਆਜ ਅਖਵਾਉਂਦੀ ਹੈ।'' (Interest is the price paid for the use of loanable funds. Interest may also be defined as the income derived from lending funds. – Anatol Murad)

2. **ਵਿਆਜ ਦੀਆਂ ਕਿਸਮਾਂ**

ਵਿਆਜ ਦੀਆਂ ਦੋ ਧਾਰਨਾਵਾਂ ਹਨ :

1. **ਕੁੱਲ ਵਿਆਜ** : ਪ੍ਰੋ: ਚੈਪਮੈਨ ਦੇ ਅਨੁਸਾਰ, ''ਕੁੱਲ ਵਿਆਜ ਪੂੰਜੀ ਦੇ ਰਿਣ ਦੇ ਲਈ ਜੋਖਮ ਦੀ ਹਾਨੀ ਨੂੰ ਪੂਰਾ ਕਰਨ ਦੇ ਲਈ ਜੋ ਕਿ ਵਿਅਕਤੀਗਤ ਅਤੇ ਵਿਵਸਾਇਕ ਹੋਵੇ, ਇਸ ਵਿਚ ਨਿਵੇਸ਼ ਦੀ ਅਸੁਵਿਧਾ, ਦੇਖ-ਰੇਖ ਅਤੇ ਪੂੰਜੀ ਦੀ ਦੁਬਾਰਾ ਪ੍ਰਾਪਤੀ ਲਈ ਨਿਹਿਤ ਚਿੰਤਾ ਨੂੰ ਸ਼ਾਮਿਲ ਕੀਤਾ ਜਾਂਦਾ ਹੈ।'' (Gross interest includes payments for the loan of capital, payment to cover risks of loss, which may be (a) personal risks or (b) business risks. It includes payment for the inconvenience of the investment and payment for the work and worry involved in watching investment. – Chapman)

   ਕੁੱਲ ਵਿਆਜ ਕੁਝ ਤੱਤਾਂ ਦਾ ਪੁਰਸਕਾਰ ਹੈ (ਇਵਜ਼ਾਨਾ) ਜਿਵੇਂ ਕਿ ਮੁਦਰਾ ਦੀਆਂ ਸੇਵਾਵਾਂ ਦੇ ਉਪਯੋਗ ਵਾਸਤੇ ਦਿੱਤਾ ਪੁਰਸਕਾਰ। ਰਿਣਦਾਤਾ ਨੇ ਰੁਪਇਆ ਦਿੱਤਾ ਹੁੰਦਾ ਹੈ, ਉਸ ਨੂੰ ਇਹ ਨਹੀਂ ਪਤਾ ਹੁੰਦਾ ਕਿ ਪੈਸਾ ਵਾਪਿਸ ਮਿਲਣਾ ਹੈ ਜਾਂ ਨਹੀਂ, ਇਹ ਜੋਖਮ ਉਹ ਉਠਾਉਂਦਾ ਹੈ, ਇਸ ਜੋਖਮ ਨੂੰ ਦਿੱਤਾ ਪੁਰਸਕਾਰ। ਰਿਣਦਾਤਾ ਨੂੰ ਰਿਣ ਦੇ ਲਈ ਕਈ ਵਾਰ ਰੁਪਇਆਂ ਦਾ ਪ੍ਰਬੰਧ ਕਰਨਾ ਪੈਂਦਾ ਹੈ, ਉਸ ਪ੍ਰਬੰਧ ਲਈ ਪੁਰਸਕਾਰ ਅਤੇ ਰਿਣਦਾਤਾ ਨੂੰ ਜਿਹੜੀਆਂ ਅਸੁਵਿਧਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਵੇਂ ਕੋਈ ਪੈਸਾ ਵਾਪਿਸ ਨਾ ਕਰੇ ਤਾਂ ਮੁਕੱਦਮਾ ਚਲਾਉਣ ਦੀ ਅਸੁਵਿਧਾ ਆਦਿ। ਉਸ ਬਦਲੇ ਜਿਹੜਾ ਪੁਰਸਕਾਰ ਉਸ ਨੂੰ ਮਿਲਦਾ ਹੈ ਉਹ ਕੁੱਲ ਵਿਆਜ ਅਖਵਾਉਂਦਾ ਹੈ।

2. **ਸ਼ੁੱਧ ਵਿਆਜ (Net Interest)** : ਸ਼ੁੱਧ ਵਿਆਜ ਉਹ ਧੰਨ ਰਾਸ਼ੀ ਹੈ, ਜੋ ਕਿ ਸਿਰਫ਼ ਮੁਦਰਾ ਦੇ ਪ੍ਰਯੋਗ ਦੇ ਬਦਲੇ ਵਿਚ ਚੁਕਾਈ ਜਾਂਦੀ ਹੈ। ਚੈਪਮੈਨ ਦੇ ਸ਼ਬਦਾਂ ਵਿਚ, ''ਸ਼ੁੱਧ ਵਿਆਜ ਪੂੰਜੀ ਦੇ ਪ੍ਰਯੋਗ ਦੇ ਲਈ ਕੀਤਾ ਭੁਗਤਾਨ ਹੈ, ਜਦੋਂ ਕਿ ਕੋਈ ਜੋਖਮ ਨਾ ਹੋਵੇ (ਬੱਚਤਾਂ ਕਰਨ ਵੇਲੇ ਆਉਣ ਵਾਲੀ ਅਸੁਵਿਧਾ ਨੂੰ ਛੱਡ ਕੇ) ਅਤੇ ਉਧਾਰ ਦੇਣ ਦੇ ਲਈ ਕੋਈ ਕੰਮ ਨਾ ਹੋਵੇ।'' (Net interest is a payment for the use of captial, whom no risk, no inconvenience apart from that involved in saving and no work is entailed on lender. – Chapman)

2.5.4 ਵਿਆਜ ਨਿਰਧਾਰਨ

ਵੱਖ-ਵੱਖ ਅਰਥ ਵਿਗਿਆਨੀਆਂ ਨੇ ਇਹ ਵਿਆਖਿਆ ਕਰਨ ਦਾ ਯਤਨ ਕੀਤਾ ਹੈ ਕਿ ਵਿਆਜ ਦੀ ਦਰ ਕਿਵੇਂ ਨਿਰਧਾਰਿਤ ਕੀਤੀ ਜਾਂਦੀ ਹੈ। ਹੇਠਾਂ ਅਸੀਂ ਵੱਖ-ਵੱਖ ਸਿਧਾਂਤਾਂ ਬਾਰੇ ਜਾਣਕਾਰੀ ਹਾਸਲ ਕਰਾਂਗੇ।

ਵਿਆਜ ਦੇ ਅਸਲ ਸਿਧਾਂਤ (Real Theories of Interest)

2.5.4.1 ਉਤਪਾਦਕਤਾ ਸਿਧਾਂਤ (Productivity Theory)

ਇਸ ਸਿਧਾਂਤ ਵਿਚ ਵਿਆਜ, ਪੂੰਜੀ ਦੀ ਉਤਪਾਦਕਤਾ ਕਾਰਨ ਅਦਾ ਕੀਤਾ ਜਾਂਦਾ ਹੈ, ਕਿਉਂਕਿ ਜੇਕਰ ਅਸੀਂ ਦੇਖੀਏ ਕਿ ਇਕ ਪਾਸੇ ਬਿਨਾਂ ਪੂੰਜੀ ਦੇ ਕੰਮ ਕਰ ਰਹੀ ਕਿਰਤ ਹੈ ਅਤੇ ਦੂਜੇ ਪਾਸੇ ਪੂੰਜੀ ਵੀ ਕਿਰਤ ਦੇ ਨਾਲ ਉਤਪਾਦਨ ਵਿਚ ਲਗਾਈ ਗਈ ਹੈ ਤਾਂ ਉਤਪਾਦਨ ਕਿਰਤ ਅਤੇ ਪੂੰਜੀ ਵਾਲੇ ਕੇਸ ਵਿਚ ਜ਼ਿਆਦਾ ਹੋਵੇਗਾ। ਜਿਉਂ-ਜਿਉਂ ਪੂੰਜੀ ਦੀਆਂ ਵਧੇਰੇ ਇਕਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ, ਉਪਜ ਵਧਦੀ ਹੈ ਪਰ ਇਸ ਦੇ ਵਾਧੇ ਦੀ ਦਰ ਘਟਦੀ ਹੈ। ਇਸ ਲਈ ਜਦੋਂ ਵਾਧੂ ਇਕਾਈ ਦੀ ਸੀਮਾਂਤ ਉਤਪਾਦਕਤਾ (Marginal Product) ਉਸ ਦੀ ਕੀਮਤ (ਵਿਆਜ) ਦੇ ਬਰਾਬਰ ਹੋ ਜਾਵੇ ਤਾਂ ਉੱਦਮੀ ਹੋਰ ਪੂੰਜੀ ਲਗਾਉਣੀ ਬੰਦ ਕਰ ਦਿੰਦਾ ਹੈ। ਇਸ ਸਿਧਾਂਤ ਵਿਚ ਵਿਆਜ ਦੀ ਦਰ ਪੂੰਜੀ ਦੀ ਸੀਮਾਂਤ ਉਤਪਾਦਕਤਾ ਦੇ ਬਰਾਬਰ ਹੁੰਦੀ ਹੈ।

ਇਸ ਸਿਧਾਂਤ ਦੀ ਆਲੋਚਨਾ ਵੀ ਹੋਈ ਹੈ ਕਿਉਂਕਿ ਇਹ ਸਿਧਾਂਤ ਸਿਰਫ਼ ਪੂੰਜੀ ਦੀ ਮੰਗ ਨੂੰ ਦੇਖਦਾ ਹੈ, ਪੂਰਤੀ ਬਾਰੇ ਕੁਝ ਨਹੀਂ ਦੱਸਦਾ। ਪੂੰਜੀ ਆਪਣੇ ਆਪ ਵਿਚ ਉਤਪਾਦਕਤਾ ਨਹੀਂ ਹੈ। ਇਸ ਦੀ ਉਤਪਾਦਕਤਾ ਵਰਤੋਂ ਤੇ ਨਿਰਭਰ ਕਰਦੀ ਹੈ। ਕਈ ਵਾਰ ਆਪਾਂ ਰਿਣ ਲੈ ਲੈਂਦੇ ਹਾਂ ਜਿਹੜਾ ਕਿ ਉਤਪਾਦਕ ਨਹੀਂ ਹੁੰਦਾ ਪਰ ਉਸ ਲਈ ਵੀ ਵਿਆਜ ਦੇਣਾ ਪੈਂਦਾ ਹੈ।

2.5.4.2 ਉਪਭੋਗ ਤਿਆਗ ਅਤੇ ਉਡੀਕ ਦਾ ਸਿਧਾਂਤ (Abstinence or Waiting Theory)

ਇਹ ਸਿਧਾਂਤ ਸੀਨੀਅਰ ਅਤੇ ਜੇ. ਐਸ. ਮਿਲ ਦੁਆਰਾ ਦਿੱਤਾ ਗਿਆ ਹੈ। ਇਸ ਸਿਧਾਂਤ ਅਨੁਸਾਰ ਵਿਆਜ ਉਪਭੋਗ ਤਿਆਗ ਅਰਥਾਤ ਜਦੋਂ ਕੋਈ ਵਿਅਕਤੀ ਆਪਣਾ ਧਨ ਕਿਸੇ ਦੂਜੇ ਨੂੰ ਰਿਣ ਦੇ ਰੂਪ ਵਿਚ ਦਿੰਦਾ ਹੈ ਤਾਂ ਉਹ ਆਪ ਉਸ ਦਾ ਵਰਤਮਾਨ ਸਮੇਂ ਵਿਚ ਉਪਭੋਗ ਨਹੀਂ ਕਰ ਸਕਦਾ, ਇਸ ਤਿਆਗ ਦੇ ਇਵਜ਼ਾਨੇ ਦਾ ਦੂਜਾ ਨਾਂ ਵਿਆਜ ਹੈ। ਜਦੋਂ ਕੋਈ ਵਿਅਕਤੀ ਬੱਚਤ ਕਰਨਾ ਚਾਹੁੰਦਾ ਹੈ ਤਾਂ ਵੀ ਉਸ ਨੂੰ ਵਰਤਮਾਨ ਸਮੇਂ ਵਿਚ ਆਪਣੇ ਉਪਭੋਗ ਖਰਚ ਨੂੰ ਘਟਾਉਣਾ ਪੈਂਦਾ ਹੈ। ਇਸ ਤਰ੍ਹਾਂ ਕਰਨ ਨਾਲ ਕੁਝ ਤਿਆਗ ਕਰਨਾ ਪੈਂਦਾ ਹੈ ਅਤੇ ਇਸ ਲਈ ਕੁਝ ਪ੍ਰੇਰਨਾ ਦਿੱਤੇ ਜਾਣ ਦੀ ਲੋੜ ਹੈ। ਬੱਚਤ ਦਾ ਪੂੰਜੀ ਦੀ ਪੂਰਤੀ ਨਾਲ ਸੰਬੰਧ ਹੈ, ਇਸ ਲਈ ਇਹ ਸਿਧਾਂਤ ਵਿਆਜ ਦੀ ਦਰ ਦੇ ਨਿਰਧਾਰਨ ਦੇ ਲਈ ਪੂਰਤੀ ਵਾਲੇ ਪੱਖ ਨੂੰ ਵਿਚਾਰਗੋਚਰ ਕਰਦਾ ਹੈ। ਪਹਿਲੇ ਸਿਧਾਂਤ ਵਿਚ ਪੂਰਤੀ ਵਾਲੇ ਪੱਖ ਨੂੰ ਵਿਚਾਰਗੋਚਰ ਨਹੀਂ ਕੀਤਾ ਗਿਆ ਸੀ, ਇਸ ਸਿਧਾਂਤ ਵਿਚ ਪੂਰਤੀ ਤੇ ਜ਼ੋਰ ਦਿੱਤਾ ਗਿਆ ਹੈ, ਪਰ ਫਿਰ ਵੀ ਇਸ ਸਿਧਾਂਤ ਦੀ ਆਲੋਚਨਾ ਹੋਈ ਹੈ। ਮਾਰਕਸ ਨੇ ਕਿਹਾ ਹੈ ਕਿ ਬੱਚਤ ਆਮ ਤੌਰ ਤੇ ਅਮੀਰ ਤਬਕੇ ਵੱਲੋਂ ਕੀਤੀ ਜਾਂਦੀ ਹੈ, ਉਨ੍ਹਾਂ ਕੋਲ ਇੰਨਾ ਪੈਸਾ ਹੁੰਦਾ ਹੈ ਕਿ ਬੱਚਤ ਕਰਨ ਲਈ ਉਨ੍ਹਾਂ ਨੂੰ ਉਪਭੋਗ ਦਾ ਤਿਆਗ ਨਹੀਂ ਕਰਨਾ ਪੈਂਦਾ। ਉਸਨੇ ਉਪਭੋਗ ਤਿਆਗਾਂ ਦੀ ਕਰੜੀ ਆਲੋਚਨਾ ਕੀਤੀ ਹੈ।

ਮਾਰਸ਼ਲ ਨੇ ਤਿਆਗ ਸ਼ਬਦ ਦੀ ਥਾਂ 'ਉਡੀਕ' ਸ਼ਬਦ ਅਪਨਾਇਆ ਕਿ ਜੇਕਰ ਤਿਆਗ ਸ਼ਬਦ ਨਹੀਂ ਕਿਹਾ ਜਾ ਸਕਦਾ, ਉਡੀਕ ਰਹਿ ਸਕਦੇ ਹਾਂ ਕਿਉਂਕਿ ਵਰਤਮਾਨ ਸਮੇਂ ਦੇ ਉਪਯੋਗ ਨੂੰ ਅੱਗੇ ਜ਼ਰੂਰ ਪਾਉਣਾ ਪੈਂਦਾ ਹੈ। ਬੱਚਤ ਕਰਨ ਵਾਲੇ ਨੂੰ ਰਿਣ ਦੀ ਵਾਪਸੀ ਤੱਕ ਇਸ ਦੀ ਉਡੀਕ ਕਰਨੀ ਪੈਂਦੀ ਹੈ, ਪਰ ਆਲੋਚਕਾਂ ਦਾ ਮੰਨਣਾ ਹੈ ਕਿ ਜਦੋਂ ਅਮੀਰਾਂ ਨੂੰ ਬੱਚਤ ਪਿਛੇ ਕੋਈ ਤਿਆਗ ਨਹੀਂ ਕਰਨਾ ਪੈਂਦਾ, ਉਸੇ ਤਰ੍ਹਾਂ ਉਨ੍ਹਾਂ ਨੂੰ ਵਰਤਮਾਨ ਸਮੇਂ ਦੇ ਉਪਭੋਗ ਨੂੰ ਅੱਗੇ ਨਹੀਂ ਪਾਉਣਾ ਪੈਂਦਾ।

2.5.4.3 ਏਜੀਉ ਸਿਧਾਂਤ (Agio Theory)

ਇਹ ਸਿਧਾਂਤ ਬਾਹਮ ਬਾਵਰਕ ਨੇ ਦਿੱਤਾ ਅਤੇ ਇਸ ਵਿਚ ਉਹ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਭਵਿੱਖ ਦੀਆਂ ਲੋੜਾਂ, ਵਰਤਮਾਨ ਦੀਆਂ ਲੋੜਾਂ ਨਾਲੋਂ ਘੱਟ ਤਰਜ਼ੀਹ ਦੇਹ ਹੁੰਦੀਆਂ ਹਨ। ਹਰ ਵਿਅਕਤੀ ਵਰਤਮਾਨ ਵਿਚ ਵਸਤਾਂ ਲੈਣੀਆਂ ਜ਼ਿਆਦਾ ਪਸੰਦ ਕਰੇਗਾ, ਕਿਉਂਕਿ ਵਰਤਮਾਨ ਲੋੜਾਂ ਵਧੇਰੇ ਮਹੱਤਵਪੂਰਨ ਹੁੰਦੀਆਂ ਹਨ। ਕੁਝ ਇਹ ਵੀ ਗੱਲ ਹੈ ਕਿ ਅਨਿਸ਼ਚਿਤਤਾ ਕਾਰਨ ਵਿਅਕਤੀ ਭਵਿੱਖ ਦਾ ਘੱਟ ਮੁੱਲ ਪਾਉਂਦਾ ਹੈ, ਭਾਵ ਭਵਿੱਖੀ ਲੋੜਾਂ ਦੀ ਤੀਬਰਤਾ ਨਹੀਂ ਸਮਝਦੇ। ਬਾਹਮ ਨੇ ਇਹ ਵੀ ਮੰਨਿਆ ਹੈ ਕਿ ਭਵਿੱਖ ਲਈ ਕੀਤੀ ਕਟੌਤੀ ਅਤੇ ਵਿਆਜ,

ਭਵਿੱਖ ਵਿਚ ਮਿਲਣ ਵਾਲੀ ਸੰਤੁਸ਼ਟੀ ਨੂੰ ਵਰਤਮਾਨ ਦੇ ਬਰਾਬਰ ਕਰਨ ਲਈ ਅਦਾ ਕੀਤਾ ਜਾਂਦਾ ਹੈ। ਫਿਸ਼ਰ (Fisher) ਨੇ ਇਸ ਗੱਲ ਦਾ ਖੰਡਨ ਕੀਤਾ ਹੈ ਕਿ ਇਹ ਦਲੀਲ ਸੀਮਾਂਤ ਉਤਪਾਦਕਤਾ ਸਿਧਾਂਤ ਨਾਲ ਮਿਲਦੀ ਹੈ, ਉਹ ਸਿਧਾਂਤ ਜਿਸ ਦਾ ਬਾਹਮ ਬੈਵਰਕ ਨੇ ਖੁਦ ਖੰਡਨ ਕੀਤਾ ਹੈ।

ਸਵੈ ਅਭਿਆਸ-1

1. ਵਿਆਜ ਕੀ ਹੁੰਦਾ ਹੈ ?
2. ਵਿਆਜ ਦੀਆਂ ਕਿੰਨੀਆਂ ਕਿਸਮਾਂ ਹਨ ?

2.5.4.4 ਵਿਆਜ ਦਾ ਕਲਾਸੀਕਲ ਸਿਧਾਂਤ (Classical Theory of Rate of Interest)

ਕਲਾਸੀਕਲ ਅਰਥ-ਸ਼ਾਸਤਰੀਆਂ ਦੇ ਅਨੁਸਾਰ, ਵਿਆਜ ਪੂੰਜੀ ਦੀਆਂ ਸੇਵਾਵਾਂ ਦੇ ਉਪਯੋਗ ਬਦਲੇ ਕੀਤੀ ਜਾਣ ਵਾਲੀ ਕੀਮਤ ਹੈ। ਜਿਵੇਂ ਵਸਤਾਂ ਦੀ ਕੀਮਤ ਨਿਰਧਾਰਨ ਉਨ੍ਹਾਂ ਦੀ ਮੰਗ ਅਤੇ ਪੂਰਤੀ ਤੋਂ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਵਿਆਜ ਪੂੰਜੀ ਦੀ ਮੰਗ ਅਤੇ ਪੂਰਤੀ ਦੀ ਸ਼ਕਤੀਆਂ ਦੁਆਰਾ ਨਿਰਧਾਰਿਤ ਕੀਤਾ ਜਾਂਦਾ ਹੈ, ਜਿਥੇ ਮੰਗ ਅਤੇ ਪੂਰਤੀ ਆਪਸ ਵਿਚ ਸੰਤੁਲਨ ਤੇ ਹੋਣ ਉਥੇ ਵਿਆਜ ਦੀ ਦਰ ਨਿਰਧਾਰਿਤ ਹੋ ਜਾਵੇਗੀ।

ਪੂੰਜੀ ਦੀ ਮੰਗ (Demand for Capital)

ਇਸ ਸਿਧਾਂਤ ਦੇ ਅਨੁਸਾਰ ਪੂੰਜੀ ਦੀ ਮੰਗ ਪੂੰਜੀਗਤ ਪਦਾਰਥਾਂ ਜਿਵੇਂ ਮਸ਼ੀਨ ਆਦਿ ਨੂੰ ਪ੍ਰਾਪਤ ਕਰਨ ਅਰਥਾਤ ਨਿਵੇਸ਼ ਕਰਨ ਦੇ ਲਈ ਕੀਤੀ ਜਾਂਦੀ ਹੈ। ਇਨ੍ਹਾਂ ਪੂੰਜੀਗਤ ਪਦਾਰਥਾਂ ਦੇ ਉਪਭੋਗ ਦੇ ਫਲਸਰੂਪ ਉਤਪਾਦਕਤਾ ਵਿਚ ਵਾਧਾ ਹੁੰਦਾ ਹੈ। ਪੂੰਜੀ ਦੀ ਮੰਗ ਉਤਪਾਦਕਤਾ ਪ੍ਰਾਪਤ ਕਰਨ ਦੇ ਲਈ ਕੀਤੀ ਜਾਂਦੀ ਹੈ। ਇਕ ਉੱਦਮੀ ਹੋਰ ਸਾਧਨ ਸਥਿਰ ਰੱਖ ਕੇ ਪੂੰਜੀ ਦੀ ਸੀਮਾਂਤ ਉਤਪਾਦਕਤਾ ਦਾ ਅਨੁਮਾਨ ਲਗਾ ਸਕਦਾ ਹੈ। ਪੂੰਜੀ ਦੀ ਸੀਮਾਂਤ ਉਤਪਾਦਕਤਾ ਤੇ ਘਟਦੇ ਪ੍ਰਤੀਫ਼ਲ ਦਾ ਨਿਯਮ ਲਾਗੂ ਹੁੰਦਾ ਹੈ। ਭਾਵ ਜਦੋਂ ਨਿਵੇਸ਼ ਵੱਧ ਕੀਤਾ ਜਾਂਦਾ ਹੈ ਤਾਂ ਪੂੰਜੀ ਦੀ ਸੀਮਾਂਤ ਉਤਪਾਦਕਤਾ ਘਟਦੀ ਹੈ। ਇਕ ਪੂਰਨ ਪ੍ਰਤੀਯੋਗਤਾ ਦੀ ਅਵਸਥਾ ਵਿਚ ਇਕ ਉੱਦਮੀ ਪੂੰਜੀ ਦੀ ਮੰਗ ਉਸ ਸੀਮਾ ਤੱਕ ਕਰੇਗਾ, ਜਿੱਥੇ ਪੂੰਜੀ ਦੀ ਕੀਮਤ ਅਰਥਾਤ ਵਿਆਜ ਅਤੇ ਸੀਮਾਂਤ ਉਤਪਾਦਕਤਾ ਬਰਾਬਰ ਹੋ ਜਾਵੇ । ਪੂੰਜੀ ਦੀ ਮੰਗ, ਸੀਮਾਂਤ ਉਤਪਾਦਕਤਾ ਤੇ ਨਿਰਭਰ ਕਰਦੀ ਹੈ ਜੇਕਰ ਸੀਮਾਂਤ ਉਤਪਾਦਕਤਾ ਵਿਆਜ ਦੀ ਦਰ ਤੋਂ ਵੱਧ ਹੋਵੇ ਤਾਂ ਪੂੰਜੀ ਦੀ ਮੰਗ ਵੱਧ ਜਾਵੇਗੀ। ਇਸ ਦੇ ਉਲਟ ਜੇਕਰ ਸੀਮਾਂਤ ਉਤਪਾਦਕਤਾ ਵਿਆਜ ਦੀ ਦਰ ਤੋਂ ਘੱਟ ਹੋਵੇ ਤਾਂ ਪੂੰਜੀ ਦੀ ਮੰਗ ਘੱਟ ਜਾਵੇਗੀ। ਇਸ ਤਰ੍ਹਾਂ ਪੂੰਜੀ ਦੀ ਮੰਗ ਜਾਂ ਨਿਵੇਸ਼ ਵਿਆਜ ਦੀ ਦਰ ਦਾ ਉਲਟ ਫਲਨ ਹੈ। ਵਿਆਜ ਦੀ ਦਰ ਵੱਧ ਹੋਵੇਗੀ ਤਾਂ ਨਿਵੇਸ਼ ਘੱਟ ਹੁੰਦਾ ਹੈ, ਵਿਆਜ ਦੀ ਦਰ ਘੱਟ ਹੋਣ ਤੇ ਨਿਵੇਸ਼ ਜ਼ਿਆਦਾ ਹੁੰਦਾ ਹੈ।

$I = f(r)$

I = ਨਿਵੇਸ਼ r = ਵਿਆਜ ਦੀ ਦਰ

ਪੂੰਜੀ ਦੀ ਮੰਗ ਵਕਰ ਉਪਰ ਤੋਂ ਹੇਠਾਂ (ਖੱਬੇ ਤੋਂ ਸੱਜੇ) ਵੱਲ ਜਾਵੇਗੀ।

ਪੂੰਜੀ ਦੀ ਪੂਰਤੀ (Supply of Capital)

ਪੂੰਜੀ ਦੀ ਪੂਰਤੀ ਬੱਚਤ ਤੇ ਨਿਰਭਰ ਕਰਦੀ ਹੈ। ਬੱਚਤ ਉਦੋਂ ਜ਼ਿਆਦਾ ਹੋਵੇਗੀ ਜਦੋਂ ਲੋਕ ਆਮਦਨ ਦਾ ਉਪਭੋਗ ਉਪਰ ਘੱਟ ਖਰਚ ਕਰਨਗੇ ਭਾਵ $s = y - c$

s = ਬੱਚਤ y = ਆਮਦਨ c = ਉਪਭੋਗ ਖਰਚ

ਇਸ ਸਿਧਾਂਤ ਅਨੁਸਾਰ ਬੱਚਤ ਦੀ ਪੂਰਤੀ ਉੱਤੇ ਸਾਧਾਰਨ, ਉਡੀਕ ਸਮਾਂ ਆਦਿ ਵਾਸਤਵਿਕ ਤੱਤਾਂ ਦਾ ਪ੍ਰਭਾਵ ਪੈਂਦਾ ਹੈ। ਵਾਸਤਵਿਕ ਤੱਤ ਵਿਆਜ ਦੀ ਦਰ ਤੇ ਨਿਰਭਰ ਕਰਦੇ ਹਨ। ਬੱਚਤ ਵਿਆਜ ਦਾ ਫਲਨ ਹੈ।

$s = f(r)$

s = ਬੱਚਤ f = ਫਲਨ r = ਵਿਆਜ ਦੀ ਦਰ

ਜਿਸ ਤਰ੍ਹਾਂ ਵਿਆਜ ਦੀ ਦਰ ਵਧੇਗੀ, ਉਸੇ ਤਰ੍ਹਾਂ ਬੱਚਤ ਵੀ ਵਧੇਗੀ, ਇਸ ਦੇ ਉਲਟ ਜੇ ਵਿਆਜ ਦੀ

ਦਰ ਘਟਦੀ ਹੈ ਤਾਂ ਬੱਚਤ ਵੀ ਘਟਦੀ ਹੈ। ਇਸ ਲਈ ਪੂਰਤੀ ਵਕਰ ਹੇਠਾਂ ਤੋਂ ਉਪਰ ਉਠੀ ਹੁੰਦੀ ਹੈ।

ਵਿਆਜ ਦਰ ਦਾ ਨਿਰਧਾਰਨ

ਜਦੋਂ ਪੂੰਜੀ ਦੀ ਮੰਗ ਅਤੇ ਪੂਰਤੀ ਸੰਤੁਲਨ ਵਿਚ (ਬਰਾਬਰ ਹੋਣ) ਹੋਣ ਉਹ ਸੰਤੁਲਨ ਬਿੰਦੂ ਵਿਆਜ ਦੀ ਦਰ ਨਿਰਧਾਰਿਤ ਕਰੇਗਾ।

ਸਾਰਣੀ-1

ਵਿਆਜ ਦਰ ਦਾ ਨਿਰਧਾਰਨ

ਵਿਆਜ ਦੀ ਦਰ %	ਪੂੰਜੀ ਦੀ ਮੰਗ (Rs.)	ਪੂੰਜੀ ਦੀ ਪੂਰਤੀ (Rs.)
1	50	10
2	40	20
3	30	30
4	20	40
5	10	50

ਸਾਰਣੀ ਤੋਂ ਪਤਾ ਲੱਗਦਾ ਹੈ ਕਿ ਜਦੋਂ ਵਿਆਜ ਦੀ ਦਰ 3% ਹੈ, ਉਸ ਸਮੇਂ ਪੂੰਜੀ ਦੀ ਮੰਗ ਅਤੇ ਪੂਰਤੀ ਬਰਾਬਰ ਹੈ, ਇਸ ਲਈ ਵਿਆਜ ਦੀ ਦਰ ਉਥੇ ਹੀ ਨਿਰਧਾਰਿਤ ਹੋਵੇਗੀ। ਜੇਕਰ ਇਹ ਵੱਧ ਕੇ 4% ਹੋ ਜਾਵੇਗੀ ਤਾਂ ਮੰਗ 20 ਲੱਖ ਰੁਪਏ ਰਹਿ ਜਾਵੇਗੀ ਅਤੇ ਜੇਕਰ ਘੱਟ ਕੇ 20% ਹੁੰਦੀ ਹੈ ਤਾਂ ਪੂਰਤੀ ਘੱਟ ਜਾਵੇਗੀ।



ਚਿੱਤਰ ਨੰ: 5.1 ਵਿਚ OX ਅਕਸ ਤੇ ਪੂੰਜੀ ਦੀ ਮੰਗ ਅਤੇ ਪੂਰਤੀ ਅਤੇ OY ਅਕਸ ਤੇ ਵਿਆਜ ਦੀ ਦਰ ਮਾਪੀ ਹੈ। DD ਰੇਖਾ ਪੂੰਜੀ ਦੀ ਮੰਗ ਅਤੇ SS ਪੂੰਜੀ ਦੀ ਪੂਰਤੀ ਨੂੰ ਪ੍ਰਗਟ ਕਰਦੀਆਂ ਹਨ। DD ਅਤੇ SS ਬਿੰਦੂ E ਤੇ ਕੱਟ ਰਹੀਆਂ ਹਨ ਅਤੇ ਇਹ ਬਿੰਦੂ ਵਿਆਜ ਦੀ ਦਰ 3% ਨਿਰਧਾਰਿਤ ਕਰਦਾ ਹੈ।

ਆਲੋਚਨਾਵਾਂ :

1. ਕੇਨਜ ਦਾ ਮੰਨਣਾ ਹੈ ਕਿ ਬੱਚਤ ਅਤੇ ਨਿਵੇਸ਼ ਵਿਚ ਸੰਤੁਲਨ ਵਿਆਜ ਦਰ ਕਰਕੇ ਨਹੀਂ ਸਗੋਂ ਆਮਦਨ ਵਿਚ ਹੋਣ ਵਾਲੇ ਪਰਿਵਰਤਨ ਕਾਰਨ ਸਥਾਪਿਤ ਹੁੰਦਾ ਹੈ।
2. ਕੇਨਜ ਦਾ ਇਹ ਵੀ ਮੰਨਣਾ ਹੈ ਕਿ ਬੱਚਤ ਅਤੇ ਨਿਵੇਸ਼ ਦੋਹਾਂ ਤੇ ਵਿਆਜ ਦੀ ਦਰ ਦਾ ਪ੍ਰਭਾਵ ਨਹੀਂ ਪੈਂਦਾ, ਅਸਲ ਵਿਚ ਬੱਚਤ ਉੱਤੇ ਆਮਦਨ ਦਾ ਅਤੇ ਨਿਵੇਸ਼ ਉੱਤੇ ਪੂੰਜੀ ਦੀ ਸੀਮਾਂਤ ਉਤਪਾਦਕਤਾ ਦਾ ਪ੍ਰਭਾਵ ਪੈਂਦਾ ਹੈ।
3. ਵਿਆਜ ਦੀ ਦਰ ਕੇਵਲ ਵਾਸਤਵਿਕ ਤੱਤਾਂ ਤੇ ਹੀ ਨਹੀਂ ਸਗੋਂ ਮੌਲਿਕ ਤੱਤਾਂ ਤੇ ਵੀ ਨਿਰਭਰ

ਕਰਦੀ ਹੈ।

4. ਪੂਰਨ ਰੋਜ਼ਗਾਰ ਦੀ ਮਾਨਤਾ ਅਵਾਸਤਵਿਕ ਹੈ।
5. ਲੋਕ ਸਾਰੀ ਬੱਚਤ ਬੈਂਕਾਂ ਵਿਚ ਨਹੀਂ ਜਮਾਂ ਕਰਵਾਉਂਦੇ, ਸਗੋਂ ਉਹ ਆਪ ਵੀ ਰੋਜ਼ ਮਰਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਪੈਸਾ ਰੱਖ ਲੈਂਦੇ ਹਨ ਤਾਂ ਬੱਚਤ ਨਿਵੇਸ਼ ਦੇ ਬਰਾਬਰ ਨਹੀਂ ਹੋਵੇਗੀ।
6. ਇਹ ਮਨੌਤ ਕਿ ਮੁਦਰਾ ਤੱਟਸੱਥ (Neutral) ਹੈ, ਦੀ ਵੀ ਆਲੋਚਨਾ ਕੀਤੀ ਗਈ ਹੈ, ਕਿਉਂਕਿ ਜਦੋਂ ਮੁਦਰਾ ਦੀ ਮੰਗ ਅਤੇ ਪੂਰਤੀ ਘਟਦੀ ਵਧਦੀ ਹੈ ਤਾਂ ਵਿਆਜ ਦਰ ਵੀ ਪ੍ਰਭਾਵਿਤ ਹੁੰਦੀ ਹੈ।

ਸਵੈ ਅਭਿਆਸ-2

1. ਪਰੰਪਰਾਵਾਦੀ ਸਿਧਾਂਤ ਦੀ ਆਲੋਚਨਾਤਮਿਕ ਵਿਆਖਿਆ ਕਰੋ।

2.5.4.5 ਰਿਣਯੋਗ ਫੰਡ ਸਿਧਾਂਤ ਜਾਂ ਨਵ ਪਰੰਪਰਾਵਾਦੀ ਸਿਧਾਂਤ

(Loanable Funds Theory or Neo-Classical Theory)

ਇਸ ਸਿਧਾਂਤ ਦਾ ਪ੍ਰਤੀਪਾਦਨ ਕਈ ਅਰਥ ਸ਼ਾਸਤਰੀਆਂ, ਵਿਕਸੇਲ (Wicksell), ਉਹਲਿਨ (Ohlin), ਮਿਰਡਲ (Myrdal), ਰੋਬਰਟਸਨ (Robertson) ਅਤੇ ਵਾਇਨਰ (Viner) ਨੇ ਕੀਤਾ ਸੀ। ਇਨ੍ਹਾਂ ਦੇ ਅਨੁਸਾਰ ਵਿਆਜ ਰਿਣਯੋਗ ਫੰਡ ਦੀ ਮੰਗ ਅਤੇ ਪੂਰਤੀ ਦੇ ਮੁਤਾਬਿਕ ਨਿਰਧਾਰਿਤ ਕੀਤਾ ਸੀ। ਪ੍ਰੋ: ਪੀਟਰਸਨ ਦੇ ਸ਼ਬਦਾਂ ਵਿਚ, ''ਰਿਣਯੋਗ ਫੰਡ ਸਿਧਾਂਤ ਦੇ ਅਨੁਸਾਰ ਵਿਆਜ ਉਹ ਕੀਮਤ ਹੈ, ਜੋ ਰਿਣਯੋਗ ਫੰਡ ਦੀ ਮੰਗ ਅਤੇ ਪੂਰਤੀ ਨੂੰ ਸੰਤੁਲਿਤ ਕਰਦੀ ਹੈ।'' (According to Loanable Fund Theory, interest is the price which equates the demand for and the supply of loanable funds. – Peterson) ਇਸ ਸਿਧਾਂਤ ਵਿਚ ਵਿਆਜ ਦੀ ਦਰ ਨਿਰਧਾਰਨ ਕਰਨ ਲਈ ਮੌਦਰਿਕ ਤੱਤਾਂ ਜਿਵੇਂ ਮੁਦਰਾ ਦਾ ਸੰਗ੍ਰਹਿ ਅਤੇ ਅਸੰਗ੍ਰਹਿ (Hoarding and Dishoarding of Money), ਨਿਵੇਸ਼ (Investment), ਬੈਂਕ ਸ਼ਾਖ (Bank Credit) ਦੇ ਨਾਲ-ਨਾਲ ਵਾਸਤਵਿਕ ਤੱਤਾਂ ਜਿਵੇਂ ਉਡੀਕ, ਉਤਪਾਦਕਤਾ, ਬੱਚਤ ਆਦਿ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ।

ਰਿਣਯੋਗ ਫੰਡ ਦੀ ਪੂਰਤੀ (Supply of Loanable Funds)

ਰਿਣਯੋਗ ਫੰਡ ਦੀ ਪੂਰਤੀ ਵਿਚ ਚਾਰ ਪ੍ਰਮੁੱਖ ਗੱਲਾਂ ਹੇਠ ਲਿਖੀਆਂ ਹਨ :

1. **ਬੱਚਤ (Saving)** : ਬੱਚਤਾਂ ਰਿਣਯੋਗ ਫੰਡ ਦੀ ਪੂਰਤੀ ਦਾ ਮੁੱਖ ਸਾਧਨ ਹਨ। ਹਰ ਵਿਅਕਤੀ ਭਾਵੇਂ ਕਿਸੇ ਵੀ ਖੇਤਰ ਵਿਚ ਕੰਮ ਕਰਦਾ ਹੋਵੇ, ਉਹ ਬੱਚਤ ਕਰਦਾ ਹੈ। ਬੱਚਤ ($S = Y - C$) ਆਮਦਨ ਅਤੇ ਉਪਭੋਗ ਖਰਚ ਦਾ ਅੰਤਰ ਹੁੰਦੀ ਹੈ। ਬੱਚਤ ਉੱਤੇ ਆਮਦਨ ਅਤੇ ਵਿਆਜ ਦਰ ਦੋਹਾਂ ਦਾ ਹੀ ਪ੍ਰਭਾਵ ਪੈਂਦਾ ਹੈ। ਜੇਕਰ ਆਮਦਨ ਨਾ ਬਦਲੇ ਭਾਵ ਸਥਿਰ ਰਹੇ ਤਾਂ ਜਦੋਂ ਵਿਆਜ ਦੀ ਦਰ ਵਧੇਗੀ, ਉਸ ਦੇ ਨਾਲ ਹੀ ਵਿਆਜ ਦੀ ਦਰ ਵੱਧ ਜਾਵੇਗੀ। ਇਸੇ ਤਰ੍ਹਾਂ ਵਿਵਸਾਇਕ ਖੇਤਰ ਵਿਚ ਵੀ ਜੇਕਰ ਵਿਆਜ ਦੀ ਦਰ ਵਧੇਗੀ ਤਾਂ ਫ਼ਰਮਾਂ ਵੱਧ ਬੱਚਤ ਕਰਨਗੀਆਂ। ਬੱਚਤ ਰੇਖਾ ਹੇਠਾਂ ਤੋਂ ਉਪਰ ਉੱਠਦੀ ਹੈ।

   $s = f(r), \quad s = f(y)$

   s = ਬੱਚਤ f = ਫਲਨ r = ਵਿਆਜ ਦੀ ਦਰ y = ਆਮਦਨ

2. **ਬੈਂਕ ਸਾਖ (Bank Credits)** : ਬੈਂਕ ਸਾਖ਼ ਪੂਰਤੀ ਦਾ ਇਕ ਮਹੱਤਵਪੂਰਨ ਸਾਧਨ ਹੈ। ਵਿਆਜ ਦੀ ਇਕ ਨਿਊਨਤਮ ਦਰ ਦੇ ਬਾਅਦ ਬੈਂਕ ਸਾਖ਼ ਵਿਆਜ ਸਾਪੇਖ ਹੁੰਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਉੱਚੀ ਵਿਆਜ ਦਰ ਤੇ ਬੈਂਕ ਜ਼ਿਆਦਾ ਰੁਪਿਆ ਉਧਾਰ ਦਿੰਦੇ ਹਨ, ਇਸ ਦੇ ਉਲਟ ਘੱਟ ਵਿਆਜ ਦਰ ਤੇ ਬੈਂਕ ਘੱਟ ਰੁਪਿਆ ਦਿੰਦੇ ਹਨ। ਬੈਂਕ ਸਾਖ਼ ਦੀ ਵਕਰ ਹੇਠਾਂ ਤੋਂ ਉਪਰ ਨੂੰ ਜਾਂਦੀ ਹੈ।

   $B = f(r)$

   B = ਬੈਂਕ ਸਾਖ਼ r = ਵਿਆਜ ਦੀ ਦਰ

3. **ਬੱਚਤਾਂ ਦਾ ਅਸੰਗ੍ਰਹਿ (Dishoarding of Saving)** : ਰਿਣਯੋਗ ਪੂਰਤੀ ਦਾ ਇਕ ਹੋਰ ਅਹਿਮ ਸਾਧਨ ਬੱਚਤਾਂ ਦਾ ਅਸੰਗ੍ਰਹਿ ਹੈ, ਭਾਵ ਇਹ ਹੈ ਕਿ ਲੋਕ ਮੁਦਰਾ ਦਾ ਜੋ ਸੰਗ੍ਰਹਿ ਕਰਦੇ ਹਨ, ਉਸ ਨੂੰ ਉਧਾਰ ਦੇ ਦਿੰਦੇ ਹਨ। ਸੰਗ੍ਰਹਿ ਲੋਕ ਆਪਣੀ ਜ਼ਰੂਰਤਾਂ ਪੂਰਾ ਕਰਨ ਲਈ ਕਰਦੇ ਹਨ, ਪਰ ਜੇਕਰ ਵਿਆਜ

ਦੀ ਦਰ ਵੱਧ ਮਿਲਦੀ ਹੈ ਤਾਂ ਲੋਕ ਸੰਗ੍ਰਹਿ ਕੀਤੀ ਮੁਦਰਾ ਨੂੰ ਉਧਾਰ ਦੇ ਰੂਪ ਵਿਚ ਦੇ ਕੇ ਮੁਦਰਾ ਦਾ ਅਸੰਗ੍ਰਹਿ ਕਰ ਦਿੰਦੇ ਹਨ।

DH = f (r)

DH = ਬੱਚਤਾਂ ਦਾ ਸੰਗ੍ਰਹਿ

ਵਿਆਜ ਦਰ ਵਧਣ ਨਾਲ ਅਸੰਗ੍ਰਹਿ ਵੀ ਵਧਦਾ ਹੈ ਭਾਵ ਲੋਕ ਆਪਣੇ ਕੋਲ ਨਾਂ ਰੱਖ ਕੇ ਉਧਾਰ ਦਿੰਦੇ ਹਨ।

4. **ਅਣ-ਨਿਵੇਸ਼ (Disinvestment)** : ਰਿਣਯੋਗ ਫੰਡ ਦਾ ਚੌਥਾ ਸਾਧਨ ਅਣਨਿਵੇਸ਼ ਹੈ, ਭਾਵ ਜਿਵੇਂ ਕਿਸੇ ਫ਼ਰਮ ਵਿਚ ਹਰ ਸਾਲ ਮਸ਼ੀਨਾਂ ਦੇ ਘਿਸਣ (Wear and Tear) ਤੇ ਉਹਨਾਂ ਦਾ ਪ੍ਰਤੀ ਸਥਾਪਨਾ ਨਾ ਕੀਤਾ ਜਾਵੇ। ਜੋ ਰਕਮ ਹਰ ਸਾਲ ਉਹ ਘਿਸਾਵਟ ਫੰਡ ਵਿਚ ਪਾਉਣ ਦੇ ਲਈ ਰਾਖਵੀਂ ਹੁੰਦੀ ਹੈ, ਉਸ ਨੂੰ ਮਸ਼ੀਨਾਂ ਤੇ ਨਾਂ ਲਗਾ ਕੇ, ਰਿਣ ਦੇ ਰੂਪ ਵਿਚ ਦੇ ਦਿੱਤਾ ਜਾਵੇ। ਵਿਆਜ ਦੀ ਦਰ ਵਧਣ ਤੇ ਅਪ-ਨਿਵੇਸ਼ ਵੀ ਵਧਦਾ ਹੈ ਤੇ ਘਟਣ ਤੇ ਅਪਨਿਵੇਸ਼ ਵੀ ਘਟਦਾ ਹੈ।

D I = f (r)

D I = ਅਪਨਿਵੇਸ਼

ਅਣਨਿਵੇਸ਼ ਦਾ ਵਕਰ ਵੀ ਥੱਲਿਓਂ ਉਪਰ ਉੱਠਦਾ ਹੈ।

ਰਿਣਯੋਗ ਫੰਡਾਂ ਦੀ ਪੂਰਤੀ = ਬੱਚਤ + ਬੈਂਕ ਸਾਖ਼ + ਮੁਦਰਾ ਦਾ ਅਸੰਗ੍ਰਹਿ + ਅਣਨਿਵੇਸ਼

Supply of Loanable Funds = S + B + DH + DI

ਸਵੈ ਅਭਿਆਸ-3

1. ਰਿਣਯੋਗ ਫੰਡ ਕੀ ਹੈ ?
2. ਰਿਣਯੋਗ ਫੰਡ ਸਿਧਾਂਤ ਵਿਚ ਪੂਰਤੀ ਦੇ ਕਿਹੜੇ-ਕਿਹੜੇ ਸਾਧਨ ਹਨ ?

ਰਿਣਯੋਗ ਫੰਡ ਦੀ ਮੰਗ (Demand for the Loanable Fund)

ਰਿਣਯੋਗ ਫੰਡ ਦੀ ਪੂਰਤੀ ਦੀ ਤਰ੍ਹਾਂ ਫੰਡ ਦੀ ਮੰਗ ਦੇ ਵੀ ਕੁਝ ਸਾਧਨ ਹਨ, ਜਿਹੜੇ ਹੇਠ ਲਿਖੇ ਹਨ :

(1) **ਨਿਵੇਸ਼ (Investment)** : ਫ਼ਰਮਾਂ ਨੂੰ ਉਤਪਾਦਨ ਕਰਨ ਲਈ ਜਾਂ ਉਤਪਾਦਨ ਵਧਾਉਣ ਲਈ, ਭੁਗਤਾਨ ਆਦਿ ਕਰਨ ਲਈ ਰਿਣ ਦੀ ਲੋੜ ਹੁੰਦੀ ਹੈ। ਕੋਈ ਵੀ ਫ਼ਰਮ ਉਦੋਂ ਜ਼ਿਆਦਾ ਮੰਗ ਕਰੇਗੀ, ਜਦੋਂ ਵਿਆਜ ਦਰ ਘੱਟ ਹੋਵੇਗੀ, ਇਸ ਦੇ ਉਲਟ ਜਦੋਂ ਵਿਆਜ ਦਰ ਵੱਧ ਹੋਵੇਗੀ, ਰਿਣਯੋਗ ਫੰਡ ਦੀ ਮੰਗ ਘੱਟ ਜਾਵੇਗੀ।



ਚਿੱਤਰ ਨੰ: 5.2

I = ਨਿਵੇਸ਼ I a 1/R

ਨਿਵੇਸ਼ ਦਰ ਉਪਰੋਂ ਹੇਠਾਂ ਨੂੰ ਆਉਂਦੀ ਹੈ।

(2) **ਉਪਭੋਗ (Consumption)** : ਜਦੋਂ ਕਿਸੇ ਵੇਲੇ ਕਿਸੇ ਵਿਅਕਤੀ ਦੀ ਆਮਦਨ ਘੱਟ ਜਾਵੇ ਜਾਂ ਉਨੀ ਹੀ ਰਹੇ ਪਰ ਉਪਭੋਗ ਖਰਚ ਵੱਧ ਜਾਵੇ ਤਾਂ ਵੀ ਲੋਕ ਫੰਡਾਂ ਦੀ ਮੰਗ ਕਰਦੇ ਹਨ। ਨਿਵੇਸ਼ ਦੀ ਤਰ੍ਹਾਂ ਉਪਭੋਗ ਲਈ ਵੀ ਲੋਕ ਉਦੋਂ ਮੰਗ ਕਰਦੇ ਹਨ, ਜਦੋਂ ਵਿਆਜ ਦੀ ਦਰ ਘੱਟ ਹੋਵੇ।

C a 1/r c = ਖਪਤ ਜਾਂ ਉਪਭੋਗ

ਉਪਭੋਗ ਵਕਰ ਉਪਰੋਂ ਹੇਠਾਂ ਨੂੰ ਆਉਂਦੀ ਹੈ।

6. **ਮੁਦਰਾ ਦਾ ਸੰਗ੍ਰਹਿ (Hoarding of Money)** : ਕਈ ਵਾਰ ਲੋਕ ਮੁਦਰਾ ਨੂੰ ਨਕਦ ਦੇ ਰੂਪ ਵਿਚ ਰੱਖਣਾ ਚਾਹੁੰਦੇ ਹਨ (ਨਿਰੀ ਰੋਜ਼ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਾਸਤੇ) ਉਸ ਨੂੰ ਸੰਗ੍ਰਹਿ ਕਿਹਾ ਜਾਂਦਾ ਹੈ। ਲੋਕ ਸੰਗ੍ਰਹਿ ਉਦੋਂ ਹੀ ਕਰਦੇ ਹਨ, ਜਦੋਂ ਵਿਆਜ ਦੀ ਦਰ ਘੱਟ ਹੋਵੇ, ਪਰ ਜੇਕਰ ਵਿਆਜ ਦੀ ਦਰ ਵੱਧ ਜਾਵੇ ਤਾਂ ਲੋਕ ਸੰਗ੍ਰਹਿ ਕੀਤਾ ਧਨ ਰਿਣ ਦੇ ਲਈ ਦੇ ਦਿੰਦੇ ਹਨ।

H a 1/r

ਇਹ ਵਕਰ ਵੀ ਉਪਰੋਂ ਹੇਠਾਂ ਆਉਂਦੀ ਹੈ।

ਰਿਣਯੋਗ ਫੰਡਾਂ ਦੀ ਮੰਗ = ਨਿਵੇਸ਼ + ਉਪਭੋਗ + ਮੁਦਰਾ ਦਾ ਸੰਗ੍ਰਹਿ

Demand for Loanable Funds = I + C + H



ਚਿੱਤਰ ਨੰ: 5.3

ਸਵੈ ਅਭਿਆਸ-4

1. ਸੰਗ੍ਰਹਿ ਕੀ ਹੁੰਦਾ ਹੈ ?
2. ਰਿਣਯੋਗ ਫੰਡਾਂ ਦੀ ਮੰਗ ਦੇ ਕਿਹੜੇ-ਕਿਹੜੇ ਸੋਮੇ ਹਨ ?

ਵਿਆਜ ਦਾ ਨਿਰਧਾਰਨ (Determination of Investment)

ਇਸ ਸਿਧਾਂਤ ਅਨੁਸਾਰ ਵਿਆਜ ਦੀ ਦਰ ਉਸ ਪੱਧਰ ਤੇ ਨਿਰਧਾਰਿਤ ਹੁੰਦੀ ਹੈ ਜਿਸ ਤੇ ਰਿਣਯੋਗ ਫੰਡ ਦੀ ਮੰਗ ਅਤੇ ਪੂਰਤੀ ਬਰਾਬਰ ਹੁੰਦੇ ਹਨ ।

ਰਿਣਯੋਗ ਫੰਡ ਦੀ ਮੰਗ = ਰਿਣਯੋਗ ਫੰਡਾਂ ਦੀ ਪੂਰਤੀ

I + C + H = S + B + DH + DI



ਚਿੱਤਰ ਨੰ: 5.4



ਚਿੱਤਰ ਨੰ: 5.5

ਚਿੱਤਰ ਨੰ: 5.4 ਵਿਚ OX ਅਕਸ ਤੇ ਰਿਣਯੋਗ ਫੰਡਾਂ ਦੀ ਮੰਗ ਅਤੇ ਪੂਰਤੀ ਅਤੇ OY ਅਕਸ ਤੇ ਵਿਆਜ ਦੀ ਦਰ ਪ੍ਰਗਟ ਕੀਤੀ ਗਈ ਹੈ। ਚਿੱਤਰ ਨੰ: 5.5 ਵਿਚ SS ਕੁੱਲ ਪੂਰਤੀ ਵਕਰ ਹੈ, ਜਿਹੜੇ S, BM, DH ਅਤੇ DI ਦੇ ਸਮੁੱਚੇ ਜੋੜ ਨੂੰ ਮਿਲ ਕੇ ਬਣੀ ਹੋਈ ਹੈ। ਇਹ ਵਕਰ ਹੇਠਾਂ ਤੋਂ ਉੱਪਰ ਜਾ ਰਿਹਾ ਹੈ। ਇਸ ਦਾ ਭਾਵ ਇਹ ਹੈ ਕਿ ਜਿਸ ਤਰ੍ਹਾਂ ਵਿਆਜ ਦੀ ਦਰ ਵਧੇਗੀ। DD ਕੁੱਲ ਮੰਗ ਵਕਰ ਹੈ, ਜੋ ਤਿੰਨ ਮੰਗ ਵਕਰਾਂ I, C ਅਤੇ H ਦੇ ਸਮੁੱਚੇ ਜੋੜ ਨਾਲ ਬਣੀ ਹੈ, ਇਸ ਦੀ ਵਕਰ ਉਪਰੋਂ ਹੇਠਾਂ ਆ ਰਹੀ ਹੈ, ਜਿਸ ਤੋਂ ਭਾਵ ਇਹ ਹੈ ਕਿ ਉੱਚੀ ਵਿਆਜ ਦਰ ਉੱਤੇ ਰਿਣਯੋਗ ਫੰਡਾਂ ਦੀ ਮੰਗ ਵਧੇਗੀ। ਕੁੱਲ ਮੰਗ ਵਕਰ DD ਅਤੇ ਕੁੱਲ ਪੂਰਤੀ ਵਕਰ SS ਇਕ ਦੂਜੇ ਨੂੰ E ਤੇ ਕੱਟਦੇ ਹਨ, ਜਿਥੇ ਵਿਆਜ ਦੀ ਦਰ Or ਦੇ ਬਰਾਬਰ ਹੈ।

ਸਵੈ ਅਭਿਆਸ-5

1. ਨਵ-ਕਲਾਸੀਕਲ ਸਿਧਾਂਤ ਹੇਠ ਵਿਆਜ ਦੀ ਦਰ ਦਾ ਨਿਰਧਾਰਨ ਕਿਵੇਂ ਕਰੋਗੇ ?

ਆਲੋਚਨਾ (Criticism) :

ਵਿਆਜ ਦਾ ਰਿਣਯੋਗ ਫੰਡ ਸਿਧਾਂਤ, ਪਰੰਪਰਾਵਾਦੀ ਸਿਧਾਂਤ ਤੋਂ ਉੱਤਮ ਹੈ, ਕਿਉਂਕਿ ਇਸ ਵਿਚ ਦੋਵੇਂ ਵਾਸਤਵਿਕ ਅਤੇ ਮੌਲਿਕ ਦੋਹਾਂ ਤੱਤਾਂ ਦਾ ਅਧਿਐਨ ਕੀਤਾ ਜਾਂਦਾ ਹੈ, ਪਰ ਫਿਰ ਵੀ ਇਸ ਸਿਧਾਂਤ ਵਿਚ ਕੁਝ ਅਰਥ ਸ਼ਾਸਤਰੀਆਂ ਨੇ ਕਮੀਆਂ ਦੱਸੀਆਂ ਹਨ।

1. **ਅਣਨਿਰਧਾਰਕ (Indeterminate)** : ਪ੍ਰੋ: ਹੈਨਸਨ (Prof. Hansen) ਦੇ ਅਨੁਸਾਰ ਇਹ ਸਿਧਾਂਤ ਅਣਨਿਰਧਾਰਕ ਹੈ। ਇਸ ਸਿਧਾਂਤ ਵਿਚ ਇਹ ਦੱਸਿਆ ਗਿਆ ਹੈ ਕਿ ਵਿਆਜ ਦਰ, ਰਿਣਯੋਗ ਫੰਡ ਦੀ ਮੰਗ ਅਤੇ ਪੂਰਤੀ ਦੁਆਰਾ ਨਿਰਧਾਰਿਤ ਕੀਤੀ ਜਾਂਦੀ ਹੈ। ਹੈਨਸਨ ਦੇ ਮੁਤਾਬਿਕ ਰਿਣਯੋਗ ਫੰਡ ਆਮਦਨ ਤੇ ਨਿਰਭਰ ਕਰਦੇ ਹਨ, ਆਮਦਨ ਨਿਵੇਸ਼ ਤੇ ਅਤੇ ਨਿਵੇਸ਼ ਦਾ ਪੱਧਰ ਵਿਆਜ ਦੀ ਦਰ ਉੱਤੇ ਨਿਰਭਰ ਕਰਦਾ ਹੈ। ਇਸ ਲਈ ਜਦੋਂ ਤੱਕ ਆਮਦਨ ਦਾ ਪਤਾ ਨਾ ਲਗਾਇਆ ਜਾਵੇ, ਵਿਆਜ ਦੀ ਦਰ ਦਾ ਅਨੁਮਾਨ ਨਹੀਂ ਲਗਾ ਸਕਦੇ ਅਤੇ ਬਿਨਾਂ ਵਿਆਜ ਦੀ ਦਰ ਦਾ ਪਤਾ ਲਗਾਏ, ਆਮਦਨ ਦਾ ਅਨੁਮਾਨ ਨਹੀਂ ਲਗਾਇਆ ਜਾਂਦਾ। ਇਸ ਤਰ੍ਹਾਂ ਇਕ ਅਜਿਹੇ ਚੱਕਰ ਵਿਚ ਫਸ ਜਾਂਦੇ ਹਾਂ, ਜਿਸ ਦੇ ਫਲਸਰੂਪ ਵਿਆਜ ਦਾ ਨਿਰਧਾਰਣ ਸੰਭਵ ਨਹੀਂ ਹੈ।



2. **ਵਾਸਤਵਿਕ ਅਤੇ ਮੌਦਿਕ ਤੱਤਾਂ ਦਾ ਮਿਸ਼ਰਣ (Synthesis of Real and Monetary Factors)** : ਇਹ ਸਿਧਾਂਤ ਵਾਸਤਵਿਕ ਅਤੇ ਮੌਦਿਕ ਤੱਤਾਂ ਨੂੰ ਇਕੱਠਾ ਕਰਕੇ ਵਿਆਜ ਦੀ ਦਰ ਦਾ ਨਿਰਧਾਰਨ ਕੀਤਾ ਜਾਂਦਾ ਹੈ, ਦੋਵੇਂ ਤੱਤ ਇਕ ਦੂਜੇ ਤੋਂ ਵੱਖਰੇ ਹਨ। ਇਸ ਲਈ ਇਨ੍ਹਾਂ ਦਾ ਵੱਖ-ਵੱਖ ਅਧਿਐਨ ਕਰਨਾ ਚਾਹੀਦਾ ਹੈ ਅਤੇ ਆਮਦਨ ਰਾਹੀਂ ਇਨ੍ਹਾਂ ਨੂੰ ਮਿਲਾਣ ਦਾ ਯਤਨ ਕਰਨਾ ਚਾਹੀਦਾ ਹੈ।
3. **ਪੂਰਨ ਰੋਜ਼ਗਾਰ ਦੀ ਅਵਾਸਤਵਿਕ ਧਾਰਨਾ (Unrealistic Assumption of Full Employment)** : ਲਾਰਡ ਕੇਨਜ਼ ਇਸ ਗੱਲ ਨੂੰ ਮੰਨਦਾ ਹੈ ਕਿ ਕਿਸੇ ਵੀ ਅਰਥ ਵਿਵਸਥਾ ਵਿਚ ਪੂਰਨ ਰੋਜ਼ਗਾਰ ਦੀ ਸਥਿਤੀ ਨਹੀਂ ਹੁੰਦੀ, ਸਗੋਂ ਪੂਰਨ ਰੋਜ਼ਗਾਰ ਨਾਲੋਂ ਘੱਟ ਦੀ ਹੀ ਸਥਿਤੀ ਹੁੰਦੀ ਹੈ, ਇਸ ਲਈ ਇਸ ਸਿਧਾਂਤ ਦੇ ਵੀ ਉਹੀ ਦੋਸ਼ ਹਨ, ਜਿਹੜੇ ਪਰੰਪਰਾਵਾਦੀ ਸਿਧਾਂਤ ਦੇ ਹੁੰਦੇ ਹਨ।
4. **ਪਰਿਵਰਤਨਸ਼ੀਲ ਤੱਤ (Variable Factors)** : ਇਸ ਸਿਧਾਂਤ ਵਿਚ ਰਿਣਯੋਗ ਫੰਡ ਦੀ ਮੰਗ ਅਤੇ ਪੂਰਤੀ ਦੇ ਬਹੁਤ ਹੀ ਵਿਸਤ੍ਰਿਤ ਢਾਂਚੇ ਦੀ ਵਰਤੋਂ ਕੀਤੀ ਗਈ ਹੈ। ਅਰਥਾਤ ਇਸ ਵਿਚ ਇੰਨੇ ਜ਼ਿਆਦਾ ਪਰਿਵਰਤਨਸ਼ੀਲ ਤੱਤ ਹੁੰਦੇ ਹਨ ਕਿ ਉਨ੍ਹਾਂ ਦਾ ਆਸਾਨੀ ਨਾਲ ਵਿਸ਼ਲੇਸ਼ਣ ਨਹੀਂ ਹੋ ਸਕਦਾ। ਮੰਗ ਅਤੇ ਪੂਰਤੀ ਵਿਚ ਸ਼ਾਮਿਲ ਤੱਤ ਇਕ ਦੂਜੇ ਤੋਂ ਸੁਤੰਤਰ ਨਹੀਂ ਹੁੰਦੇ।

ਸਵੈ ਅਭਿਆਸ-6

1. ਨਵ ਕਲਾਸੀਕਲ ਸਿਧਾਂਤ ਦਾ ਆਲੋਚਨਾਤਮਕ ਵਰਣਨ ਕਰੋ ?
2. ਨਵ ਕਲਾਸੀਕਲ ਸਿਧਾਂਤ ਨੂੰ ਅਣਨਿਰਧਾਰਕ ਕਿਉਂ ਕਿਹਾ ਜਾਂਦਾ ਹੈ ?

ਸਿੱਟਾ

ਨਵ-ਕਲਾਸੀਕਲ ਸਿਧਾਂਤ ਵਿਆਜ ਦੇ ਪਰੰਪਰਾਵਾਦੀ ਸਿਧਾਂਤ ਤੋਂ ਵੱਧ ਵਿਆਪਕ ਅਤੇ ਉੱਤਮ ਸਿਧਾਂਤ ਹੈ। ਇਸ ਸਿਧਾਂਤ ਵਿਚ ਵਾਸਤਵਿਕ ਅਤੇ ਮੌਦਿਕ ਦੋਵੇਂ ਤੱਤਾਂ ਦਾ ਅਧਿਐਨ ਕੀਤਾ ਜਾਂਦਾ ਹੈ ਕਿ ਕਿਵੇਂ ਉਹ ਵਿਆਜ ਦੀ ਦਰ ਨਾਲ ਘਟਦੇ-ਵਧਦੇ ਹਨ ਪਰ ਇਸ ਦੇ ਬਾਵਜੂਦ ਵੀ ਇਹ ਸਿਧਾਂਤ ਕੁਝ ਆਲੋਚਨਾਵਾਂ ਦਾ ਸ਼ਿਕਾਰ ਹੋਇਆ ਹੈ।

2.5.5 ਵਿਆਜ ਦੇ ਪਰੰਪਰਾਵਾਦੀ ਸਿਧਾਂਤ ਅਤੇ ਰਿਣਯੋਗ ਕੋਸ਼ ਵਿਚ ਅੰਤਰ :

(1) ਪਰੰਪਰਾਵਾਦੀ ਸਿਧਾਂਤ ਵਿਚ ਕੇਵਲ ਵਾਸਤਵਿਕ ਤੱਤ ਲਏ ਜਾਂਦੇ ਹਨ ਅਤੇ ਰਿਣਯੋਗ ਕੋਸ਼ ਵਿਚ ਦੋਵੇਂ ਤੱਤ ਵਾਸਤਵਿਕ ਅਤੇ ਮੌਦਿਕ ਤੱਤ ਲਏ ਜਾਂਦੇ ਹਨ।

(2) ਪਰੰਪਰਾਵਾਦੀ ਸਿਧਾਂਤ ਸਾਰੀ ਪੂੰਜੀ ਦੀ ਮੰਗ ਅਤੇ ਪੂਰਤੀ ਦੇ ਉੱਤੇ ਵਿਆਜ ਨਿਰਧਾਰਨ ਕਰਦਾ ਹੈ, ਪਰ ਰਿਣਯੋਗ ਕੋਸ਼ ਸਿਰਫ਼ ਰਿਣਯੋਗ ਫੰਡ ਦੀ ਮੰਗ ਅਤੇ ਪੂਰਤੀ ਨਾਲ ਵਿਆਜ ਦੀ ਦਰ ਦਾ ਨਿਰਧਾਰਣ ਕਰਦੇ ਹਨ।

(3) ਪਰੰਪਰਾਵਾਦੀ ਅਰਥਸ਼ਾਸਤਰੀ ਮੰਨਦੇ ਹਨ ਕਿ ਮੁਦਰਾ ਤਟਸੱਥ ਹੈ, ਪਰ ਰਿਣਯੋਗ ਫੰਡ ਸਿਧਾਂਤ ਮੁਦਰਾ ਨੂੰ ਤਟਸੱਥ ਨਹੀਂ ਮੰਨਦੇ।

(4) ਪਰੰਪਰਾਵਾਦੀ ਅਰਥਸ਼ਾਸਤਰੀ ਮੁਦਰਾ ਨੂੰ ਕੇਵਲ ਵਟਾਂਦਰੇ ਦਾ ਮਾਧਿਅਮ ਮੰਨਦੇ ਹਨ, ਪਰ ਰਿਣਯੋਗ ਕੋਸ਼ ਸਿਧਾਂਤ ਅਨੁਸਾਰ ਮੁਦਰਾ ਨੂੰ ਸਟੋਰ ਕਰਨ ਦਾ ਰੂਪ ਮੰਨਿਆ ਜਾਂਦਾ ਹੈ।

(5) ਪਰੰਪਰਾਵਾਦੀ ਸਿਧਾਂਤ ਵਿਚ ਮੁਦਰਾ ਦੀ ਮੰਗ ਸਿਰਫ਼ ਨਿਵੇਸ਼ ਲਈ ਕੀਤੀ ਜਾਂਦੀ ਹੈ, ਰਿਣਯੋਗ ਕੋਸ਼ ਅਨੁਸਾਰ ਮੁਦਰਾ ਦੀ ਮੰਗ, ਉਪਭੋਗ ਲਈ ਵੀ ਕੀਤੀ ਜਾਂਦੀ ਹੈ।

ਸੰਖੇਪ ਵਿਚ ਰਿਣਯੋਗ ਕੋਸ਼ ਸਿਧਾਂਤ, ਪਰੰਪਰਾਵਾਦੀ ਸਿਧਾਂਤ ਨਾਲੋਂ ਉੱਤਮ ਅਤੇ ਵਿਆਪਕ ਸਿਧਾਂਤ ਹੈ।

ਸਵੈ ਅਭਿਆਸ-7

1. ਵਿਆਜ ਦੇ ਪਰੰਪਰਾਵਾਦੀ ਅਤੇ ਰਿਣਯੋਗ ਕੋਸ਼ ਵਿਚ ਕੀ ਅੰਤਰ ਹਨ ?
2. ਵਿਆਜ ਦਾ ਰਿਣਯੋਗ ਕੋਸ਼ ਸਿਧਾਂਤ, ਪਰੰਪਰਾਵਾਦੀ ਸਿਧਾਂਤ ਤੇ ਸੁਧਾਰ ਕਿਵੇਂ ਹੈ ?

2.5.6 ਸਾਰਾਂਸ਼

ਆਮ ਤੌਰ ਤੇ ਪੂੰਜੀ ਦੀਆਂ ਸੇਵਾਵਾਂ ਦੇ ਲਈ ਦਿੱਤੇ ਜਾਣ ਵਾਲੇ ਭੁਗਤਾਨ ਨੂੰ ਵਿਆਜ ਕਹਿੰਦੇ ਹਨ। ਵਿਆਜ ਸ਼ਬਦ ਦਾ ਪ੍ਰਯੋਗ ਕੇਵਲ ਮੁਦਰਾ ਰੂਪ ਪੂੰਜੀ ਦੇ ਇਕ ਨਿਸ਼ਚਿਤ ਸਮੇਂ ਦੇ ਲਈ ਦਿੱਤੇ ਜਾਣ ਵਾਲੇ ਭੁਗਤਾਨ ਲਈ ਕੀਤਾ ਜਾਂਦਾ ਹੈ। ਇਸ ਲਈ ਵਿਆਜ ਹਮੇਸ਼ਾਂ ਪ੍ਰਤੀਸ਼ਤ ਦੇ ਰੂਪ ਵਿਚ ਦੱਸਿਆ ਜਾਂਦਾ ਹੈ। ਜਦੋਂ ਸਾਨੂੰ ਆਪਣੇ ਕਿਸੇ ਕੰਮ ਨੂੰ ਪੂਰਾ ਕਰਨ ਲਈ ਮੁਦਰਾ ਦੀ ਲੋੜ ਹੁੰਦੀ ਹੈ ਤਾਂ ਅਸੀਂ ਕਿਸੇ ਤੋਂ ਉਧਾਰ ਫੜ ਲੈਂਦੇ ਹਾਂ ਅਤੇ ਬਦਲੇ ਵਿਚ ਉਸ ਨੂੰ ਵਿਆਜ ਦੇ ਦਿੰਦੇ ਹਾਂ। ਵਿਆਜ ਦੀ ਦਰ ਨਿਰਧਾਰਣ ਕਰਨ ਲਈ ਦੋ ਮੁੱਖ ਸਿਧਾਂਤ ਪਰੰਪਰਾਵਾਦੀ ਵਿਆਜ ਦਾ ਸਿਧਾਂਤ ਅਤੇ ਵਿਆਜ ਦਾ ਰਿਣਯੋਗ ਕੋਸ਼ ਸਿਧਾਂਤ ਹੈ, ਪਰੰਪਰਾਵਾਦੀ ਸਿਧਾਂਤ ਨਾਲੋਂ ਰਿਣਯੋਗ ਕੋਸ਼ ਸਿਧਾਂਤ ਵਿਆਪਕ ਹੈ ਅਤੇ ਉੱਤਮ ਹੈ, ਕਿਉਂਕਿ ਪਰੰਪਰਾਵਾਦੀ ਸਿਧਾਂਤ ਅਨੁਸਾਰ ਵਿਆਜ ਦੀ ਦਰ ਵਾਸਤਵਿਕ ਤੱਤਾਂ ਤੇ ਆਧਾਰਿਤ ਹੈ ਅਤੇ ਰਿਣਯੋਗ ਕੋਸ਼ ਸਿਧਾਂਤ ਅਨੁਸਾਰ ਵਾਸਤਵਿਕ ਤੱਤ ਅਤੇ ਮੌਦਿਕ ਤੱਤ ਦੋਵੇਂ ਹੀ ਅਧਿਐਨ ਕੀਤੇ ਜਾਂਦੇ ਹਨ।

2.5.7 ਤਕਨੀਕੀ ਸ਼ਬਦ

1. ਕੁੱਲ ਅਤੇ ਸ਼ੁੱਧ ਵਿਆਜ – ਮੁਦਰਾ ਦੇ ਪ੍ਰਯੋਗ ਵਾਸਤੇ ਦਿੱਤਾ ਪੁਰਸਕਾਰ।
2. ਉਪਭੋਗ ਤਿਆਗ – ਜਦੋਂ ਬੱਚਤ ਕਰਨ ਵਾਸਤੇ ਉਪਯੋਗ ਖਰਚ ਘੱਟ ਕੀਤਾ ਜਾਂਦਾ ਹੈ।
3. ਸਮਾਂ ਤਰਜੀਹ – ਜਦੋਂ ਲੋਕ ਇਕ ਸਮੇਂ ਉਪਰ ਦੂਜੇ ਸਮੇਂ ਭਾਵ ਭਵਿੱਖ ਨੂੰ ਅੱਜ ਨਾਲੋਂ ਜਾਂ ਅੱਜ ਨੂੰ ਭਵਿੱਖ ਨਾਲੋਂ ਤਰਜ਼ੀਹ ਦੇਣ।
4. ਅਣਨਿਵੇਸ਼ – ਕਿਸੇ ਉਤਪਾਦਨ ਵਿੱਚੋਂ ਪੈਸਾ ਕੱਢ ਲੈਣਾ।
5. ਮੁਦਰਾ ਦਾ ਸੰਗ੍ਰਹਿ ਅਤੇ ਅਸੰਗ੍ਰਹਿ – ਮੁਦਰਾ ਨੂੰ ਆਪਣੇ ਕੋਲ ਰੱਖਣਾ ਅਤੇ ਅਸੰਗ੍ਰਹਿ ਮਤਲਬ ਬੈਂਕ ਵਿਚ ਜਮਾ ਕਰਵਾ ਦਿੰਦੇ ਹਨ।
6. ਬੈਂਕ ਸਾਖ਼ – ਜਦੋਂ ਬੈਂਕ ਪੂਰਤੀ ਦੇ ਸਾਧਨ ਵਜੋਂ ਕੰਮ ਕਰਦਾ ਹੈ।

2.5.8 ਸੁਝਾਏ ਪ੍ਰਸ਼ਨ

1. ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਵਿਆਜ ਕੀ ਹੁੰਦਾ ਹੈ ?
2. ਰਿਣਯੋਗ ਫੰਡ ਕੀ ਹੈ ?
3. ਸਮਾਂ ਤਰਜੀਹ ਸਿਧਾਂਤ ਤੇ ਟਿੱਪਣੀ ਲਿਖੋ।
4. ਕੁੱਲ ਵਿਆਜ ਅਤੇ ਸ਼ੁੱਧ ਵਿਆਜ ਵਿਚ ਕੀ ਅੰਤਰ ਹਨ ?
5. ਰਿਣਯੋਗ ਕੋਸ਼ ਸਿਧਾਂਤ, ਪਰੰਪਰਾਵਾਦੀ ਸਿਧਾਂਤ ਤੋਂ ਕਿਵੇਂ ਵਧੀਆ ਹੈ, ਵਰਣਨ ਕਰੋ।

2. ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. ਵਿਆਜ ਤੋਂ ਕੀ ਭਾਵ ਹੈ ? ਰਿਣਯੋਗ ਕੋਸ਼ ਸਿਧਾਂਤ ਨਾਲ ਤੁਸੀਂ ਵਿਆਜ ਦੀ ਦਰ ਕਿਵੇਂ ਨਿਰਧਾਰਿਤ ਕਰੋਗੇ ?

2. ਪਰੰਪਰਾਵਾਦੀ ਸਿਧਾਂਤ ਵਿਚ ਵਿਆਜ ਦੀ ਦਰ ਕਿਵੇਂ ਨਿਰਧਾਰਿਤ ਹੁੰਦੀ ਹੈ ?
3. ਵਿਆਜ ਦੇ ਪਰੰਪਰਾਵਾਦੀ ਸਿਧਾਂਤ ਦਾ ਆਲੋਚਨਾਤਮਕ ਅਧਿਐਨ ਕਰੋ ?

2.5.9 ਸਹਾਇਕ ਪੁਸਤਕਾਂ

1.	H. L. Ahuja	:	Principles of Micro-Economics
2.	M. L. Seth	:	Microeconomic Theory
3.	P. N. Chopra	:	Microeconomic Theory and Welfare Economics
4.	B. K. Sharma & Gulshan Kumar	:	Price Theory & Distribution (Punjabi Medium)

ਪਾਠ ਨੰ: 2.6 ਲੇਖਿਕਾ : ਡਾ. ਮਨੀਸ਼ਾ

ਲਾਭ ਦੇ ਸਿਧਾਂਤ

2.6.1 ਉਦੇਸ਼
2.6.2 ਭੂਮਿਕਾ
2.6.3 ਲਾਭ ਦੀਆਂ ਪਰਿਭਾਸ਼ਾਵਾਂ (Definitions)
2.6.4 ਲਾਭ ਦੀਆਂ ਧਾਰਨਾਵਾਂ (Concepts)
2.6.5 ਲਾਭ ਅਤੇ ਕੀਮਤ
2.6.6 ਲਾਭ ਦੇ ਸਿਧਾਂਤ
2.6.6.1 ਲਾਭ ਦਾ ਲਗਾਨ ਸਿਧਾਂਤ
2.6.6.2 ਲਾਭ ਦਾ ਮਜ਼ਦੂਰੀ ਸਿਧਾਂਤ
2.6.6.3 ਲਾਭ ਦਾ ਸੀਮਾਂਤ ਉਤਪਾਦਕਤਾ ਦਾ ਸਿਧਾਂਤ
2.6.6.4 ਲਾਭ ਦਾ ਗਤਿਆਤਮਕ ਸਿਧਾਂਤ
2.6.6.5 ਨਵ ਪ੍ਰਵਰਤਨ ਸਿਧਾਂਤ
2.6.6.6 ਲਾਭ ਦਾ ਜੋਖਿਮ ਸਿਧਾਂਤ
2.6.6.7 ਲਾਭ ਦਾ ਅਨਿਸ਼ਚਿਤਤਾ ਸਿਧਾਂਤ
2.6.7 ਸਾਰਾਂਸ਼
2.6.8 ਤਕਨੀਕੀ ਸ਼ਬਦ
2.6.9 ਸੁਝਾਏ ਪ੍ਰਸ਼ਨ
2.6.10 ਸਹਾਇਕ ਪੁਸਤਕਾਂ

2.6.1 ਉਦੇਸ਼

ਇਸ ਪਾਠ ਵਿਚ ਅਸੀਂ ਦੇਖਾਂਗੇ ਕਿ :

- ਲਾਭ ਕੀ ਹੈ
- ਇਸ ਦੀਆਂ ਕਿਹੜੀਆਂ ਕਿਸਮਾਂ ਹਨ
- ਲਾਭ ਨਿਰਧਾਰਨ ਕਿਵੇਂ ਕੀਤਾ ਜਾਂਦਾ ਹੈ

2.6.2 ਭੂਮਿਕਾ

ਉੱਦਮੀ ਦੀ ਆਮਦਨ ਨੂੰ ਲਾਭ ਕਿਹਾ ਜਾਂਦਾ ਹੈ। ਉੱਦਮੀ ਵਸਤਾਂ ਦੇ ਉਤਪਾਦਨ ਵਿਚ ਅਹਿਮ ਰੋਲ ਅਦਾ ਕਰਦਾ ਹੈ। ਉੱਦਮੀ ਨੂੰ ਬਹੁਤ ਮਹੱਤਤਾ ਇਸ ਲਈ ਦਿੱਤੀ ਜਾਂਦੀ ਹੈ, ਕਿਉਂਕਿ ਉਹ ਸਾਰੇ ਸਾਧਨਾਂ ਨੂੰ ਇਕੱਠੇ ਕਰਕੇ ਉਤਪਾਦਨ ਕਰਨ ਦਾ ਜੋਖਮ ਉਠਾਉਂਦਾ ਹੈ। ਉਹ ਕਈ ਕਰਤੱਵਾਂ ਨੂੰ ਪੂਰਾ ਕਰਦਾ ਹੈ। ਉਤਪਾਦਨ ਕ੍ਰਿਆ ਨੂੰ ਸੰਗਠਿਤ ਕਰਦਾ ਹੈ। ਉਹ ਹੋਰ ਉਤਪਾਦਨ ਦੇ ਸਾਧਨਾਂ ਦੀਆਂ ਸੇਵਾਵਾਂ ਪ੍ਰਾਪਤ ਕਰਕੇ ਉਨ੍ਹਾਂ ਨੂੰ ਕਿਸੇ ਪ੍ਰਾਜੈਕਟ ਵਿੱਚ ਲਗਾਉਂਦਾ ਹੈ। ਕਿਸੇ ਨਵੇਂ ਉਤਪਾਦਨ ਪ੍ਰਾਜੈਕਟ ਨੂੰ ਸ਼ੁਰੂ ਕਰਨਾ ਆਪਣੇ ਆਪ ਵਿਚ ਹੀ ਜੋਖਮ ਭਰਿਆ ਕੰਮ ਹੈ ਅਤੇ ਇਹ ਹੈ ਵੀ ਅਨਿਸ਼ਚਿਤਤਾ ਭਰਿਆ, ਅਨਿਸ਼ਚਿਤਤਾ ਤੋਂ ਭਾਵ ਇਹ ਹੈ ਕਿ ਉੱਦਮੀ ਕਿਸੇ ਚੀਜ਼ ਦਾ ਉਤਪਾਦਨ ਸ਼ੁਰੂ ਕਰਦਾ ਹੈ ਜਦੋਂ ਉਤਪਾਦਨ ਹੋ ਜਾਂਦਾ ਹੈ, ਇਹ ਵੀ ਹੋ ਸਕਦਾ ਹੈ ਕਿ ਤਦ ਤੀਕ ਉਸ ਵਸਤੂ ਦੀ ਮੰਗ ਹੀ ਮੰਡੀ ਵਿਚ ਨਾ ਰਹੇ। ਸੋ ਜੋਖਮ ਉਠਾਉਣ ਅਤੇ ਅਨਿਸ਼ਚਿਤਤਾਵਾਂ ਦੇ ਬਦਲੇ ਜੋ ਪ੍ਰਤੀਫ਼ਲ ਉੱਦਮੀ ਨੂੰ ਪ੍ਰਾਪਤ ਹੁੰਦਾ ਹੈ, ਉਹ ਲਾਭ ਅਖਵਾਉਂਦਾ ਹੈ। ਆਮ ਸ਼ਬਦਾਂ ਵਿਚ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਜਦੋਂ ਉੱਦਮੀ ਕੀਮਤ ਵਿਚੋਂ ਸਾਰੇ ਸਾਧਨਾਂ ਦੀਆਂ ਸੇਵਾਵਾਂ (ਜਿਹੜੇ ਉਸ ਵੱਲੋਂ ਵਰਤੇ ਗਏ ਹਨ) ਦੇ ਬਦਲੇ ਪ੍ਰਤੀਫ਼ਲ ਦੇ ਦਿੰਦਾ ਹੈ ਬਾਕੀ ਜੋ ਬਚਦਾ ਹੈ, ਉਹ ਉਸ ਦਾ ਪ੍ਰਤੀਫ਼ਲ ਭਾਵ ਲਾਭ ਹੁੰਦਾ ਹੈ।

2.6.3 ਲਾਭ ਦੀਆਂ ਪਰਿਭਾਸ਼ਾਵਾਂ :

ਅਰਥ ਸ਼ਾਸਤਰੀਆਂ ਨੇ ਲਾਭ ਨੂੰ ਕਈ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ, ਜਿਵੇਂ ਪ੍ਰੋ: ਜੈਕਬ ਔਸਰ ਦੇ ਮੁਤਾਬਕ, ''ਇਕ ਵਿਵਸਾਇ ਦੀ ਬਾਹਰੀ ਅਤੇ ਅੰਦਰੂਨੀ ਮਜ਼ਦੂਰੀ, ਵਿਆਜ ਅਤੇ ਲਗਾਨ ਦੇਣ ਮਗਰੋਂ ਜੋ ਬਾਕੀ ਆਮਦਨ ਰਹਿ ਜਾਂਦੀ ਹੈ, ਉਹ ਲਾਭ ਹੈ।'' (Profit is residual income of business after all explicit and implicit wages, interest, rent have been met. – Jacob Oser) ਪ੍ਰੋ: ਲੈਫਟ ਵਿੱਚ ਦੇ ਅਨੁਸਾਰ, ''ਲਾਭ ਇਕ ਸ਼ੁੱਧ ਵਾਧਾ ਹੈ ਜਾਂ ਇਕ ਫ਼ਰਮ ਦੁਆਰਾ ਲਗਾਈ ਗਈ ਕੁੱਲ ਲਾਗਤ ਤੋਂ ਵੱਧ ਜੋ ਕੁਝ ਆਮਦਨ ਹੁੰਦੀ ਹੈ।'' (Profit is pure surplus or an excess of total receipts over all costs incurred by the firm. – Leftwitch) ਪ੍ਰੋ: ਬੈਨਹਮ ਦੇ ਸ਼ਬਦਾਂ ਵਿਚ, ''ਲਾਭ ਬਾਕੀ ਦੀ ਉਹ ਬਦਲਵੀਂ ਰਾਸ਼ੀ ਹੈ, ਜੋ ਕਿ ਦੂਸਰੇ ਸਾਰੇ ਅਧਿਕਾਰੀਆਂ ਨੂੰ ਉਨ੍ਹਾਂ ਦਾ ਹਿੱਸਾ ਦੇਣ ਮਗਰੋਂ ਪੂੰਜੀ ਦੇ ਮਾਲਕ ਕੋਲ ਬੱਚ ਜਾਂਦੀ ਹੈ। (Profits are a residual item, a fluctuating return received by owners of capital after all other claimant been paid. – Benham)

2.6.4 ਲਾਭ ਦੀਆਂ ਧਾਰਨਾਵਾਂ (Concepts of Profit)

ਲਾਭ ਦੀਆਂ ਮੁੱਖ ਧਾਰਨਾਵਾਂ ਇਸ ਤਰ੍ਹਾਂ ਹਨ :

(1) ਕੁੱਲ ਲਾਭ (Gross Profit) : ਉੱਦਮੀ ਨੂੰ ਉਤਪਾਦਨ ਬਦਲੇ ਜਿਹੜਾ ਇਵਜ਼ਾਨਾ ਮਿਲਦਾ ਹੈ, ਉਸ ਨੂੰ ਕੁੱਲ ਲਾਭ ਆਖਿਆ ਜਾਂਦਾ ਹੈ। ਫ਼ਰਮ ਦੀ ਕੁੱਲ ਆਮਦਨ ਵਿਚੋਂ ਜਦੋਂ ਕਿਰਤ ਦੇ ਬਦਲੇ ਮਜ਼ਦੂਰੀ, ਪੂੰਜੀ ਦੇ ਪ੍ਰਯੋਗ ਬਦਲੇ ਵਿਆਜ ਅਤੇ ਭੂਮੀ ਵਰਤੋਂ ਬਦਲੇ ਲਗਾਨ ਦਾ ਭੁਗਤਾਨ ਕਰਦਾ ਹੈ। ਇਹ ਭੁਗਤਾਨ ਕਰਨ ਤੋਂ ਬਾਅਦ ਜੋ ਬਚਦਾ ਹੈ, ਉਹ ਕੁੱਲ ਲਾਭ ਅਖਵਾਉਂਦਾ ਹੈ। ਜਿਵੇਂ ਮੰਨ ਲਵੋ ਇਕ ਫ਼ਰਮ ਦੀ ਕੁੱਲ ਆਮਦਨ (Total Revenue) 15,000 ਰੁਪਏ ਹੈ, ਇਹ ਫ਼ਰਮ ਮਜ਼ਦੂਰੀ ਵਜੋਂ 4,000 ਰੁਪਏ ਪੂੰਜੀ ਦੇ ਇਵਜ਼ਾਨੇ ਵਜੋਂ 3,000 ਰੁਪਏ ਅਤੇ ਭੂਮੀ ਦੇ ਲਗਾਨ ਦੇ ਰੂਪ ਵਿਚ 2,000 ਰੁਪਏ ਦਾ ਭੁਗਤਾਨ ਕਰਦੀ ਹੈ। ਇਸ ਤਰ੍ਹਾਂ ਫ਼ਰਮ ਦੀ ਬਾਹਰੀ ਲਾਗਤ (Explicit Cost) ਹੋ ਗਈ 4000+3000+2000=9000 ਰੁਪਏ ਅਤੇ ਕੁੱਲ ਲਾਭ ਹੋ ਗਿਆ 15000–9000=6000 ਰੁਪਏ ਅਤੇ ਕੁੱਲ ਲਾਭ ਨੂੰ ਵਿਵਸਾਇਕ ਲਾਭ ਵੀ ਆਖਿਆ ਜਾਂਦਾ ਹੈ।

(Gross Profit = Total Revenue – Explicit Cost)

(2) ਸ਼ੁੱਧ ਲਾਭ (Net Profit) : ਸ਼ੁੱਧ ਲਾਭ ਉੱਦਮੀ ਨੂੰ ਜੋਖਮ ਉਠਾਉਣ ਕਾਰਨ ਪ੍ਰਾਪਤ ਹੁੰਦਾ ਹੈ। ਇਹ ਜੋਖਮ ਮੰਗ ਦਾ ਪਹਿਲਾਂ ਤੋਂ ਹੀ ਅੰਦਾਜ਼ਾ ਲਗਾ ਕੇ ਉਤਪਾਦਨ ਕਰਨ ਵਿਚ ਨਿਯਤ ਹੁੰਦਾ ਹੈ। ਅਰਥ ਸ਼ਾਸਤਰ ਵਿਚ ਲਾਭ ਤੋਂ ਭਾਵ ਸ਼ੁੱਧ ਲਾਭ ਜਾਂ ਆਰਥਕ ਲਾਭ (Economic Profit) ਤੋਂ ਹੈ। ਆਰਥਕ ਲਾਭ ਦਾ ਅੰਦਾਜ਼ਾ ਲਾਉਣ ਵਾਸਤੇ ਕੁੱਲ ਲਾਭ ਵਿਚੋਂ ਅੰਦਰੂਨੀ ਲਾਗਤਾਂ (Implicit Costs) ਅਤੇ ਘਿਸਾਵਟ (Depreciation) ਅਤੇ ਬੀਮਾ ਆਦਿ ਦਾ ਖਰਚ ਘਟਾ ਦਿੱਤਾ ਜਾਂਦਾ ਹੈ।

Net Profit = Gross Profit – Implicit Cost

ਸ਼ੁੱਧ ਲਾਭ = ਕੁੱਲ ਲਾਭ – ਅੰਦਰੂਨੀ ਲਾਗਤ

ਜਾਂ

ਸ਼ੁੱਧ ਲਾਭ = ਕੁੱਲ ਆਮਦਨ – ਕੁੱਲ ਲਾਗਤ

Net Profit = Total Revenue – Total Cost

ਕੁੱਲ ਲਾਭ ਵਿਚ ਹੇਠ ਲਿਖੇ ਤੱਤ ਸ਼ਾਮਲ ਹੁੰਦੇ ਹਨ :

1. ਸ਼ੁੱਧ ਲਾਭ (Net Profit)
2. ਮਜ਼ਦੂਰੀ ਵਾਲਾ ਅੰਸ਼ (Element of Wages) : ਜੋਖਿਮ ਉਠਾਉਣ ਤੋਂ ਇਲਾਵਾ ਜੇਕਰ ਕੋਈ ਉੱਦਮੀ ਪ੍ਰਬੰਧ ਵੀ ਆਪ ਹੀ ਕਰਦਾ ਹੈ ਤਾਂ ਉਸ ਨੂੰ ਮਜ਼ਦੂਰੀ ਵੀ ਮਿਲਦੀ ਹੈ ਜੋ ਕੁੱਲ ਲਾਭ ਵਿਚ ਸ਼ਾਮਿਲ ਹੋਵੇਗੀ।
3. ਵਿਆਜ ਦਾ ਅੰਸ਼ (Element of Interest) : ਉੱਦਮੀ ਆਪਣੀ ਪੂੰਜੀ ਵੀ ਲਗਾਉਂਦਾ ਹੈ ਤਾਂ

ਵਿਆਜ ਉਸ ਨੂੰ ਬਾਹਰ ਨਾ ਦੇ ਕੇ ਆਪਣੇ ਆਪ ਨੂੰ ਮਿਲਦਾ ਹੈ। ਜਿਸ ਨੂੰ ਕੁੱਲ ਲਾਭ ਵਿਚ ਸ਼ਾਮਿਲ ਕੀਤਾ ਜਾਂਦਾ ਹੈ।

4. ਲਗਾਨ ਦਾ ਅੰਸ਼ (Element of Rent) : ਇਸੇ ਤਰ੍ਹਾਂ ਭੂਮੀ ਵੀ ਉੱਦਮੀ ਦੀ ਹੀ ਹੋ ਸਕਦੀ ਹੈ। ਜੇਕਰ ਉਹ ਕਿਸੇ ਨੂੰ ਉਹ ਭੂਮੀ ਦਿੰਦਾ ਤਾਂ ਉਸ ਨੂੰ ਕਿਰਾਇਆ ਪ੍ਰਾਪਤ ਹੋਣਾ ਸੀ ਸੋ ਭੂਮੀ ਦਾ ਕਿਰਾਇਆ ਵੀ ਕੁੱਲ ਲਾਭ ਵਿਚ ਸ਼ਾਮਲ ਹੋਵੇਗਾ।
5. ਏਕਾਧਿਕਾਰੀ ਲਾਭ (Monopoly Gains) : ਕਈ ਵਾਰ ਉੱਦਮੀ ਨੂੰ ਏਕਾਧਿਕਾਰੀ ਹੋਣ ਦੇ ਲਾਭ ਵੀ ਪ੍ਰਾਪਤ ਹੁੰਦੇ ਹਨ ਉਹ ਮੰਡੀ ਵਿਚ ਇਕੱਲਾ ਹੀ ਉਤਪਾਦਨ ਕਰਨ ਵਾਲਾ ਹੁੰਦਾ ਹੈ, ਇਸ ਕਰਕੇ ਉਸ ਨੂੰ ਲਾਭ ਹੁੰਦੇ ਹਨ। ਜਿਹੜੇ ਕੁੱਲ ਲਾਭ ਨੂੰ ਵਧਾਉਂਦੇ ਹਨ।
6. ਅਚੇਤੀ ਲਾਭ (Windfall gains) : ਅਚਨਚੇਤ ਹੋਈ ਘਟਨਾਵਾਂ ਜਿਵੇਂ ਕਰਫ਼ਿਊ ਲੱਗਣਾ, ਜੰਗ ਦਾ ਛਿੜਨਾ, ਮੰਗ ਦਾ ਵਧਣਾ, ਪੂਰਤੀ ਦਾ ਘੱਟ ਹੋਣਾ ਇਹ ਸਾਰੀਆਂ ਗੱਲਾਂ ਵੀ ਕੁੱਲ ਲਾਭ ਨੂੰ ਵਧਾ ਦਿੰਦੀਆਂ ਹਨ।

ਕੁੱਲ ਲਾਭ = ਕੁੱਲ ਆਮਦਨ – ਬਾਹਰੀ ਲਾਗਤਾਂ

ਸ਼ੁੱਧ ਲਾਭ ਵਿਚ ਹੇਠ ਲਿਖੇ ਤੱਤ ਸ਼ਾਮਲ ਹੁੰਦੇ ਹਨ :

1. ਜੋਖਮ ਉਠਾਉਣ ਵਜੋਂ ਇਨਾਮ (Reward for Risk Taking): ਸ਼ੁੱਧ ਜਾਂ ਨਿਰੋਲ ਲਾਭ ਉਹ ਰਕਮ ਹੈ, ਜਿਹੜਾ ਉੱਦਮੀ ਨੂੰ ਜੋਖਮ ਉਠਾਉਣ ਕਾਰਨ ਪ੍ਰਾਪਤ ਹੁੰਦਾ ਹੈ। ਉੱਦਮੀ ਦਾ ਕੰਮ ਜੋਖਮ ਉਠਾਉਣਾ ਹੈ। ਇਸ ਬਦਲੇ ਉਸ ਨੂੰ ਇਨਾਮ ਮਿਲਦਾ ਹੈ ਜੋ ਸ਼ੁੱਧ ਲਾਭ ਵਿਚ ਸ਼ਾਮਿਲ ਹੁੰਦਾ ਹੈ।
2. ਅਨਿਸ਼ਚਿਤਤਾਵਾਂ ਸਹਿਣ ਕਰਨ ਲਈ ਇਨਾਮ (Reward for Bearing Uncertainty) : ਉੱਦਮੀ ਬਹੁਤ ਤਰ੍ਹਾਂ ਦੀਆਂ ਅਨਿਸ਼ਚਿਤਤਾਵਾਂ (ਮੰਗ ਦਾ ਵਧਣਾ ਜਾਂ ਘਟਣਾ) ਪ੍ਰਤੀਯੋਗਤਾ ਸੰਬੰਧੀ ਅਨਿਸ਼ਚਿਤਤਾ ਆਦਿ ਸਹਿੰਦਾ ਹੈ। ਇਹ ਸਭ ਸਹਿਣ ਕਰਨ ਵਾਸਤੇ ਉੱਦਮੀ ਨੂੰ ਇਨਾਮ ਮਿਲਦਾ ਹੈ।
3. ਏਕਾਧਿਕਾਰੀ ਲਾਭ (Monopoly Gains) : ਜਦੋਂ ਬਾਜ਼ਾਰ ਵਿਚ ਉੱਦਮੀ ਆਪਣੀ ਵਸਤੂ ਦੀ ਵੱਧ ਕੀਮਤ ਪ੍ਰਾਪਤ ਕਰਦਾ ਹੈ ਅਤੇ ਉਤਪਾਦਨ ਦੇ ਸਾਧਨਾਂ ਨੂੰ ਘੱਟ ਪੁਰਸਕਾਰ ਦਿੰਦਾ ਹੈ। ਇਹ ਲਾਭ ਵੀ ਸ਼ੁੱਧ ਲਾਭ ਵਿਚ ਸ਼ਾਮਿਲ ਹੁੰਦਾ ਹੈ।
4. ਕਾਢਾਂ (Innovations) : ਜਦੋਂ ਉੱਦਮੀ ਕਿਸੀ ਨਵੀਂ ਕਾਢ ਨੂੰ ਪ੍ਰਯੋਗ ਵਿਚ ਲਿਆਉਂਦਾ ਹੈ ਤਾਂ ਵੀ ਉਸ ਨੂੰ ਲਾਭ ਮਿਲਦੇ ਹਨ ਭਾਵ ਜਦੋਂ ਕੋਈ ਨਵੀਂ ਜਾਂ ਸੁਧਰੀ ਹੋਈ ਚੀਜ਼ ਮੰਡੀ ਵਿਚ ਆਵੇਗੀ ਤਾਂ ਉਸ ਦੀ ਮੰਗ ਵਧੇਗੀ ਤੇ ਫ਼ਰਮ ਨੂੰ ਲਾਭ ਮਿਲਣਗੇ।

ਸਵੈ ਅਭਿਆਸ–1

1. ਲਾਭ ਕੀ ਹੈ ਅਤੇ ਇਹ ਉਤਪਾਦਨ ਦੇ ਸਾਧਨਾਂ ਵਿਚੋਂ ਕਿਹੜੇ ਸਾਧਨ ਨੂੰ ਮਿਲਦਾ ਹੈ ਤੇ ਕਿਉਂ ?
2. ਕੁੱਲ ਲਾਭ ਅਤੇ ਸ਼ੁੱਧ ਲਾਭ ਵਿਚ ਕਿਹੜੇ-ਕਿਹੜੇ ਤੱਤ ਸ਼ਾਮਿਲ ਹੁੰਦੇ ਹਨ ?
3. ਕੁੱਲ ਲਾਭ ਅਤੇ ਸ਼ੁੱਧ ਲਾਭ ਵਿਚ ਅੰਤਰ ਸਪੱਸ਼ਟ ਕਰੋ ?

2.6.5 ਲਾਭ ਅਤੇ ਕੀਮਤ (Profit and Price)

ਉੱਪਰ ਦਿੱਤੀ ਜਾਣਕਾਰੀ ਮੁਤਾਬਕ ਤੁਸੀਂ ਸਮਝ ਗਏ ਹੋਵੋਗੇ ਕਿ ਉੱਦਮੀ ਦੀਆਂ ਸੇਵਾਵਾਂ ਦੇ ਬਦਲੇ ਵਿਚ ਦਿੱਤੇ ਜਾਣ ਵਾਲੇ ਭੁਗਤਾਨ ਨੂੰ ਲਾਭ ਕਿਹਾ ਜਾਂਦਾ ਹੈ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਲਾਭ ਇਕ ਸਾਧਨ ਕੀਮਤ (Factor Price) ਹੈ। ਇਕ ਫ਼ਰਮ ਆਪਣੀ ਵਸਤੂ ਦੀ ਕੀਮਤ ਵਿਚ ਸਾਰੇ ਸਾਧਨਾਂ ਦੇ ਇਵਜ਼ਾਨਿਆਂ ਨੂੰ ਸ਼ਾਮਿਲ ਕਰਦੀ ਹੈ। ਜਿਵੇਂ ਕਿਰਤੀਆਂ ਨੂੰ ਕਿਰਤ, ਭੂਮੀ ਨੂੰ ਲਗਾਨ ਆਦਿ ਤਾਂ ਲਾਭ ਦੀ ਲਾਗਤ ਦਾ ਅੰਸ਼ ਹੈ ਅਤੇ ਕੀ ਇਹ ਕੀਮਤ ਵਿਚ ਸ਼ਾਮਿਲ ਹੁੰਦਾ ਹੈ ਜਾਂ ਨਹੀਂ? ਪ੍ਰੋ: ਵਾਕਰ ਅਤੇ ਹੋਰ ਅਰਥ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਬਾਕੀ ਸਾਰੇ ਸਾਧਨਾਂ ਦੀਆਂ ਸੇਵਾਵਾਂ ਬਦਲੇ ਜਿਹੜਾ ਇਵਜ਼ਾਨਾ ਦਿੱਤਾ ਜਾਂਦਾ ਹੈ ਉਸ ਨੂੰ ਪਹਿਲਾਂ ਹੀ ਨਿਸ਼ਚਿਤ ਜਾਂ ਨਿਰਧਾਰਿਤ ਕਰ ਲਿਆ ਜਾਂਦਾ ਹੈ ਜਿਵੇਂ ਕਿਰਤੀ ਨੂੰ ਕਿੰਨੀ ਕਿਰਤ ਦੇਣੀ ਹੈ? ਪੂੰਜੀ ਲਈ ਕਿੰਨਾ ਵਿਆਜ ਦੇਣਾ

ਹੈ? ਪਰ ਲਾਭ ਪਹਿਲਾਂ ਨਿਰਧਾਰਿਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਲਾਭ ਇਕ ਵਾਧੂ ਭੁਗਤਾਨ ਹੈ। ਇਸ ਲਈ ਲਾਭ ਲਾਗਤ ਦਾ ਅੰਸ਼ ਨਹੀਂ ਹੈ, ਇਹ ਕੀਮਤ ਵਿਚ ਸ਼ਾਮਿਲ ਨਹੀਂ ਹੁੰਦਾ। ਕਈ ਅਰਥ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਉੱਦਮੀ ਕੁੱਲ ਲਾਗਤ ਦਾ ਅੰਦਾਜ਼ਾ ਲਗਾਉਂਦੇ ਸਮੇਂ ਸਾਧਾਰਨ ਲਾਭ ਨੂੰ ਵਿਚ ਸ਼ਾਮਿਲ ਕਰ ਲੈਂਦਾ ਹੈ, ਉਸ ਸਮੇਂ ਲਾਭ, ਕੀਮਤ ਵਿਚ ਸ਼ਾਮਿਲ ਹੋ ਜਾਂਦਾ ਹੈ, ਕਿਉਂਕਿ ਉਹ ਲਾਗਤ ਦਾ ਅੰਸ਼ ਬਣ ਗਿਆ ਹੈ। ਅਸਾਧਾਰਨ ਲਾਭ ਲਾਗਤ ਦਾ ਹਿੱਸਾ ਨਾ ਹੋਣ ਕਰਕੇ ਕੀਮਤ ਵਿਚ ਸ਼ਾਮਲ ਨਹੀਂ ਹੁੰਦੇ।

ਸਵੈ ਅਭਿਆਸ-2

1. ਕੀ ਲਾਭ ਨੂੰ ਕੀਮਤ ਵਿਚ ਸ਼ਾਮਿਲ ਹੋਣਾ ਚਾਹੀਦਾ ਹੈ?

2.6.6 ਲਾਭ ਦੇ ਸਿਧਾਂਤ

ਲਾਭ ਨੂੰ ਨਿਰਧਾਰਿਤ ਕਰਨ ਵਾਲੇ ਬਹੁਤ ਸਾਰੇ ਸਿਧਾਂਤ ਹਨ। ਹੁਣ ਅਸੀਂ ਹਰ ਸਿਧਾਂਤ ਬਾਰੇ ਪੜ੍ਹਾਂਗੇ ਕਿ ਲਾਭ ਕਿਵੇਂ ਨਿਰਧਾਰਿਤ ਕੀਤਾ ਜਾਂਦਾ ਹੈ ਕਿਹੜੇ ਸਿਧਾਂਤ ਵਿਚ ਲਾਭ ਦੇ ਕਿਸ ਪੱਖ ਨੂੰ ਧਿਆਨ ਵਿਚ ਰੱਖਦੇ ਹੋਏ ਨਿਰਧਾਰਿਤ ਕੀਤਾ ਜਾਂਦਾ ਹੈ।

2.6.6.1 ਐਫ. ਏ. ਵਾਕਰ ਦਾ ਲਾਭ ਦਾ ਲਗਾਨ ਸਿਧਾਂਤ (F.A. Walker's Rent Theory of Profits)

ਐਫ. ਏ. ਵਾਕਰ ਨੇ ਇਸ ਸਿਧਾਂਤ ਨੂੰ ਵਿਕਸਿਤ ਕੀਤਾ ਜਦੋਂ ਕਿ ਪ੍ਰੋ: ਸੀਨੀਅਰ ਅਤੇ ਜੇ. ਵਾਕਰ ਮਿਲ ਨੇ ਇਸ ਨੂੰ ਸ਼ੁਰੂ ਕੀਤਾ ਸੀ। ਪ੍ਰੋ: ਵਾਕਰ ਲਾਭ ਨੂੰ ਕਾਬਲੀਅਤ ਵਜੋਂ ਮਿਲਿਆ ਲਗਾਨ ਆਖਦਾ ਹੈ। ਜਿਵੇਂ ਕਿ ਤਰ੍ਹਾਂ-ਤਰ੍ਹਾਂ ਦੀ ਗਰੇਡ ਦੀਆਂ ਜ਼ਮੀਨਾਂ ਹੁੰਦੀਆਂ ਹਨ (ਚੰਗੀਆਂ, ਘੱਟ ਚੰਗੀਆਂ, ਮਾੜੀਆਂ ਆਦਿ) ਉਸੇ ਤਰ੍ਹਾਂ ਵੱਖ-ਵੱਖ ਗਰੇਡ ਦੇ ਉੱਦਮੀ ਹੁੰਦੇ ਹਨ। ਘੱਟ ਕਾਬਲ ਉੱਦਮੀ ਸਿਰਫ਼ ਉਤਪਾਦਨ ਦੀ ਲਾਗਤ ਹੀ ਪ੍ਰਾਪਤ ਕਰ ਸਕਦਾ ਹੈ। ਇਸ ਦੇ ਉਲਟ ਕਾਬਲ ਉੱਦਮੀ ਬਹੁਤ ਲਾਭ ਕਮਾ ਸਕਦਾ ਹੈ। ਜਿਵੇਂ ਲਗਾਨ ਸੀਮਾਂਤ ਭੂਮੀ ਅਤੇ ਅੰਤਰਾਂ ਸੀਮਾਂਤ ਭੂਮੀ ਦੇ ਅੰਤਰ ਕਾਰਨ ਪੈਦਾ ਹੁੰਦਾ ਹੈ। ਇਸੇ ਤਰ੍ਹਾਂ ਲਾਭ ਵੀ ਘੱਟ ਨਿਪੁਣ ਅਤੇ ਵੱਖ ਨਿਪੁਣ ਉੱਦਮੀਆਂ ਦੀ ਕਾਬਲੀਅਤ ਜਾਂ ਨਿਪੁਣਤਾ ਦੇ ਅੰਤਰ ਕਾਰਨ ਪੈਦਾ ਹੁੰਦਾ ਹੈ। ਲਾਭ, ਲਗਾਨ ਵਾਂਗ ਕੀਮਤ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ। ਇਸ ਸਿਧਾਂਤ ਵਿਚ ਵੀ ਉਹੀ ਦੋਸ਼ ਹਨ, ਜੋ ਰਿਕਾਰਡੋ ਦੇ ਲਗਾਨ ਸਿਧਾਂਤ ਵਿਚ ਹਨ।

2.6.6.2 ਪ੍ਰੋ: ਟਾਉਜ਼ੇ ਦਾ ਲਾਭ ਦਾ ਮਜ਼ਦੂਰੀ ਸਿਧਾਂਤ (Taussig's Wages Theory of Profit)

ਪ੍ਰੋ: ਟਾਸਿਗ ਦੇ ਅਨੁਸਾਰ ਲਾਭ ਨੂੰ ਵੀ ਮਜ਼ਦੂਰੀ ਵਾਂਗ ਹੀ ਦੇਖਣਾ ਚਾਹੀਦਾ ਹੈ ਜਾਂ ਉਹ ਲਾਭ ਨੂੰ ਮਜ਼ਦੂਰੀ ਹੀ ਮੰਨਦੇ ਹਨ। ("Profit are best regarded simply as a form of wages.") ਫਿਰ ਪ੍ਰੋ: ਟਾਸਿਗ ਮੰਨਦੇ ਹਨ ਕਿ ''ਲਾਭ, ਉੱਦਮੀ ਨੂੰ ਉਸ ਦੀ ਕੁਸ਼ਲਤਾ ਕਰਕੇ ਦੇਣ ਵਾਲੀ ਮਜ਼ਦੂਰੀ ਹੈ।'' ("Profit is the wage of the entrepreneur which accrue to him on account of his special ability.") ਪ੍ਰੋ: ਟਾਸਿਗ ਅਤੇ ਡੇਵਨਪਰੋਟ ਕਿਰਤੀ ਤੇ ਉੱਦਮੀ ਨੂੰ ਇਕੋ ਜਿਹਾ ਹੀ ਮੰਨਦੇ ਹਨ। ਉੱਦਮੀ ਦੀਆਂ ਸੇਵਾਵਾਂ ਨੂੰ ਕਿਰਤੀ ਦੀ ਸੇਵਾਵਾਂ ਨਾਲੋਂ ਜ਼ਿਆਦਾ ਖਾਸ ਕਿਸਮ ਦੀ ਮੰਨਿਆ ਹੈ। ਕਾਫ਼ੀ ਅਰਥ-ਸ਼ਾਸਤਰੀਆਂ ਨੂੰ ਇਸ ਸਿਧਾਂਤ ਵਿਚ ਇਹੀ ਸਭ ਤੋਂ ਵੱਡਾ ਦੋਸ਼ ਨਜ਼ਰ ਆਇਆ ਕਿ ਕਿਰਤ ਅਤੇ ਲਾਭ ਨੂੰ ਇਕੋ ਜਿਹਾ ਮੰਨਿਆ ਗਿਆ ਹੈ।

2.6.6.3 ਸੀਮਾਂਤ ਉਤਪਾਦਕਤਾ ਦਾ ਸਿਧਾਂਤ (Marginal Productivity Theory of Profits)

ਪ੍ਰੋ: ਚੈਪਮੈਨ ਦੇ ਅਨੁਸਾਰ ਕਿਸੇ ਉੱਦਮੀ ਦੀ ਸੀਮਾਂਤ ਉਤਪਾਦਕਤਾ ਉੱਨੀ ਮਾਤਰਾ ਵਿਚ ਮੰਨੀ ਜਾਂਦੀ ਹੈ, ਜਿਹੜੀ ਕਿ ਇਕ ਸਮੁਦਾਇ, ਉੱਦਮੀ ਦੀ ਸਹਾਇਤਾ ਨਾਲ ਜਾਂ ਉਸ ਤੋਂ ਵੱਧ ਉਤਪਾਦਨ ਕਰਦਾ ਹੈ ਨਿਸਬਤਨ ਜਿਹੜੀ ਉੱਦਮੀ ਤੋਂ ਬਗੈਰ ਪੈਦਾ ਕਰਦੇ ਹਨ। ("The marginal productivity of the entrepreneur is the amount which the community is able to produce with his help over and above what it could produce without his help.") ਸੀਮਾਂਤ ਉਤਪਾਦਕਤਾ ਸਿਧਾਂਤ ਦੇ ਮੁਤਾਬਕ ਉੱਦਮੀਆਂ ਦੀ ਪੂਰਤੀ ਥੋੜ੍ਹੀ ਹੈ, ਇਹ ਇਕ ਦਮ ਘਟਾਈ ਜਾਂ ਵਧਾਈ ਨਹੀਂ ਜਾ ਸਕਦੀ। ਜਦੋਂ ਕਿ ਇਸ ਗੁੰਝਲਦਾਰ ਸਮਾਜ ਵਿਚ ਉੱਦਮੀਆਂ ਦੀ ਮੰਗ ਵਧਦੀ ਜਾ ਰਹੀ ਹੈ।ਯੋਗ ਉੱਦਮੀਆਂ ਦੀ ਮੰਗ ਹੋਰ ਵੀ ਜ਼ਿਆਦਾ ਹੈ। ਜਿਹੜੇ ਉੱਦਮੀਆਂ ਦੀ ਮੰਗ ਜ਼ਿਆਦਾ ਹੋਵੇਗੀ, ਉਨ੍ਹਾਂ ਨੂੰ ਜ਼ਿਆਦਾ ਲਾਭ ਮਿਲਣਗੇ। ਉੱਦਮੀਆਂ ਦੀ ਘਾਟ ਅਨਿਸ਼ਚਿਤਤਾਵਾਂ ਕਰਕੇ ਵਧਦੀ ਹੈ। ਕਿਉਂਕਿ ਯੋਗ ਉੱਦਮੀ ਅਨਿਸ਼ਚਿਤਤਾ ਸਹਿੰਦੇ ਹੋਏ ਉਤਪਾਦਨ ਵਿਚ ਲੱਗੇ ਰਹਿੰਦੇ ਹਨ। ਇਸ ਕਰਕੇ

ਉਹ ਜ਼ਿਆਦਾ ਲਾਭ ਕਮਾਉਂਦੇ ਹਨ। ਉਨ੍ਹਾਂ ਦੀ ਸੀਮਾਂਤ ਉਤਪਾਦਕਤਾ ਜ਼ਿਆਦਾ ਹੋਣ ਕਰਕੇ ਜ਼ਿਆਦਾ ਲਾਭ ਕਮਾਉਂਦੇ ਹਨ।

2.6.6.4 ਜੇ. ਬੀ. ਕਲਾਰਕ ਦਾ ਲਾਭ ਦਾ ਗਤਿਆਤਮਕ ਸਿਧਾਂਤ (J. B. Clark's Dynamic Theory of Profit)

ਜੇ. ਬੀ. ਕਲਾਰਕ ਦੇ ਅਨੁਸਾਰ, ''ਲਾਭ ਇਕ ਗਤਿਆਤਮਕ ਬੇਸ਼ੀ ਹੈ,ਜੋ ਸਿਰਫ਼ ਗਤਿਆਤਮਕ ਸਥਿਤੀ ਵਿਚ ਉਤਪੰਨ ਹੁੰਦਾ ਹੈ ਅਤੇ ਅਗਤਿਆਤਮਕ ਅਵਸਥਾ ਵਿਚ ਲਾਭ ਨਹੀਂ ਮਿਲਦਾ।'' ਜੇ. ਬੀ. ਕਲਾਰਕ ਕਹਿੰਦੇ ਹਨ ਕਿ, ''ਗਤਿਆਤਮਕ ਅਵਸਥਾ ਵਿਚ ਵਸਤੂਆਂ ਦੀ ਕੀਮਤ ਅਤੇ ਲਾਗਤ ਦੇ ਅੰਤਰ ਦੇ ਕਾਰਨ ਲਾਭ ਉਤਪੰਨ ਹੁੰਦਾ ਹੈ। ਜਦੋਂ ਅਗਤਿਆਤਮਕ ਸਥਿਤੀ ਵਿਚ ਆਰਥਿਕ ਤੱਤਾਂ ਵਿਚ ਕੋਈ ਬਦਲਾਉ ਨਹੀਂ ਆਉਂਦਾ ਜਿਵੇਂ ਬਾਜ਼ਾਰ ਦੀਆਂ ਸ਼ਕਤੀਆਂ ਫੈਸ਼ਨ, ਜਨ-ਸੰਖਿਆ ਆਦਿ ਵਿਚ ਹੀ ਕੋਈ ਬਦਲਾਉ ਨਹੀਂ ਹੁੰਦਾ, ਇਸ ਲਈ ਇਸ ਅਵਸਥਾ ਵਿਚ ਕੋਈ ਅਨਿਸ਼ਚਿਤਤਾ ਜਾਂ ਜੋਖਮ ਉਠਾਉਣ ਦੀ ਲੋੜ ਨਹੀਂ ਹੁੰਦੀ। ਉੱਦਮੀ ਨੂੰ ਸਿਰਫ਼ ਸਾਧਾਰਨ ਲਾਭ ਹੀ ਮਿਲਦੇ ਹਨ, ਕਿਉਂਕਿ ਉਹ ਸਿਰਫ਼ ਪ੍ਰਬੰਧ ਦੀ ਮਜ਼ਦੂਰੀ ਹੀ ਲੈਂਦੇ ਹਨ। ਪ੍ਰੋ: ਕਲਾਰਕ ਦੇ ਅਨੁਸਾਰ ਅਸਲ ਜੀਵਨ ਵਿਚ ਗਤਿਆਤਮਕ ਅਵਸਥਾ ਪਾਈ ਜਾਂਦੀ ਹੈ, ਕਿਉਂਕਿ ਇਸ ਵਿਚ ਬਦਲਾਉ ਆਉਂਦੇ ਹਨ ਜਿਵੇਂ ਜਨ-ਸੰਖਿਆ ਵਿਚ ਪਰਿਵਰਤਨ, ਜਨ-ਸੰਖਿਆ ਵਾਧੇ ਕਾਰਨ ਮੰਗ ਅਤੇ ਪੂਰਤੀ ਵਿਚ ਪਰਿਵਰਤਨ, ਉਤਪਾਦਨ ਦੀ ਤਕਨੀਕ ਵਿਚ ਪਰਿਵਰਤਨ। ਇਨ੍ਹਾਂ ਸਾਰੇ ਕਾਰਨਾਂ ਕਰਕੇ ਲਾਗਤ ਅਤੇ ਕੀਮਤ ਵਿਚ ਵੀ ਪਰਿਵਰਤਨ ਹੋ ਸਕਦਾ ਹੈ ਜਦੋਂ ਲਾਗਤ ਕੀਮਤ ਨਾਲੋਂ ਘੱਟ ਜਾਵੇ ਉਦੋਂ ਲਾਭ ਮਿਲਦੇ ਹਨ। ਗਤਿਆਤਮਕ ਅਰਥ ਵਿਵਸਥਾ ਵਿਚ ਹੋਣ ਵਾਲੇ ਪਰਿਵਰਤਨਾਂ ਦੇ ਸਿੱਟੇ ਵਜੋਂ ਜੋ ਅਸੰਤੁਲਨ ਉਤਪੰਨ ਹੁੰਦਾ ਹੈ, ਉਸ ਦੇ ਨਤੀਜੇ ਵਜੋਂ ਵੀ ਲਾਭ ਪ੍ਰਾਪਤ ਹੁੰਦਾ ਹੈ। ਪ੍ਰੋ: ਨਾਈਟ ਇਸ ਸਿਧਾਂਤ ਦੀ ਆਲੋਚਨਾ ਕਰਦੇ ਹੋਏ ਕਹਿੰਦੇ ਹਨ ਕਿ ਹਰ ਪ੍ਰਕਾਰ ਦੇ ਪਰਿਵਰਤਨਾਂ ਕਰਕੇ ਲਾਭ ਪੈਦਾ ਨਹੀਂ ਹੁੰਦੇ। ਜਿਹੜੇ ਪਰਿਵਰਤਨਾਂ ਦਾ ਤੁਸੀਂ ਪਹਿਲਾਂ ਤੋਂ ਅੰਦਾਜ਼ਾ ਨਹੀਂ ਲਗਾ ਸਕਦੇ, ਉਨ੍ਹਾਂ ਕਰਕੇ ਹੀ ਲਾਭ ਪੈਦਾ ਹੁੰਦੇ ਹਨ।

2.6.6.5 ਪ੍ਰੋ: ਸ਼ੁਮਪੀਟਰ ਦਾ ਨਵ-ਪਰਿਵਰਤਨ ਸਿਧਾਂਤ (Schumpeter's Innovation Theory of Profits)

ਪ੍ਰੋ: ਸ਼ੁਮਪੀਟਰ ਦੇ ਸਿਧਾਂਤ ਦੇ ਅਨੁਸਾਰ ਨਵੀਆਂ ਕਾਢਾਂ ਨੂੰ ਉਤਪਾਦਨ ਪ੍ਰਕ੍ਰਿਆ ਵਿਚ ਇਸਤੇਮਾਲ ਕਰਨ ਨੂੰ ਨਵ-ਪ੍ਰਵਰਤਨ ਕਿਹਾ ਜਾਂਦਾ ਹੈ, ਨਵੀਆਂ ਕਾਢਾਂ ਨੂੰ ਉਤਪਾਦਨ ਪ੍ਰਕ੍ਰਿਆ ਵਿਚ ਲਗਾਉਣ ਨਾਲ ਉਤਪਾਦਨ ਲਾਗਤ ਘੱਟਦੀ ਹੈ ਅਤੇ ਵਿਕਰੀ ਵਿਚ ਵਾਧਾ ਹੁੰਦਾ ਹੈ। ਮੰਨ ਲਓ ਕਿਸੀ ਨਵੀਂ ਤਰ੍ਹਾਂ ਦੀ ਬਿਜਲੀ ਦੀਆਂ ਚੀਜ਼ਾਂ ਦੀ ਖੋਜ ਕੀਤੀ ਗਈ, ਜਿਨ੍ਹਾਂ ਦੇ ਪ੍ਰਯੋਗ ਕਰਨ ਵਿਚ ਬਿਜਲੀ ਦੀ ਲਾਗਤ ਘੱਟ ਆਵੇਗੀ ਤਾਂ ਲੋਕ ਉਨ੍ਹਾਂ ਨੂੰ ਬਹੁਤ ਮਾਤਰਾ ਵਿਚ ਖਰੀਦਣਗੇ ਅਤੇ ਉੱਦਮੀ ਦਾ ਲਾਭ ਵਧੇਗਾ। ਨਵ-ਪ੍ਰਵਰਤਨ ਪੰਜ ਤਰ੍ਹਾਂ ਦੇ ਹੋ ਸਕਦੇ ਹਨ :

(1) ਨਵੀਆਂ ਜਾਂ ਵੱਖਰੀਆਂ ਕਿਸਮਾਂ ਦੀਆਂ ਵਸਤੂਆਂ ਦੇ ਉਤਪਾਦਨ (Production of new or different types of goods)

(2) ਨਵੀਆਂ ਉਤਪਾਦਨ ਤਕਨੀਕਾਂ ਨੂੰ ਅਪਨਾਉਣ (Adoption of new techniques of production)

(3) ਕੱਚੇ ਮਾਲ ਦੇ ਨਵੇਂ ਸਰੋਤਾਂ ਦੀ ਖੋਜ (Discovery of new sources of raw material)

(4) ਵਿਕਰੀ ਵਧਾਉਣ ਵਾਸਤੇ ਨਵੀਂ ਮੰਡੀਆਂ ਦੀ ਖੋਜ (Discovery of new markets for increasing the sales)

(5) ਉਤਪਾਦਨ ਦੇ ਸੰਗਠਨ ਵਿਚ ਬਦਲਾਉ (Changes in the organization of production)

ਪ੍ਰੋ: ਸ਼ੁਮਪੀਟਰ ਦਾ ਮੰਨਣਾ ਹੈ ਕਿ ਨਵ-ਪ੍ਰਵਰਤਨ ਕਰਕੇ ਹੀ ਲਾਭ ਹੁੰਦਾ ਹੈ। ਉਹ ਇਹ ਵੀ ਮੰਨਦੇ ਹਨ ਕਿ ਇਹ ਲਾਭ ਅਸਥਾਈ ਹੁੰਦੇ ਹਨ ਕਿਉਂਕਿ ਇਹ ਨਵ-ਪ੍ਰਵਰਤਨ ਕਰਕੇ ਪੈਦਾ ਹੁੰਦੇ ਹਨ। ਪ੍ਰਤੀਯੋਗਤਾ ਦੇ ਸਮੇਂ ਵਿਚ ਦੂਜੇ ਉੱਦਮੀ ਨਵ-ਪ੍ਰਵਰਤਨ ਦੀ ਨਕਲ ਕਰਦੇ ਹਨ। ਇਸ ਕਾਰਨ ਆਰਥਿਕ ਲਾਭ ਖ਼ਤਮ ਹੋ ਜਾਂਦੇ ਹਨ ਪਰ ਲਾਭ ਕਮਾਉਣ ਤੇ ਵਧਾਉਣ ਦੀ ਲਾਲਸਾ ਉੱਦਮੀਆਂ ਨੂੰ ਹੋਰ ਨਵ-ਪ੍ਰਵਰਤਨ ਕਰਨ ਲਈ ਪ੍ਰੇਰਿਤ ਕਰਦੀ ਹੈ।

ਇਹ ਸਿਧਾਂਤ ਵੀ ਦੋਸ਼ ਰਹਿਤ ਨਹੀਂ ਹੈ, ਕਿਉਂਕਿ ਅਰਥ-ਸ਼ਾਸਤਰੀ ਮੰਨਦੇ ਹਨ ਕਿ ਸ਼ੁਮਪੀਟਰ ਨੇ ਲਾਭ ਦੇ ਨਿਰਧਾਰਨ ਵਿਚ ਅਨਿਸ਼ਚਿਤਤਾ ਨੂੰ ਕੋਈ ਮਹੱਤਵ ਨਹੀਂ ਦਿੱਤਾ ਹੈ ਅਤੇ ਨਾ ਹੀ ਉੱਦਮੀ ਦੇ ਜੋਖਮ ਉਠਾਉਣ ਦੇ ਕਾਰਜ ਨੂੰ ਕੋਈ ਮਹੱਤਵ ਦਿੱਤਾ ਹੈ। ਲਾਭ ਇਕੱਲੇ ਨਵ-ਪ੍ਰਵਰਤਨ ਕਰਕੇ ਹੀ ਨਹੀਂ ਹੁੰਦਾ ਉਸ ਦੇ ਪੈਦਾ ਹੋਣ ਦੇ

ਹੋਰ ਵੀ ਕਾਰਨ ਹੋ ਸਕਦੇ ਹਨ ਪਰ ਸ਼ੁਮਪੀਟਰ ਨੇ ਹੋਰ ਕਾਰਨਾਂ ਬਾਰੇ ਕੋਈ ਗੱਲ ਨਹੀਂ ਕੀਤੀ।

ਸਵੈ ਅਭਿਆਸ-3

1. ਨਵ-ਪ੍ਰਵਰਤਨ ਕੀ ਹੈ ਅਤੇ ਇਹ ਕਿੰਨੀ ਤਰ੍ਹਾਂ ਦਾ ਹੋ ਸਕਦਾ ਹੈ?
2. ਗਤੀ ਆਤਮਕ ਸਿਧਾਂਤ ਦੇ ਅਨੁਸਾਰ ਉਹ ਕਿਹੜੇ ਆਰਥਿਕ ਤੱਤ ਹਨ, ਜਿਨ੍ਹਾਂ ਕਾਰਨ ਪਰਿਵਰਤਨ ਆਉਂਦੇ ਹਨ?

2.6.6.6 ਲਾਭ ਦਾ ਜੋਖਮ ਸਿਧਾਂਤ (Risk Theory of Profits)

ਇਸ ਸਿਧਾਂਤ ਦਾ ਪ੍ਰਤੀਪਾਦਨ ਡਾ: ਹਾਲੇ (Hawley) ਨੇ ਕੀਤਾ ਹੈ। ਇਸ ਸਿਧਾਂਤ ਦੇ ਅਨੁਸਾਰ ਉੱਦਮੀ ਦਾ ਸਭ ਤੋਂ ਜ਼ਰੂਰੀ ਕੰਮ ਹੈ ਜੋਖਮ ਉਠਾਉਣਾ ਜਿਵੇਂ ਕਿ ਸਾਨੂੰ ਪਤਾ ਹੀ ਹੈ ਕਿ ਉੱਦਮੀ ਹੀ ਸਾਰੇ ਸਾਧਨ ਭਾਵ ਭੂਮੀ, ਕਿਰਤ, ਪੂੰਜੀ ਨੂੰ ਇਕੱਠੇ ਕਰਕੇ ਉਤਪਾਦਨ ਦੀ ਪ੍ਰਕ੍ਰਿਆ ਨੂੰ ਸ਼ੁਰੂ ਕਰਦਾ ਹੈ। ਇਨ੍ਹਾਂ ਸਾਰੇ ਸਾਧਨਾਂ ਦੀਆਂ ਸੇਵਾਵਾਂ ਦੇ ਬਦਲੇ ਇਨ੍ਹਾਂ ਨੂੰ ਜਿਹੜਾ ਇਵਜ਼ਾਨਾ ਦਿੱਤਾ ਜਾਂਦਾ ਹੈ, ਉਹ ਪਹਿਲਾਂ ਤੋਂ ਹੀ ਨਿਰਧਾਰਤ ਕੀਤਾ ਜਾਂਦਾ ਹੈ। ਇਨ੍ਹਾਂ ਸਾਰਿਆਂ ਦੇ ਨਾਲ ਜਿਹੜੀ ਵਸਤੂ ਬਣ ਕੇ ਵਿਕਣ ਲਈ ਮੰਡੀ ਵਿਚ ਜਾਂਦੀ ਹੈ, ਉਸ ਨੂੰ ਵਿਕਣ ਵਿਚ ਸਮਾਂ ਲੱਗਦਾ ਹੈ। ਮੰਨ ਲਓ ਇਕ ਫ਼ਰਮ ਕਿਸੇ ਵਸਤੂ ਦਾ ਉਤਪਾਦਨ ਸ਼ੁਰੂ ਕਰਦੀ ਹੈ, ਉਸ ਲਈ ਉਹ ਬਿਲਡਿੰਗ ਕਿਰਾਏ ਤੇ ਲੈਂਦੀ ਹੈ। ਕਿਰਤੀ ਅਤੇ ਪੂੰਜੀ ਦਾ ਵੀ ਇੰਤਜਾਮ ਕਰਦੀ ਹੈ। ਜਿਹੜੀ ਵਸਤੂ ਦਾ ਫ਼ਰਮ ਉਤਪਾਦਨ ਕਰ ਰਹੀ ਹੈ, ਉਹ 6 ਮਹੀਨਿਆਂ ਵਿਚ ਵਿਕਣ ਲਈ ਪੂਰੀ ਤਰ੍ਹਾਂ ਤਿਆਰ ਹੋਵੇਗੀ, ਪਰ ਜਿਹੜੇ ਸਾਧਨਾਂ ਦਾ ਇਸਤੇਮਾਲ ਹੋ ਰਿਹਾ ਹੈ, ਉਨ੍ਹਾਂ ਨੂੰ ਤਾਂ ਹਰ ਮਹੀਨੇ ਇਵਜ਼ਾਨਾ ਦੇਣਾ ਹੁੰਦਾ ਹੈ। ਕਈ ਵਾਰ ਇਹ ਵੀ ਹੁੰਦਾ ਹੈ ਕਿ ਵਸਤੂ ਦੇ ਬਣਨ ਅਤੇ ਵਿਕਰੀ ਦੇ ਸਮੇ਼ ਵਿਚ ਅੰਤਰ ਹੋਣ ਕਾਰਨ ਕਈ ਪਰਿਵਰਤਨ ਵੀ ਆ ਜਾਂਦੇ ਹਨ, ਜਿਸ ਕਰਕੇ ਕੁੱਲ ਆਮਦਨ, ਕੁੱਲ ਲਾਗਤ ਨਾਲੋਂ ਘੱਟ ਜਾਂਦੀ ਹੈ। ਜਿਵੇਂ 6 ਮਹੀਨੇ ਜਿਹੜੀ ਵਸਤੂ ਨੂੰ ਬਣਨ ਲਈ ਲੱਗੇ, ਉਸ ਸਮੇਂ ਦੌਰਾਨ ਜੇਕਰ ਉਸ ਵਸਤੂ ਦੀ ਮੰਗ ਘੱਟ ਜਾਵੇ ਤਾਂ ਜਿਹੜੀ ਕੁੱਲ ਆਮਦਨ ਦਾ ਅਨੁਮਾਨ ਲਗਾ ਕੇ ਫ਼ਰਮ ਉਤਪਾਦਨ ਸ਼ੁਰੂ ਕਰਦੀ ਹੈ, ਉਹ ਘੱਟ ਜਾਂਦੀ ਹੈ ਅਤੇ ਕੁੱਲ ਲਾਗਤ ਵੱਧ ਜਾਂਦੀ ਹੈ। ਇਸ ਕਰਕੇ ਉੱਦਮੀ ਨੂੰ ਨੁਕਸਾਨ ਉਠਾਉਣ ਦਾ ਜੋਖਮ ਸਹਿਣਾ ਪੈਂਦਾ ਹੈ। ਕੋਈ ਉੱਦਮੀ ਤਾਂ ਹੀ ਜੋਖਮ ਉਠਾਏਗਾ, ਜੇਕਰ ਉਸ ਨੂੰ ਕੋਈ ਪੁਰਸਕਾਰ ਜਾਂ ਇਵਜ਼ਾਨਾ ਮਿਲਣ ਦੀ ਆਸ ਹੋਵੇ। ਉਸ ਪੁਰਸਕਾਰ ਨੂੰ ਲਾਭ ਕਿਹਾ ਜਾਂਦਾ ਹੈ। ਪ੍ਰੋ: ਹਾਲੇ ਦੇ ਅਨੁਸਾਰ ਲਾਭ ਕੋਈ ਪ੍ਰਬੰਧ ਕਰਨ ਜਾਂ ਉਤਪਾਦਨ ਲਈ ਨਹੀਂ ਸਗੋਂ ਜੋਖਮ ਉਠਾਉਣ ਜਾਂ ਜ਼ਿੰਮੇਵਾਰੀ ਲਈ ਪੁਰਸਕਾਰ ਹੈ। ਉਹ ਇਹ ਵੀ ਮੰਨਦੇ ਹਨ ਕਿ ਜੋਖਮ ਅਤੇ ਲਾਭ ਦੇ ਆਨੁਪਾਤਕ ਸੰਬੰਧ ਹਨ, ਜੇਕਰ ਜੋਖਮ ਵੱਧਦਾ ਹੈ ਤਾਂ ਲਾਭ ਵੀ ਵੱਧਦਾ ਹੈ, ਇਸ ਦੇ ਉਲਟ ਜੇਕਰ ਜੋਖਮ ਘੱਟਦਾ ਹੈ ਤਾਂ ਲਾਭ ਵੀ ਘੱਟ ਹੋ ਜਾਂਦਾ ਹੈ। ਪ੍ਰੋ: ਹਾਲੇ ਦੇ ਅਨੁਸਾਰ ਉੱਦਮੀਆਂ ਨੂੰ ਚਾਰ ਤਰ੍ਹਾਂ ਦੇ ਜੋਖਮ ਉਠਾਉਣੇ ਪੈਂਦੇ ਹਨ :

(1) ਪ੍ਰਤੀਸਥਾਪਨ ਦਾ ਜੋਖਮ (Replacement Risk)
(2) ਖ਼ਾਸ ਜੋਖਮ (Risk Proper)
(3) ਅਨਿਸ਼ਚਿਤਤਾ (Uncertainty)
(4) ਪੁਰਾਣਾ ਪੈ ਜਾਣਾ (Obsolescence)

ਪ੍ਰਤੀਸਥਾਪਨ ਨੂੰ ਘਿਸਾਵਟ ਵੀ ਕਿਹਾ ਜਾਂਦਾ ਹੈ। ਇਹ ਆਮ ਤੌਰ ਤੇ ਸਾਰੇ ਉੱਦਮੀਆਂ ਨੇ ਪਹਿਲਾਂ ਹੀ ਅੰਦਾਜਾ ਲਗਾ ਕੇ ਵੱਖਰਾ ਅਕਾਊਂਟ ਬਣਾ ਕੇ ਲਾਗਤ ਵਿਚ ਸ਼ਾਮਲ ਕੀਤਾ ਹੁੰਦਾ ਹੈ। ਕਿਸੇ ਮਸ਼ੀਨ ਦੇ ਪੁਰਾਣੇ ਪੈ ਜਾਣ ਦਾ ਅਨੁਮਾਨ ਨਹੀਂ ਲਗਾਇਆ ਜਾ ਸਕਦਾ, ਕਿਉਂਕਿ ਜਦੋਂ ਵੀ ਕੋਈ ਨਵੀਂ ਤਕਨੀਕ ਆਵੇਗੀ, ਪਹਿਲੀਆਂ ਮਸ਼ੀਨਾਂ ਬੇਕਾਰ ਹੋ ਜਾਣਗੀਆਂ ਅਤੇ ਉੱਦਮੀ ਨੂੰ ਨੁਕਸਾਨ ਉਠਾਉਣਾ ਪੈ ਸਕਦਾ ਹੈ। ਮੁੱਖ ਜੋਖਮ ਦੀ ਗੱਲ ਪਹਿਲਾਂ ਵੀ ਉੱਪਰ ਕਰ ਚੁੱਕੇ ਹਾਂ ਕਿਉਂਕਿ ਵਸਤੂ ਨੂੰ ਉਤਪੰਨ ਕਰਨ ਅਤੇ ਉਸ ਨੂੰ ਵੇਚਣ ਦੇ ਸਮੇਂ ਵਿਚ ਜੋ ਅੰਤਰ ਹੁੰਦਾ ਹੈ, ਉਸ ਵਿਚ ਕਈ ਤਰ੍ਹਾਂ ਦੀਆਂ ਅਨਿਸ਼ਚਿਤਤਾਵਾਂ ਆ ਜਾਂਦੀਆਂ ਹਨ, ਲਾਗਤ ਵਿਚ ਮੁੱਖ ਜੋਖਮ ਅਤੇ ਅਨਿਸ਼ਚਿਤਤਾ ਦਾ ਕੋਈ ਹਿੱਸਾ ਸ਼ਾਮਿਲ ਨਹੀਂ ਹੁੰਦਾ। ਇਹ ਚਾਰ ਤਰ੍ਹਾਂ ਦੇ ਜੋਖਮ ਉੱਦਮੀ ਨੂੰ ਸਹਿਣ ਕਰਨੇ ਪੈਂਦੇ ਹਨ। ਕੋਈ ਉੱਦਮੀ ਤਾਂ ਹੀ ਜੋਖਮ ਸਹੇਗਾ, ਜੇਕਰ ਉਸ ਨੂੰ ਇਨ੍ਹਾਂ ਦੇ ਬਦਲੇ ਕੋਈ ਪੁਰਸਕਾਰ (ਲਾਭ) ਮਿਲੇਗਾ।

ਆਲੋਚਨਾਵਾਂ :

ਲਾਭ ਦੇ ਜੋਖਮ ਸਿਧਾਂਤ ਵਿਚ ਵੀ ਕਈ ਦੋਸ਼ ਹਨ, ਜਿਹੜੇ ਹੇਠ ਲਿਖੇ ਹਨ :

1. ਪ੍ਰੋ: ਕਾਰਵਰ ਦੇ ਅਨੁਸਾਰ ਲਾਭ ਇਸ ਲਈ ਪੈਦਾ ਨਹੀਂ ਹੁੰਦਾ ਕਿ ਉੱਦਮੀ ਜੋਖਮ ਉਠਾਉਂਦੇ ਹਨ, ਸਗੋਂ ਇਸ ਲਈ ਪੈਦਾ ਹੁੰਦਾ ਹੈ ਕਿ ਯੋਗ ਉੱਦਮੀ ਜੋਖਮ ਨੂੰ ਘੱਟ ਕਰਨ ਦੀ ਕਾਬਲੀਅਤ ਰੱਖਦੇ ਹਨ।
2. ਲਾਭ ਅਤੇ ਜੋਖਮ ਵਿਚ ਕੋਈ ਅਨੁਪਾਤਕ ਸੰਬੰਧ ਨਹੀਂ ਹੈ।
3. ਪ੍ਰੋ: ਨਾਈਟ ਦੇ ਅਨੁਸਾਰ ਹਰੇਕ ਤਰ੍ਹਾਂ ਦੇ ਜੋਖਮ ਦਾ ਪੁਰਸਕਾਰ ਲਾਭ ਨਹੀਂ ਹੁੰਦਾ, ਸਿਰਫ਼ ਉਹ ਜੋਖਮ ਜਿਨ੍ਹਾਂ ਨੂੰ ਵੇਖਿਆ ਜਾਂ ਜਾਣਿਆ ਨਹੀਂ ਜਾ ਸਕਦਾ ਅਤੇ ਜਿਨ੍ਹਾਂ ਦਾ ਬੀਮਾ ਨਹੀਂ ਕਰਵਾਇਆ ਜਾ ਸਕਦਾ ਭਾਵ ਮੰਗ ਅਤੇ ਲਾਗਤ ਦੀਆਂ ਦਿਸ਼ਾਵਾਂ ਨਾਲ ਸੰਬੰਧਿਤ ਜੋਖਮ ਕਾਰਨ ਲਾਭ ਪੈਦਾ ਹੁੰਦਾ ਹੈ। ਕਈ ਇਹੋ ਜਿਹੇ ਜੋਖਮ ਹੁੰਦੇ ਹਨ, ਜਿਵੇਂ ਅੱਗ, ਚੋਰੀ ਆਦਿ ਇਨ੍ਹਾਂ ਲਈ ਤਾਂ ਬੀਮਾ ਕਰਵਾ ਕੇ ਜੋਖਮ ਘਟਾਇਆ ਜਾਂ ਖਤਮ ਕੀਤਾ ਜਾ ਸਕਦਾ ਹੈ।
4. ਆਲੋਚਕਾਂ ਅਨੁਸਾਰ ਲਾਭ ਕੇਵਲ ਜੋਖਮ ਉਠਾਉਣ ਲਈ ਨਹੀਂ ਸਗੋਂ ਨਵ-ਪ੍ਰਵਰਤਨ ਕਰਕੇ ਚੰਗਾ ਜਾਂ ਕੁਸ਼ਲ ਪ੍ਰਬੰਧ ਕਰਕੇ ਵੀ ਲਾਭ ਪੈਦਾ ਕੀਤਾ ਜਾ ਸਕਦਾ ਹੈ।

2.6.6.7 ਲਾਭ ਦਾ ਅਨਿਸ਼ਚਿਤਤਾ ਸਿਧਾਂਤ (Uncertainty Theory of Profit)

ਪ੍ਰੋ: ਕੇ. ਐਫ. ਨਾਈਟ ਦੇ ਅਨੁਸਾਰ ਉੱਦਮੀ ਦਾ ਮਹੱਤਵਪੂਰਨ ਕੰਮ ਅਨਿਸ਼ਚਿਤਤਾਵਾਂ ਨੂੰ ਸਹਿਣ ਕਰਨਾ ਹੈ ਨਾ ਕਿ ਜੋਖਮ ਨੂੰ ਉਠਾਉਣਾ। ਅਨਿਸ਼ਚਿਤਤਾਵਾਂ ਨੂੰ ਸਹਿਣ ਕਰਨ ਦੇ ਪ੍ਰਤੀਫ਼ਲ ਨੂੰ ਵੀ ਲਾਭ ਕਿਹਾ ਜਾਂਦਾ ਹੈ। ਪ੍ਰੋ: ਨਾਈਟ ਕਹਿੰਦੇ ਹਨ ਕਿ ਜੇਕਰ ਕੋਈ ਉੱਦਮੀ ਆਪ ਪੂੰਜੀਪਤੀ ਹੈ ਜਾਂ ਆਪ ਪ੍ਰਬੰਧ ਕਰ ਰਿਹਾ ਹੈ ਤਾਂ ਉਸ ਲਈ ਜਿਹੜਾ ਉਸ ਨੂੰ ਵਿਆਜ ਜਾਂ ਵੇਤਨ ਮਿਲੇਗਾ, ਉਹ ਉਸ ਦੇ ਲਾਭ ਦਾ ਅੰਸ਼ ਨਹੀਂ ਹੈ। ਲਾਭ ਤਾਂ ਸਿਰਫ਼ ਅਨਿਸ਼ਚਿਤਤਾਵਾਂ ਨੂੰ ਸਹਿਣ ਕਰਨ ਕਰਕੇ ਹੀ ਮਿਲਦਾ ਹੈ। ਦੂਜੇ ਸ਼ਬਦਾਂ ਵਿਚ ਲਾਭ ਕਿਸੇ ਇਕ ਕਿੱਤੇ ਵਿਚ ਹੋਣ ਵਾਲਾ ਪ੍ਰਬੰਧ ਵਿਚ ਤਾਲਮੇਲ ਦਾ ਪੁਰਸਕਾਰ ਨਹੀਂ ਸਗੋਂ ਅਨਿਸ਼ਚਿਤਤਾਵਾਂ ਸਹਿਣ ਕਰਨ ਲਈ ਪੁਰਸਕਾਰ ਹੈ। ਅਨਿਸ਼ਚਿਤਤਾਵਾਂ ਜਿਹੜੀਆਂ ਕਿ ਇਕ ਉੱਦਮੀ ਨੂੰ ਸਹਿਣ ਕਰਨੀਆਂ ਪੈਂਦੀਆਂ ਹਨ, ਉਹ ਇਸ ਤਰ੍ਹਾਂ ਹਨ :

1. **ਕਿਸੇ ਖਪਤਕਾਰ ਵੱਲੋਂ ਲਈ ਵਸਤੂ ਬਾਜ਼ਾਰ ਦੀ ਅਵਸਥਾ ਵਿਚ ਅਨਿਸ਼ਚਿਤਤਾ** :ਉੱਦਮੀ ਵਰਤਮਾਨ ਮੰਗ ਦੇ ਅਨੁਸਾਰ ਉਤਪਾਦਨ ਕਰਦਾ ਹੈ, ਜੇਕਰ ਉੱਦਮੀ ਦਾ ਉਤਪਾਦਨ ਤਿਆਰ ਹੈ ਅਤੇ ਬਾਜ਼ਾਰ ਵਿਚ ਮੰਗ ਘੱਟ ਜਾਵੇ (ਮੰਗ ਖਪਤਕਾਰਾਂ ਦੇ ਰੁਚੀ ਪਰਿਵਰਤਨ ਜਾਂ ਆਮਦਨ ਵਿਤਰਨ ਕਾਰਨ ਘੱਟ ਸਕਦੀ ਹੈ) ਤਾਂ ਫ਼ਰਮ ਦੀ ਆਮਦਨ ਵੀ ਘੱਟ ਜਾਵੇਗੀ। ਬਾਜ਼ਾਰ ਦੀ ਅਵਸਥਾ ਕਾਰਨ ਉੱਦਮੀ ਨੂੰ ਅਨਿਸ਼ਚਿਤਤਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ।
2. **ਮਸ਼ੀਨਾਂ ਅਤੇ ਹੋਰ ਉਪਕਰਣਾਂ ਵਿਚ ਤਕਨੀਕੀ ਪਰਿਵਰਤਨਾਂ ਕਾਰਨ ਆਈ ਅਨਿਸ਼ਚਿਤਤਾ** : ਜਦੋਂ ਤਕਨੀਕੀ ਪਰਿਵਰਤਨ ਆਉਂਦੇ ਹਨ ਤਾਂ ਮਸ਼ੀਨਾਂ ਤੇ ਹੋਰ ਉਪਕਰਣਾਂ ਨੂੰ ਵੀ ਨਵੀਂ ਤਕਨੀਕ ਅਨੁਸਾਰ ਹੀ ਖਰੀਦਣਾ ਹੁੰਦਾ ਹੈ। ਤੇਜ਼ੀ ਨਾਲ ਹੋਣ ਵਾਲੀਆਂ ਉਦਯੋਗਿਕ ਖੋਜਾਂ ਦੇ ਕਾਰਨ ਉੱਦਮੀ ਦੇ ਅਨਿਸ਼ਚਿਤਤਾ ਜੋਖਮ ਵੀ ਤੇਜ਼ੀ ਨਾਲ ਵੱਧ ਰਹੇ ਹਨ।
3. **ਮੁਕਾਬਲੇ ਸੰਬੰਧੀ ਅਨਿਸ਼ਚਿਤਤਾ** : ਜਦੋਂ ਬਾਜ਼ਾਰ ਵਿਚ ਨਵੀਆਂ ਫ਼ਰਮਾਂ ਆਉਂਦੀਆਂ ਹਨ, ਤਾਂ ਪੁਰਾਣੀਆਂ ਫ਼ਰਮਾਂ ਲਈ ਬਾਜ਼ਾਰ ਸਥਿਤੀਆਂ ਹੋਰ ਅਨਿਸ਼ਚਿਤ ਹੋ ਜਾਂਦੀਆਂ ਹਨ ਕਿਉਂਕਿ ਪੁਰਾਣੀ ਫ਼ਰਮਾਂ ਦੀ ਵਿਕਰੀ ਵੀ ਘੱਟ ਸਕਦੀ ਹੈ। ਸਿੱਟੇ ਵਜੋਂ ਉਨ੍ਹਾਂ ਦੇ ਲਾਭ ਘੱਟ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।
4. **ਵਪਾਰ ਚੱਕਰਾਂ ਕਾਰਨ ਅਨਿਸ਼ਚਿਤਤਾ** : ਕਿਸੇ ਵੀ ਅਰਥ ਵਿਵਸਥਾ ਵਿਚ ਅਸੀਂ ਉਤਾਰ-ਚੜ੍ਹਾਅ ਦੇਖ ਸਕਦੇ ਹਾਂ। ਮੰਦੀ ਦੀ ਹਾਲਤ ਵਿਚ ਬਾਜ਼ਾਰ ਵਿਚ ਮੰਗ ਦੀ ਕਮੀ ਹੋ ਜਾਂਦੀ ਹੈ। ਉੱਦਮੀ ਲਈ ਵੀ ਇਸ ਦੀ ਰੋਕਥਾਮ ਔਖੀ ਹੁੰਦੀ ਹੈ ਤੇ ਹਾਨੀ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।
5. **ਸਰਕਾਰੀ ਦਖਲ ਕਾਰਨ ਅਨਿਸ਼ਚਿਤਤਾ** : ਆਰਥਿਕ ਵਿਕਾਸ ਕਰਨ ਲਈ ਸਰਕਾਰ ਕਈ ਤਰ੍ਹਾਂ ਦੀਆਂ ਨੀਤੀਆਂ ਬਣਾਉਂਦੀ ਹੈ। ਕਈ ਵਾਰ ਸਰਕਾਰ ਅਜਿਹੇ ਅਨਿਸ਼ਚਿਤ ਕਦਮ ਚੁੱਕਦੀ

ਹੈ, ਜਿਨ੍ਹਾਂ ਦਾ ਉੱਦਮੀ ਵਰਗ ਨੂੰ ਪਹਿਲਾਂ ਅੰਦਾਜ਼ਾ ਨਹੀਂ ਹੁੰਦਾ ਫਲਸਰੂਪ ਉਨ੍ਹਾਂ ਨੂੰ ਲਾਭ ਤੇ ਹਾਨੀ ਉਠਾਉਣੀ ਪੈਂਦੀ ਹੈ।

ਆਲੋਚਨਾਵਾਂ :

ਇਸ ਸਿਧਾਂਤ ਦੀਆਂ ਮੁੱਖ ਆਲੋਚਨਾਵਾਂ ਹੇਠ ਲਿਖੀਆਂ ਹਨ :

1. **ਅਨਿਸ਼ਚਿਤਤਾ ਉਤਪਾਦਨ ਦਾ ਵੱਖਰਾ ਸਾਧਨ ਨਹੀਂ ਹੈ** : ਅਨਿਸ਼ਚਿਤਤਾ ਭੂਮੀ, ਕਿਰਤ, ਪੂੰਜੀ ਵਾਂਗ ਕੋਈ ਸਾਧਨ ਨਹੀਂ ਹੈ। ਇਹ ਤਾਂ ਸਿਰਫ਼ ਇਕ ਮਨੋਵਿਗਿਆਨਕ ਧਾਰਨਾ ਹੈ।
2. **ਅਸਪੱਸ਼ਟ ਸਿਧਾਂਤ** : ਅੱਜ ਦਾ ਸਮਾਂ ਵਿਕਾਸ ਦਾ ਸਮਾਂ ਹੈ, ਇਸ ਵਿਚ ਸੰਸਾਰ ਵਿਚ ਬਹੁ ਰਾਸ਼ਟਰੀ ਨਿਗਮਾਂ ਤੇ ਉਨ੍ਹਾਂ ਦੀ ਏਕਾਧਿਕਾਰੀ ਸ਼ਕਤੀਆਂ ਦਾ ਇੰਨਾ ਬੋਲਬਾਲਾ ਹੈ ਕਿ ਉਨ੍ਹਾਂ ਨੂੰ ਲਾਭ ਕਮਾਉਣ ਵਿਚ ਨਿਸ਼ਚਿਤਤਾ ਲੈ ਆਉਂਦੀ ਹੈ। ਅੱਜਕਲ੍ਹ ਦੇ ਸਮੇਂ ਵਿਚ ਅਨਿਸ਼ਚਿਤਤਾ ਸਿਧਾਂਤ ਤਰਕਸੰਗਤ ਨਹੀਂ ਹੈ।
3. **ਇਹ ਸਿਧਾਂਤ ਸੰਯੁਕਤ ਪੂੰਜੀ ਕੰਪਨੀਆਂ ਤੇ ਲਾਗੂ ਨਹੀਂ ਹੁੰਦਾ** :ਕਿਉਂਕਿ ਅਜਿਹੀ ਕੰਪਨੀਆਂ ਵਿਚ ਲਾਭ ਦੇ ਅਧਿਕਾਰੀ ਹਿੱਸੇਦਾਰ ਹੁੰਦੇ ਹਨ, ਜਿਹੜੇ ਕਿ ਕੋਈ ਕੰਮ ਨਹੀਂ ਕਰਦੇ, ਉਤਪਾਦਨ ਪ੍ਰਕ੍ਰਿਆ ਦੇ ਲਈ ਕੋਈ ਨਿਰਣੇ ਨਹੀਂ ਲੈਂਦੇ। ਜਦੋਂ ਕਿ ਜਿਹੜੇ ਨਿਰਣਾ ਲੈਂਦੇ ਹਨ (ਪ੍ਰਬੰਧਕ) ਉਹ ਲਾਭ ਦੇ ਅਧਿਕਾਰੀ ਨਹੀਂ ਹੁੰਦੇ।
4. **ਅਵਾਸਤਵਿਕ ਮਾਨਤਾ** : ਇਹ ਮਾਨਤਾ ਅਵਾਸਤਵਿਕ ਹੈ ਕਿ ਉੱਦਮੀ ਦੀ ਪੂਰਤੀ ਸੀਮਿਤ ਹੋਣ ਕਾਰਨ ਅਨਿਸ਼ਚਿਤਤਾ ਹੈ। ਉੱਦਮੀ ਦੀ ਸੀਮਿਤ ਪੂਰਤੀ ਲਈ ਹੋਰ ਕਾਰਨ ਜਿਵੇਂ ਪੂੰਜੀ ਦੀ ਕਮੀ, ਗਿਆਨ ਦੀ ਕਮੀ ਵੀ ਉਤਨੇ ਹੀ ਮਹੱਤਵਪੂਰਨ ਤੱਤ ਹਨ।
5. **ਲਾਭ ਦੇ ਹੋਰ ਤੱਤਾਂ ਦੀ ਯੋਗਦਾਨ** :ਲਾਭ ਸਿਰਫ਼ ਅਨਿਸ਼ਚਿਤਤਾ ਸਹਿਨ ਲਈ ਪੁਰਸਕਾਰ ਨਹੀਂ ਹੈ ਸਗੋਂ ਉੱਦਮੀ ਕਿਵੇਂ ਪ੍ਰਬੰਧ ਕਰਦਾ ਹੈ, ਕਿਵੇਂ ਲਾਗਤ ਘਟਾਉਂਦਾ ਹੈ। ਉਸ ਦੀ ਕੁਸ਼ਲਤਾ ਦੇ ਲਈ ਵੀ ਪੁਰਸਕਾਰ ਹੈ।

ਸਵੈ ਅਭਿਆਸ-4

1. ਲਾਭ ਦੇ ਜੋਖਮ ਸਿਧਾਂਤ ਦਾ ਵਰਣਨ ਕਰੋ।
2. ਲਾਭ ਦੇ ਅਨਿਸ਼ਚਿਤਤਾ ਸਿਧਾਂਤ ਦਾ ਆਲੋਚਨਾਤਮਕ ਵਰਣਨ ਕਰੋ।

2.6.7 ਸਾਰਾਂਸ਼

ਇਸ ਪਾਠ ਵਿਚ ਅਸੀਂ ਦੇਖਿਆ ਕਿ ਉਤਪਾਦਨ ਦੇ ਸਾਰੇ ਸਾਧਨਾਂ ਨੂੰ ਉਨ੍ਹਾਂ ਦੀ ਸੇਵਾਵਾਂ ਲਈ ਪ੍ਰਤੀਫ਼ਲ ਮਿਲਦਾ ਹੈ। ਉੱਦਮੀ ਨੂੰ ਆਪਣੀ ਸੇਵਾਵਾਂ ਲਈ ਜੋ ਪੁਰਸਕਾਰ ਮਿਲਦਾ ਹੈ, ਉਸ ਨੂੰ ਲਾਭ ਆਖਿਆ ਜਾਂਦਾ ਹੈ। ਜਦੋਂ ਕੀਮਤ ਵਿਚੋਂ ਸਾਰੇ ਸਾਧਨਾਂ ਦਾ ਪ੍ਰਤੀਫ਼ਲ ਭਾਵ ਭੂਮੀ, ਕਿਰਤ ਅਤੇ ਪੂੰਜੀ ਦਾ ਪ੍ਰਤੀਫ਼ਲ ਵੰਡ ਦਿੱਤਾ ਜਾਂਦਾ ਹੈ, ਮਗਰੋਂ ਜੋ ਬਾਕੀ ਬਚਦਾ ਹੈ ਉਸ ਨੂੰ ਲਾਭ ਆਖਦੇ ਹਨ। ਲਾਭ ਅਸੀਂ ਵੇਖਿਆ ਕਿ ਦੋ ਤਰ੍ਹਾਂ ਦਾ ਹੈ ਕੁੱਲ ਲਾਭ ਅਤੇ ਸ਼ੁੱਧ ਜਾਂ ਆਰਥਿਕ ਲਾਭ। ਲਾਭ ਨੂੰ ਕੀਮਤ ਵਿਚ ਸ਼ਾਮਲ ਵੀ ਕੀਤਾ ਜਾਂਦਾ ਹੈ ਤੇ ਨਹੀਂ ਵੀ। ਜਦੋਂ ਸਾਧਾਰਨ ਲਾਭ ਹੁੰਦੇ ਹਨ ਉਹ ਕੀਮਤ ਵਿਚ ਸ਼ਾਮਲ ਹੁੰਦੇ ਹਨ, ਪਰ ਅਸਾਧਾਰਨ ਲਾਭ ਨਹੀਂ। ਅਸੀਂ ਇਹ ਵੀ ਦੇਖਿਆ ਕਿ ਵੱਖਰੇ-ਵੱਖਰੇ ਅਰਥ ਸ਼ਾਸਤਰੀਆਂ ਨੇ ਲਾਭ ਦੇ ਨਿਰਧਾਰਨ ਲਈ ਵੱਖਰੀਆਂ-ਵੱਖਰੀਆਂ ਗੱਲਾਂ ਨੂੰ ਮਹੱਤਵਪੂਰਨ ਮੰਨਿਆ ਹੈ। ਇਸ ਵਿਚ ਅਸੀਂ ਦੇਖਿਆ ਭਾਵੇਂ ਲਾਭ ਦੇ ਸਾਰੇ ਸਿਧਾਂਤਾਂ ਵਿਚ ਕੋਈ ਨਾ ਕੋਈ ਦੋਸ਼ ਹੈ, ਪਰ ਕਿਸੇ ਨਾ ਕਿਸੇ ਗੱਲ ਲਈ ਮਹੱਤਵਪੂਰਨ ਵੀ ਹਨ।

2.6.8 ਤਕਨੀਕੀ ਸ਼ਬਦ

1. ਕੁੱਲ ਲਾਭ – ਉੱਦਮੀ ਨੂੰ ਉਤਪਾਦਨ ਬਦਲੇ ਜਿਹੜਾ ਇਵਜ਼ਾਨਾ ਮਿਲਦਾ ਹੈ।
2. ਸ਼ੁੱਧ ਲਾਭ – ਜਦੋਂ ਕੁੱਲ ਲਾਭ ਵਿਚੋਂ ਲਾਗਤਾਂ ਘਟਾ ਦਿੱਤੀਆਂ ਜਾਂਦੀਆਂ ਹਨ।
3. ਨਵ-ਪ੍ਰਵਰਤਨ – ਨਵੀਆਂ ਕਾਢਾਂ ਦੇ ਪ੍ਰਯੋਗ ਨੂੰ ਨਵ-ਪ੍ਰਵਰਤਨ ਕਹਿੰਦੇ ਹਨ।

4. ਗਤਿਆਤਮਕ – ਪਰਿਵਰਤਨਸ਼ੀਲ ਅਵਸਥਾ
5. ਅਨਿਸ਼ਚਿਤਤਾ – ਜਦੋਂ ਕਿਸੇ ਚੀਜ਼ ਬਾਰੇ ਪੱਕੇ ਤੌਰ ਤੇ ਕੁੱਝ ਨਾ ਕਿਹਾ ਜਾ ਸਕੇ।

2.6.9 ਸੁਝਾਏ ਪ੍ਰਸ਼ਨ

1. ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਲਾਭ ਕੀ ਹੈ ?
2. ਕੁੱਲ ਲਾਭ ਅਤੇ ਸ਼ੁੱਧ ਲਾਭ ਵਿਚ ਕੀ ਅੰਤਰ ਹੈ ?
3. ਕੀ ਲਾਭ ਨੂੰ ਕੀਮਤ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ?
4. ਨਵ-ਪ੍ਰਵਰਤਨ ਕੀ ਹੈ ?
5. ਲਾਭ ਦੇ ਗਤੀਆਤਮਕ ਸਿਧਾਂਤ ਤੇ ਟਿੱਪਣੀ ਲਿਖੋ।

2. ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. ਲਾਭ ਦੇ ਜੋਖਮ ਸਿਧਾਂਤ ਦਾ ਵਰਣਨ ਕਰੋ।
2. ਲਾਭ ਦੇ ਅਨਿਸ਼ਚਿਤਤਾ ਸਿਧਾਂਤ ਦੀ ਆਲੋਚਨਾ ਕਰੋ।
3. ਲਾਭ ਦੀ ਪ੍ਰਕ੍ਰਿਤੀ ਦਾ ਵਰਣਨ ਕਰੋ। ਕੀ ਲਾਭ ਕੀਮਤ ਵਿਚ ਸ਼ਾਮਲ ਹੁੰਦਾ ਹੈ ?

2.6.10 ਸਹਾਇਕ ਪੁਸਤਕਾਂ

1.	H. L. Ahuja	:	Principles of Micro-Economics
2.	S. R. Myneni	:	Principles of Economics
3.	P. N. Chopra	:	Micro-Economic Theory and Welfare Economics
4.	Joginder Singh, P. N. Chopra & P. S. Grewal	:	Price Theory & Distribution (Punjabi Edition)

ਇਹ ਪਾਠ ਡੈਕ ਵੱਲੋਂ ਪ੍ਰਾਪਤ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।

Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.